Space for Available for Advertising

WWW.PREETNEWS.COM
WWW.PREETNAMA.COM

preetnamausa@gmail.com

ਨਿਊਯਾਰਕ

# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ

ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 337, 16 ਜਨਵਰੀ ਤੋਂ 22 ਜਨਵਰੀ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਅਮਰੀਕਾ ਨੇ ਕਿਹੜੇ 75 ਦੇਸ਼ਾਂ ਦੇ ਲੋਕਾਂ ਨੂੰ ਇਮੀਗ੍ਰੈਂਟ ਵੀਜ਼ਾ ਦੇਣ ਉੱਤੇ ਲਾਈ ਰੋਕ, ਜਾਣੋ ਇਮੀਗ੍ਰੈਂਟ ਅਤੇ ਨੌਨ-ਇਮੀਗ੍ਰੈਂਟ ਵੀਜ਼ਾ 'ਚ ਕੀ ਅੰਤਰ ਹੈ

ਅਮਰੀਕਾ ਨੇ ਦੁਨੀਆਂ ਦੇ 75 ਦੇਸ਼ਾਂ ਦੇ ਨਾਗਰਿਕਾਂ ਨੂੰ 'ਇਮੀਗ੍ਰੈਂਟ ਵੀਜ਼ਾ' ਦੇਣ ਉੱਤੇ ਰੋਕ ਲਗਾਉਣ ਦਾ ਫੈਸਲਾ ਲਿਆ ਹੈ। ਇਹ ਫੈਸਲਾ 21 ਜਨਵਰੀ ਤੋਂ ਲਾਗੂ ਹੋ ਜਾਵੇਗਾ। ਇਸ ਦੀ ਜਾਣਕਾਰੀ ਯੂਐੱਸ ਸਟੇਟ ਡਿਪਾਰਟਮੈਂਟ ਨੇ ਆਪਣੇ ਐਕਸ ਹੈਂਡਲ ਉੱਤੇ ਦਿੱਤੀ ਹੈ। ਡਿਪਾਰਟਮੈਂਟ ਆਫ਼ ਸਟੇਟ ਨੇ ਆਪਣੇ ਐਕਸ ਹੈਂਡਲ ਉੱਤੇ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਸਟੇਟ ਡਿਪਾਰਟਮੈਂਟ ਉਨ੍ਹਾਂ ਦੇਸ਼ਾਂ ਦੇ ਨਾਗਰਿਕਾਂ ਨੂੰ ਇਮੀਗ੍ਰੈਂਟ ਵੀਜ਼ਾ ਦੇਣ ਉੱਤੇ ਰੋਕ ਲਗਾ ਰਿਹਾ ਹੈ ਜੋ ਅਮਰੀਕਾ ਨਾਗਰਿਕਾਂ ਦੇ ਹੱਕ ਲੈ ਰਹੇ ਹਨ। ਇਹ ਫ ?ਰੀਜ਼ ਉਦੋਂ ਤੱਕ ਰਹੇਗਾ ਜਦੋਂ ਤੱਕ ਅਮਰੀਕਾ ਇਹ ਯਕੀਨੀ ਨਹੀਂ ਬਣਾ ਲੈਂਦਾ ਕਿ ਨਵੇਂ ਪਰਵਾਸੀ ਅਮਰੀਕੀ ਲੋਕਾਂ ਦੀਆਂ ਜਾਇਦਾਦਾਂ ਲਈ ਵਾਧੂ ਬੋਝ ਨਹੀਂ ਹਨ। ਹਾਲ ਹੀ ਦੇ ਦਿਨਾਂ ਵਿੱਚ ਅਮਰੀਕਾ ਵੱਲੋਂ ਲਗਾਈਆਂ ਜਾ ਰਹੀਆਂ ਵੀਜ਼ਾ ਪਾਬੰਦੀਆਂ ਨੂੰ ਲੈ ਕੇ ਇਹ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਬੁੱਧਵਾਰ ਨੂੰ ਕਿਹਾ ਕਿ ਸਰਕਾਰ ਇਸ ਵਿਵਸਥਾ ਦੀ ਦੁਰਵਰਤੋਂ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਇੱਥੇ ਇਹ ਧਿਆਨ ਦੇਣਾ ਜ਼ਰੂਰੀ ਹੈ ਕਿ ਇਹ ਪਾਬੰਦੀ ਇਮੀਗ੍ਰੈਂਟ ਵੀਜ਼ਾ ਲਈ ਲਗਾਈ ਗਈ ਹੈ ਅਤੇ ਨੌਨ-ਇਮੀਗ੍ਰੈਂਟ ਵੀਜ਼ਾ ਲਈ ਹਾਲੇ ਵੀ ਅਪਲਾਈ ਕੀਤਾ ਜਾ ਸਕਦਾ ਹੈ।



**ਇਮੀਗ੍ਰੈਂਟ ਵੀਜ਼ਾ ਅਤੇ ਨੌਨ ਇਮੀਗ੍ਰੈਂਟ ਵੀਜ਼ਾ ਵਿੱਚ ਕੀ ਅੰਤਰ ਹੈ**

ਯੂਐੱਸ ਵੀਜ਼ਾ ਦੀਆਂ ਦੋ ਕੈਟੇਗਰੀ ਹਨ -
ਇਮੀਗ੍ਰੈਂਟ ਵੀਜ਼ਾ
ਨੌਨ-ਇਮੀਗ੍ਰੈਂਟ ਵੀਜ਼ਾ

ਇਮੀਗ੍ਰੈਂਟ ਵੀਜ਼ਾ ਉਹ ਵੀਜ਼ਾ ਹੁੰਦਾ ਹੈ ਜੋ ਉਨ੍ਹਾਂ ਵਿਦੇਸ਼ੀਆਂ ਨੂੰ ਦਿੱਤਾ ਜਾਂਦਾ ਹੈ ਜੋ ਅਮਰੀਕਾ ਵਿੱਚ ਸਥਾਈ ਤੌਰ ਉੱਤੇ ਰਹਿਣਾ ਚਾਹੁੰਦਾ ਹੈ ਜਦਕਿ ਨੌਨ-ਇਮੀਗ੍ਰੈਂਟ ਵੀਜ਼ਾ ਉਹ ਵੀਜ਼ਾ ਹੁੰਦਾ ਹੈ ਜੋ ਉਨ੍ਹਾਂ ਵਿਦੇਸ਼ੀਆਂ ਨੂੰ ਦਿੱਤਾ ਜਾਂਦਾ ਹੈ ਜੋ ਆਰਜ਼ੀ ਤੌਰ ਉੱਤੇ ਅਮਰੀਕਾ ਆਉਣਾ ਚਾਹੁੰਦੇ ਹਨ ਜਿਵੇਂ ਕਿ ਟੂਰਿਜ਼ਮ, ਮੈਡੀਕਲ ਟ ?ਰੀਟਮੈਂਟ, ਬਿਜ਼ਨੇਸ, ਆਰਜ਼ੀ ਕੰਮ, ਸਟੱਡੀ ਜਾਂ ਅਜਿਹੇ ਕੁਝ ਹੋਰ ਮਾਮਲੇ। ਯੂਐੱਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਦੀ ਵੈੱਬਸਾਈਟ ਉੱਤੇ ਇਸ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਹੈ।

ਇਮੀਗ੍ਰੈਂਟ ਵੀਜ਼ਾ

ਇਮੀਗ੍ਰੈਂਟ ਵੀਜ਼ਾ ਉਸ ਵਿਦੇਸ਼ੀ ਨਾਗਰਿਕ ਨੂੰ ਜਾਰੀ ਕੀਤਾ ਜਾਂਦਾ ਹੈ ਜੋ ਸੰਯੁਕਤ ਰਾਜ ਅਮਰੀਕਾ ਵਿੱਚ ਸਥਾਈ ਤੌਰ ਉੱਤੇ ਰਹਿਣਾ ਅਤੇ ਕੰਮ ਕਰਨਾ ਚਾਹੁੰਦੇ ਹਨ। ਜ਼ਿਆਦਾਤਰ ਮਾਮਲਿਆਂ ਵਿੱਚ ਕੋਈ ਰਿਸ਼ਤੇਦਾਰ ਜਾਂ ਇੰਪਲੋਇਰ, ਯੂਐੱਸ ਸਿਟੀਜ਼ਨਸ਼ਿੱਪ ਐਂਡ ਇਮੀਗ੍ਰੈਂਟ ਸਰਵਸਿਸ (USCIS) ਨੂੰ ਅਰਜ਼ੀ ਦੇ ਕੇ ਕਿਸੇ ਵਿਅਕਤੀ ਨੂੰ ਸਪਾਂਸਰ ਕਰਦਾ ਹੈ। ਕੁਝ ਅਰਜ਼ੀਕਰਤਾ, ਜਿਵੇਂ ਕਿ ਵਿਸ਼ੇਸ਼ ਯੋਗਤਾ ਵਾਲੇ ਕਰਮਚਾਰੀ, ਨਿਵੇਸ਼ਕ ਅਤੇ ਕੁਝ ਖ਼ਾਸ ਸ਼੍ਰੇਣੀ ਦੇ ਇਮੀਗ੍ਰੈਂਟ, ਆਪਣੀ ਤਰਫੋਂ ਖ਼ੁਦ ਵੀ ਅਰਜ਼ੀ ਦੇ ਸਕਦੇ ਹਨ। ਬਾਅਦ ਵਿੱਚ ਇਹ ਅਰਜ਼ੀ ਸੰਬੰਧਿਤ ਅਮਰੀਕੀ ਕੌਂਸਲੇਟ ਜਾਂ ਦੂਤਾਵਾਸ ਨੂੰ ਭੇਜੀ ਜਾਂਦੀ ਹੈ, ਜਿੱਥੇ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਹੋਣ ਦੀ ਸਥਿਤੀ ਵਿੱਚ ਇਮੀਗ੍ਰੈਂਟ ਵੀਜ਼ਾ ਜਾਰੀ ਕਰਨ ਦੀ ਕਾਰਵਾਈ ਕੀਤੀ ਜਾਂਦੀ ਹੈ। ਇਮੀਗ੍ਰੈਂਟ ਵੀਜ਼ਾ ਜਾਰੀ ਹੋਣ ਤੋਂ ਬਾਅਦ ਉਸ ਵਿਅਕਤੀ ਨੂੰ ਵੀਜ਼ਾ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਅਮਰੀਕਾ ਦੇ 'ਪੋਰਟ ਆਫ ਐਂਟਰੀ' 'ਤੇ ਇਹ ਵੀਜ਼ਾ ਪੇਸ਼ ਕਰਨਾ ਲਾਜ਼ਮੀ ਹੁੰਦਾ ਹੈ।

ਜਦੋਂ ਸੀਬੀਪੀ ਅਧਿਕਾਰੀ ਵੱਲੋਂ ਇਮੀਗ੍ਰੈਂਟ ਵੀਜ਼ਾ ਅਤੇ ਨਾਲ ਲੱਗੇ ਦਸਤਾਵੇਜ਼ਾਂ ਦੀ ਜਾਂਚ ਕਰਨ ਤੋਂ ਬਾਅਦ ਮਨਜ਼ੂਰੀ ਦੇ ਦਿੱਤੀ ਜਾਂਦੀ ਹੈ, ਤਾਂ ਉਹ ਵਿਅਕਤੀ ਕਾਨੂੰਨੀ ਤੌਰ ਉੱਤੇ ਸਥਾਈ ਨਿਵਾਸੀ ਬਣ ਜਾਂਦਾ ਹੈ। ਇਮੀਗ੍ਰੈਂਟ ਵੀਜ਼ਾ ਦੀਆਂ ਸ਼੍ਰੇਣੀਆਂ ਅਤੇ ਸ਼ਰਤਾਂ ਬਾਰੇ ਵਿਸ਼ੇਸ਼ ਜਾਣਕਾਰੀ ਲਈ ਯੂਐਸਸੀਆਈਐਸ ਜਾਂ ਅਮਰੀਕੀ ਵਿਦੇਸ਼ ਮੰਤਰਾਲੇ ਦੀ ਵੈਬਸਾਈਟ ਉੱਤੇ ਮੌਜੂਦ ਹੈ।

**ਨੌਨ-ਇਮੀਗ੍ਰੈਂਟ ਵੀਜ਼ਾ**

ਨੌਨ ਇਮੀਗ੍ਰੈਂਟ ਵੀਜ਼ਾ ਉਹਨਾਂ ਵਿਦੇਸ਼ੀ ਨਾਗਰਿਕਾਂ ਨੂੰ ਜਾਰੀ ਕੀਤਾ ਜਾਂਦਾ ਹੈ ਜੋ ਟਰੈਵਲ, ਕਾਰੋਬਾਰ, ਮੈਡੀਕਲ ਟ ?ਰੀਟਮੈਂਟ ਜਾਂ ਕੁਝ ਹੋਰ ਕਿਸਮ ਦੇ ਆਰਜ਼ੀ ਕੰਮ ਲਈ ਅਸਥਾਈ ਤੌਰ ਤੇ ਅਮਰੀਕਾ ਆਉਣਾ ਚਾਹੁੰਦੇ ਹਨ। ਤੁਹਾਡੇ ਲਈ ਕਿਹੜਾ ਨੌਨ-ਇਮੀਗ੍ਰੈਂਟ ਵੀਜ਼ਾ ਲੋੜੀਂਦਾ ਹੈ, ਇਹ ਇਮੀਗ੍ਰੇਸ਼ਨ ਕਾਨੂੰਨ ਤੈਅ ਕਰਦਾ ਹੈ ਅਤੇ ਯਾਤਰਾ ਦੇ ਮਕਸਦ ਦੇ ਮੁਤਾਬਕ ਜਾਰੀ ਹੁੰਦਾ ਹੈ।

ਆਮ ਤੌਰ ਤੇ ਟੂਰਿਸਟ ਵੀਜ਼ਾ (ਬੀ-ਟੂ) ਜਾਂ ਬਿਜ਼ਨੈਸ ਨੌਨ-ਇਮੀਗ੍ਰੈਂਟ ਵੀਜ਼ਾ (ਬੀ-ਵਨ) ਲਈ ਅਰਜ਼ੀਕਰਤਾ ਵਿਦੇਸ਼ ਵਿੱਚ ਸਥਿਤ ਅਮਰੀਕੀ ਕੌਂਸਲੇਟ ਜਾਂ ਦੂਤਾਵਾਸ ਵਿੱਚ ਸਿੱਧੀ ਅਰਜ਼ੀ ਦਿੰਦਾ ਹੈ।

ਹਾਲਾਂਕਿ, ਪੜ੍ਹਾਈ ਜਾਂ ਕੰਮ ਲਈ ਅਮਰੀਕਾ ਆਉਣ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਨੌਨ-ਇਮੀਗ੍ਰੈਂਟ ਵੀਜ਼ਾ ਲਈ ਅਰਜ਼ੀ ਦੇਣ ਤੋਂ ਪਹਿਲਾਂ ਕੁਝ ਖ਼ਾਸ ਮਨਜ਼ੂਰੀਆਂ ਅਤੇ ਦਸਤਾਵੇਜ਼ਾਂ ਦੀ ਲੋੜ ਹੋ ਸਕਦੀ ਹੈ। ਨੌਨ-ਇਮੀਗ੍ਰੈਂਟ ਵੀਜ਼ਾ ਦੀਆਂ ਸਾਰੀਆਂ ਸ਼੍ਰੇਣੀਆਂ ਅਤੇ ਉਨ੍ਹਾਂ ਦੀਆਂ ਖ਼ਾਸ ਸ਼ਰਤਾਂ ਦੀ ਜਾਣਕਾਰੀ ਲਈ ਯੂਐਸਸੀਆਈਐਸ ਜਾਂ ਅਮਰੀਕੀ ਵਿਦੇਸ਼ ਮੰਤਰਾਲੇ ਦੀ ਵੈਬਸਾਈਟ ਵੇਖੀ ਜਾ ਸਕਦੀ ਹੈ।

ਹਾਲਾਂਕਿ ਵੀਜ਼ਾ ਜਾਰੀ ਹੋ ਜਾਣਾ ਹੀ ਅਮਰੀਕਾ ਵਿੱਚ ਦਾਖਲੇ ਦੀ ਗਾਰੰਟੀ ਨਹੀਂ ਹੁੰਦਾ। ਵੀਜ਼ਾ ਸਿਰਫ਼ ਇਹ ਦਰਸਾਉਂਦਾ ਹੈ ਕਿ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਦੇ ਅਧਿਕਾਰੀ ਨੇ ਅਰਜ਼ੀ ਦੀ ਜਾਂਚ ਕਰ ਲਈ ਹੈ ਅਤੇ ਇਹ ਨਿਰਣਾ ਲਿਆ ਹੈ ਕਿ ਉਹ ਵਿਅਕਤੀ ਕਿਸੇ ਨਿਰਧਾਰਤ ਮਕਸਦ ਲਈ ਦੇਸ਼ ਵਿੱਚ ਦਾਖਲ ਹੋਣ ਯੋਗ ਹੈ।



ਅਮਰੀਕਾ ਦੇ ਪੋਰਟ ਆਫ ਐਂਟਰੀ ਤੇ ਸੀਬੀਪੀ ਅਧਿਕਾਰੀ ਜਾਂਚ ਕਰਦਾ ਹੈ ਕਿ ਕੀ ਉਹ ਵਿਅਕਤੀ ਅਮਰੀਕੀ ਇਮੀਗ੍ਰੇਸ਼ਨ ਕਾਨੂੰਨ ਅਧੀਨ ਦਾਖਲੇ ਲਈ ਯੋਗ ਹੈ ਜਾਂ ਨਹੀਂ।

**ਕੀ ਇਸ ਲਿਸਟ ਵਿੱਚ ਭਾਰਤ ਵੀ ਸ਼ਾਮਲ ਹੈ**

ਅਮਰੀਕਾ ਦੇ ਜਿਨ੍ਹਾਂ 75 ਦੇਸ਼ਾਂ ਲਈ ਇਮੀਗ੍ਰੇਸ਼ਨ ਵੀਜ਼ਾ ਪ੍ਰਕਿਰਿਆ ਮੁਅੱਤਲ ਕੀਤੀ ਹੈ। ਉਨ੍ਹਾਂ ਵਿੱਚ ਪਾਕਿਸਤਾਨ ਅਫਗਾਨਿਸਤਾਨ, ਅਜ਼ਰਬਾਈਜਾਨ, ਬੰਗਲਾਦੇਸ਼, ਭੂਟਾਨ, ਬ੍ਰਾਜ਼ੀਲ, ਮਿਆਂਮਾਰ, ਨੇਪਾਲ, ਨਾਈਜੀਰੀਆ, ਉਜ਼ਬੇਕਿਸਤਾਨ ਅਤੇ ਯਮਨ ਵੀ ਸ਼ਾਮਲ ਹੈ। ਇਸ ਲਿਸਟ ਵਿੱਚ ਭਾਰਤ ਦਾ ਨਾਮ ਨਹੀਂ ਹੈ ਪਰ ਪਾਕਿਸਤਾਨ ਦਾ ਨਾਮ ਹੋਣ ਨੇ ਕਈ ਸਵਾਲ ਖੜ੍ਹੇ ਕੀਤੇ ਹਨ।

## ਅਮਰੀਕਾ ਦਾ ਇਸ ਫੈਸਲੇ ਬਾਰੇ ਕੀ ਕਹਿਣਾ ਹੈ

ਅਮਰੀਕੀ ਵਿਦੇਸ਼ ਮੰਤਰਾਲੇ ਦੇ ਪ੍ਰਮੁੱਖ ਉੱਪ-ਬੁਲਾਰੇ ਟੌਮੀ ਪਿਗੌਟ ਨੇ ਕਿਹਾ, ÷ਵਿਦੇਸ਼ ਮੰਤਰਾਲੇ ਆਪਣੇ ਅਧਿਕਾਰ ਦੀ ਵਰਤੋਂ ਉਨ੍ਹਾਂ ਸੰਭਾਵੀ ਪ੍ਰਵਾਸੀਆਂ ਨੂੰ ਅਯੋਗ ਠਹਿਰਾਉਣ ਲਈ ਕਰੇਗਾ ਜੋ ਸੰਯੁਕਤ ਰਾਜ ਅਮਰੀਕਾ ਲਈ ਬੋਝ ਬਣ ਸਕਦੇ ਹਨ ਅਤੇ ਅਮਰੀਕੀ ਜਨਤਾ ਦੀ ਉਦਾਰਤਾ ਦਾ ਸ਼ੋਸ਼ਣ ਕਰ ਸਕਦੇ ਹਨ। ਇਸ ਸੂਚੀ ਵਿੱਚ ਸ਼ਾਮਲ ਦੱਖਣੀ ਏਸ਼ੀਆਈ ਦੇਸ਼ਾਂ ਵਿੱਚੋਂ ਪਾਕਿਸਤਾਨ ਵੀ ਸ਼ਾਮਲ ਹੈ। ਹਾਲ ਹੀ ਵਿੱਚ, ਅਮਰੀਕਾ ਅਤੇ ਪਾਕਿਸਤਾਨ ਦੇ ਸਬੰਧਾਂ ਵਿੱਚ ਕਾਫ਼ੀ ਸੁਧਾਰ ਹੋਇਆ ਸੀ। ਪਾਕਿਸਤਾਨ ਨੇ ਨੋਬਲ ਸ਼ਾਂਤੀ ਪੁਰਸਕਾਰ ਲਈ ਟਰੰਪ ਦੀ ਸਿਫਾਰਸ਼ ਵੀ ਕੀਤੀ। ਪਾਕਿਸਤਾਨ ਦੇ ਫੌਜ ਮੁਖੀ, ਜਨਰਲ ਅਸੀਮ ਮੁਨੀਰ, ਅਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਅਮਰੀਕਾ ਦਾ ਦੌਰਾ ਕੀਤਾ ਅਤੇ ਰਾਸ਼ਟਰਪਤੀ ਟਰੰਪ ਨਾਲ ਮੁਲਾਕਾਤ ਕੀਤੀ।

ਟਰੰਪ ਨੇ ਵ ?ਹਾਈਟ ਹਾਊਸ ਵਿੱਚ ਜਨਰਲ ਮੁਨੀਰ ਦਾ ਸਵਾਗਤ ਕੀਤਾ। ਟਰੰਪ ਨੇ ਪਾਕਿਸਤਾਨ ਵਿੱਚ ਨਿਵੇਸ਼ ਕਰਨ ਬਾਰੇ ਵੀ ਗੱਲ ਕੀਤੀ। ਪਾਕਿਸਤਾਨੀ ਨਾਗਰਿਕਾਂ 'ਤੇ ਵੀਜ਼ਾ ਪਾਬੰਦੀ ਅਮਰੀਕਾ ਵਿੱਚ ਹਜ਼ਾਰਾਂ ਪਾਕਿਸਤਾਨੀਆਂ ਦੀ ਯਾਤਰਾ, ਅਧਿਐਨ ਅਤੇ ਕੰਮ ਦੀਆਂ ਯੋਜਨਾਵਾਂ ਵਿੱਚ ਵਿਘਨ ਪਾ ਸਕਦੀ ਹੈ। ਪਾਕਿਸਤਾਨੀ ਵੱਡੀ ਗਿਣਤੀ ਵਿੱਚ ਅਮਰੀਕੀ ਵੀਜ਼ਾ ਲਈ ਅਰਜ਼ੀ ਦਿੰਦੇ ਹਨ। ਹਾਲਾਂਕਿ, ਇਸਲਾਮਾਬਾਦ ਨੀਤੀ ਖੋਜ ਸੰਸਥਾ ਦੇ ਕਾਰਜਕਾਰੀ ਨਿਰਦੇਸ਼ਕ ਹੁਸੈਨ ਨਦੀਮ ਦਾ ਮੰਨਣਾ ਹੈ ਕਿ ਪਾਕਿਸਤਾਨ ਇਸ ਸੂਚੀ ਵਿੱਚ ਜ਼ਿਆਦਾ ਦੇਰ ਤੱਕ ਨਹੀਂ ਰਹੇਗਾ। ਨਦੀਮ ਨੇ ✓ 'ਤੇ ਲਿਖਿਆ, ÷ਪਾਕਿਸਤਾਨ ਇਸ ਸੂਚੀ ਵਿੱਚ ਜ਼ਿਆਦਾ ਦੇਰ ਤੱਕ ਨਹੀਂ ਰਹੇਗਾ; ਇਹ ਸੰਭਾਵਨਾ ਹੈ ਕਿ ਇਸ ਫੈਸਲੇ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਇਸਨੂੰ ਉਲਟਾ ਦਿੱਤਾ ਜਾਵੇਗਾ।÷ ਪਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਟਰੰਪ ਪ੍ਰਸ਼ਾਸਨ ਨੇ ਸ਼ੁਰੂ ਵਿੱਚ ਪਾਕਿਸਤਾਨ ਨੂੰ ਵੀਜ਼ਾ ਫ ?ਰੀਜ਼ ਸੂਚੀ ਵਿੱਚ ਰੱਖਿਆ ਸੀ।

ਦੱਖਣੀ ਏਸ਼ੀਆ ਦੀ ਭੂ-ਰਾਜਨੀਤੀ 'ਤੇ ਨੇੜਿਓਂ ਨਜ਼ਰ ਰੱਖਣ ਵਾਲੇ ਇੱਕ ਵਿਸ਼ਲੇਸ਼ਕ ਮਾਈਕਲ ਕੁਗੇਲਮੈਨ ਨੇ ਇਸ ਸੂਚੀ ਵਿੱਚ ਪਾਕਿਸਤਾਨ ਦੇ ਸ਼ਾਮਲ ਹੋਣ ਬਾਰੇ ਲਿਖਿਆ, ÷ਪਾਕਿਸਤਾਨ ਉਨ੍ਹਾਂ 75 ਦੇਸ਼ਾਂ ਵਿੱਚ ਸ਼ਾਮਲ ਹੈ ਜਿਨ੍ਹਾਂ ਲਈ ਟਰੰਪ ਪ੍ਰਸ਼ਾਸਨ ਨੇ ਕਥਿਤ ਤੌਰ 'ਤੇ ਵੀਜ਼ਾ ਪ੍ਰਕਿਰਿਆ ਨੂੰ ਅਣਮਿੱਥੇ ਸਮੇਂ ਲਈ ਮੁਅੱਤਲ ਕਰ ਦਿੱਤਾ ਹੈ। ਪਾਕਿਸਤਾਨ ਅਤੇ ਅਮਰੀਕਾ ਵਿਚਕਾਰ ਸਬੰਧਾਂ ਵਿੱਚ ਹਾਲ ਹੀ ਵਿੱਚ ਆਈ ਗਰਮਾਹਟ ਨੇ ਵੀ ਇਸ ਫੈਸਲੇ ਤੋਂ ਇਸਨੂੰ ਨਹੀਂ ਬਚਾਇਆ। ਸੂਚੀ ਵਿੱਚ ਬੰਗਲਾਦੇਸ਼, ਭੂਟਾਨ ਅਤੇ ਨੇਪਾਲ ਵੀ ਸ਼ਾਮਲ ਹਨ।÷ ਇਸ ਤੋਂ ਪਹਿਲਾਂ, ਕੁਗੇਲਮੈਨ ਨੇ ✓ 'ਤੇ ਲਿਖਿਆ ਸੀ ਕਿ ਭਾਰਤ ਵਿੱਚ ਨਵੇਂ ਨਿਯੁਕਤ ਅਮਰੀਕੀ ਰਾਜਦੂਤ ਦੋਵਾਂ ਦੇਸ਼ਾਂ ਵਿਚਕਾਰ ਸਬੰਧਾਂ ਨੂੰ ਬਹਾਲ ਕਰਨ ਲਈ ਗੰਭੀਰ ਯਤਨ ਕਰ ਰਹੇ ਹਨ। ਕੁਗੇਲਮੈਨ ਨੇ ਲਿਖਿਆ, ÷ਭਾਰਤ ਵਿੱਚ ਰਾਜਦੂਤ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ, ਸਰਜੀਓ ਗੋਰ ਨੇ ਲਗਾਤਾਰ ਭਾਰਤ-ਅਮਰੀਕਾ ਸਬੰਧਾਂ ਨੂੰ ਬਹਾਲ ਕਰਨ ਦੀ ਆਪਣੀ ਇੱਛਾ ਦਾ ਸੰਕੇਤ ਦਿੱਤਾ ਹੈ। ਟਰੰਪ ਦੇ ਵ ?ਹਾਈਟ ਹਾਊਸ ਵਿੱਚ ਉਸਦੇ ਪ੍ਰਭਾਵ ਅਤੇ ਪਹੁੰਚ ਨੂੰ ਦੇਖਦੇ ਹੋਏ, ਇਹ ਸਾਂਝੇਦਾਰੀ ਲਈ ਇੱਕ ਸਕਾਰਾਤਮਕ ਸੰਕੇਤ ਹੈ। ਹਾਲਾਂਕਿ, ਦਿੱਲੀ ਵਿੱਚ ਵਿਸ਼ਵਾਸ ਅਤੇ ਸਦਭਾਵਨਾ ਮੁੜ ਪ੍ਰਾਪਤ ਕਰਨਾ ਇੱਕ ਲੰਬੀ ਅਤੇ ਮੁਸ਼ਕਲ ਪ੍ਰਕਿਰਿਆ ਹੋਵੇਗੀ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 337

Website: www.preetnama.com Email preetnamausa@gmail.com

16 JAN TO 22 JAN, 2026




# Preetnama

ਪ੍ਰੀਤਨਾਮਾ
ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 337

Website: www.preetnama.com Email preetnamausa@gmail.com

16 JAN TO 22 JAN, 2026




# Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 337
Website: www.preetnama.com Email preetnamausa@gmail.com
16 JAN TO 22 JAN, 2026


# ਨਿਊਯਾਰਕ ਵਿੱਚ ਵੱਸਦੇ ਸਾਹਿਤਕਾਰਾਂ ਵਲੋਂ 2026 ਵਿਚ ਕੀਤੀਆਂ ਜਾਣ ਵਾਲੀਆਂ ਪੰਜਾਬੀ ਸਾਹਿਤਕ ਬੈਠਕਾਂ ਅਤੇ ਪੰਜਾਬੀ ਬੋਲੀ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਕੀਤੀ ਸ਼ੁਰੂਆਤ



ਨਿਊਯਾਰਕ : ਨਿਊਯਾਰਕ ਵਿੱਚ ਵੱਸਦੇ ਸਾਹਿਤਕਾਰਾਂ ਵਲੋਂ ਇਸ ਨਵੇਂ ਚੜ੍ਹੇ ਸਾਲ ਵਿੱਚ ਕੀਤੀਆ ਜਾਣ ਵਾਲੀਆ ਪੰਜਾਬੀ ਸਾਹਿਤਕ ਬੈਠਕਾਂ ਤੇ ਪੰਜਾਬੀ ਬੋਲੀ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਹ ਪਲੇਠੀ ਬੈਠਕ ਟਰਾਈ ਸਟੇਟ ਵਿੱਚ ਚਲ ਰਹੇ ਮੀਡੀਆ ÷ਪ੍ਰੀਤ ਨਾਮਾ÷ਦੇ ਮੁੱਖੀ ਪ੍ਰਿਤਪਾਲ ਕੌਰ ਹੋਰਾਂ ਵਲੋਂ ਨਿਊ ਹਾਈਡ ਪਾਰਕ ਵਿੱਚ ਪੈਂਦੇ Minnys Bar & Grill ਰੈਸਟੋਰੈਂਟ ਵਿੱਚ ਕਰਵਾਈ ਗਈ। ਇਸ ਬੈਠਕ ਦੀ ਸ਼ੁਰੂਆਤ ਗੀਟਾ ਕੋਹਲੀ ਵਲੋਂ ਪੰਜਾਬੀ ਦੇ ਦੋ ਖੂਬਸੂਰਤ ਗੀਤਾਂ ਦੇ ਗਾਇਨ ਨਾਲ ਕੀਤੀ ਗਈ। ਦੂਸਰੇ ਦੌਰ ਵਿੱਚ ਬਲਦੇਵ ਸਿੰਘ ਗਰੇਵਾਲ ਹੋਰਾਂ ਆਪਣੀ ਲਿਖੀ ਇਕ ਖੂਬਸੂਰਤ ਕਹਾਣੀ ÷ਅਰਥ ਗੁੰਮ ਚੁੱਕੇ ਬੋਲ÷ ਜਿਸ ਵਿੱਚ ਰਿਸ਼ਤੇਦਾਰੀਆਂ ਨੂੰ ਸਾਰਥਿਕਤਾ ਨਾਲ ਨਿਭਾਉਣ ਦੀ ਗੱਲ ਕੀਤੀ ਗਈ,ਸਭਨਾਂ ਨੇ ਪਸੰਦ ਕੀਤੀ। ਇਸ ਤੋਂ ਬਾਅਦ ਗਜ਼ਲ ਤੇ ਕਵਿਤਾ ਦਾ ਦੌਰ ਲਗਾਤਾਰ ਦੋ ਘੰਟਿਆ ਤਕ ਚਲਿਆ ਜਿਸ ਦੀ ਸ਼ੁਰੂਆਤ ਉਂਕਾਰ ਸਿੰਘ ਡੁਮੇਲੀ ਹੋਰਾਂ ਦੀ ਕਵਿਤਾ ÷ਇਕ ਕੰਨ ਧਰਤੀ ਨਾਲ ਹੈ। ਦੂਜਾ ਨਾਲ ਅਸਮਾਨ ÷ਨਾਲ ਹੋਈ। ਉਸ ਤੋਂ ਬਾਅਦ ਮੋਹਨ ਸਿੰਘ ਭੰਵਰਾ ਹੋਰਾਂ ਦੀ ਕਵਿਤਾ ਰੱਬ ਨੂੰ ਦਿਤੇ ਨਹੋਰਿਆਂ ਨਾਲ ਭਰਪੂਰ ਸੀ ਕਿ ਜੇਕਰ ਤੇਰੀ ਹੋਂਦ ਹੈ ਤਾਂ ਫਿਰ ਕਾਣੀ ਵੰਡ ਕਿਉਂ ਹੋ ਰਹੀ ਹੈ,ਤੇਰੇ ਬਣਾਏ ਇਨਸਾਨ ਤੰਨ ਤੋਂ ਨੰਗੇ ਤੇ ਢਿਡੋਂ ਭੁੱਖ ਨਾਲ ਹਾਲ?-ਬੇਹਾਲ ਕਿਉ ਹੋ ਰਹੇ ਹਨ।ਰਾਜਿੰਦਰ ਜਿੰਦ ਹੋਰਾਂ ਨੇ ਆਪਣੀ ਇਕ ਗ਼ਜ਼ਲ ÷ਤੇਜ਼ ਹਨੇਰੀ ਵਾਟ ਲੰਮੇਰੀ ਫ਼ ?ਰ ਵੀ ਦੀਪਕ ਬਾਲ ?ੀ ਰੱਖਿਆ÷ਸੁਣਾਈ ਸਾਰਿਆ ਨੇ ਤਾੜੀਆਂ ਨਾਲ ਸਲਾਹਿਆ। ਫ਼ ?ਰ ਆਈ ਵਾਰੀ ਰਾਣੀ ਨਗਿੰਦਰ ਹੋਰਾਂ ਦੀ ਉਨ੍ਹਾ ਨੇ ਆਪਣੀ ਕਵਿਤਾ ਵਿੱਚ ਇਕ ਛੋਟੀ ਜਿਹੀ ਤੀਲੀ ਦੀ ਕਰਾਮਾਤ ਬਹੁਤ ਵਧੀਆ ਤੇ ਪਰੋਡ ਤਰੀਕੇ ਨਾਲ ਬਿਆਨ ਕੀਤੀ ਕਿ ਕਿਸ ਤਰੀਕੇ ਨਾਲ ਇਕ ਤੀਲੀ ਚੰਗਾ ਤੇ ਮਾੜਾ ਪ੍ਰਭਾਵ ਛੱਡਣ ਦੀ ਤਾਕਤ ਰੱਖਦੀ ਹੈ।ਰੇਸ਼ਮ ਸਿੰਘ ਡੁਮੇਲੀ ਹੋਰਾਂ ਨੇ ਆਪਣੇ ਪੰਜਾਬ ਦੇ ਪਿੰਡਾਂ ਵਿੱਚੋ ਗੁੰਮ ਹੋ ਰਹੇ ਪੰਜਾਬੀ ਵਿਰਸੇ ਦੇ ਹੇਰਵੇ ਨੂੰ ਖੂਬਸੂਰਤ ਤਰੀਕੇ ਨਾਲ ਬਿਆਨ ਕੀਤਾ। ਜਸਵਿੰਦਰ ਸਿੰਘ ਹੋਰਾਂ ਨੇ ਆਮ ਵਾਂਗ ਹਾਸ ਰਾਸ ਦੇ ਵਿਅੰਗ ਕੱਸਦੇ ਪੇਪਰ ਪੜੇ ਜਿਹਨਾਂ ਨੂੰ ਸਾਰਿਆ ਨੇ ਪਸੰਦ ਕੀਤਾ। ਜਸਵੀਰ ਸਿੰਘ ਡੁਮੇਲੀ ਹੋਰਾਂ ਨੇ ਨਵੇਂ ਸਾਲ ਦੀ ਕਵਿਤਾ ÷ਨਵੇਂ ਸਾਲ ਦੀ ਨਵੀਂ ਸਵੇਰ÷ਸੁਣਾਈ ਜਿਸ ਵਿੱਚ ਸਾਰੀ ਖ਼ਲ ?ਕਤ ਲਈ ਸ਼ੁਭ ਇਸ਼ਾਵਾ ਦੀ ਅਰਦਾਸ ਕੀਤੀ ਗਈ ਸੀ। ਅੰਨੂ ਸ਼ਰਮਾਂ ਹੋਰਾਂ ਨੇ ਇਕ ਔਰਤ ਦੀਆਂ ਕੁਦਰਤ ਵਲੋਂ ਲਾਈਆਂ ਜਿਮੇਦਾਰੀਆਂ ਨੂੰ ਸ਼ਿਦਤ ਨਾਲ ਨਿਭਾਉਣ ਦੀ ਪੇਸ਼ਕਾਰੀ ਨੂੰ ਸੰਵੇਦਨਸ਼ੀਲ ਤਰੀਕੇ ਨਾਲ ਕਵਿਤਾ ਦੇ ਰੂਪ ਵਿੱਚ ਪੇਸ਼ ਕੀਤਾ। ਇਸ ਤੋਂ ਬਾਅਦ ਵਿੱਚ ਪ੍ਰੋ ਪਰਮਜੀਤ ਕੌਰ ਹੋਰਾਂ ਨੇ ਇਕ ਮੇਹਨਤ ਕਸ਼ ਮਜ਼ਦੂਰ ਇਨਸਾਨ ਦੇ ਜੀਵਨ ਵਿੱਚਲੇ ਹਨੇਰੇ ਨੂੰ ਬਹੁਤ ਸੰਵੇਦਨਸ਼ੀਲ ਢੰਗ ਨਾਲ ਬਿਆਨ ਕੀਤਾ ਕਿ ਕਿਵੇਂ ਉਹ ਸਾਰੀ ਉਮਰ ਦੂਸਰਿਆਂ ਦੀ ਜ਼ਿੰਦਗੀ ਵਿੱਚ ਚਾਨਣ ਪੈਦਾ ਕਰਦਾ ਕਰਦਾ ਆਪਣੀ ਸਾਰੀ ਉਮਰ ਆਪਣੀਆਂ ਨਾ ਪੂਰੀਆਂ ਹੋਣ ਵਾਲੀਆਂ ਖੁਹਾਸ਼ਾਂ ਦੇ ਹਨੇਰੇ ਵਿੱਚ ਹੀ ਬਤੀਤ ਕਰ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਤੁਰ ਜਾਂਦਾ ਹੈ। ਜਗਜੀਤ ਸਿੰਘ ਹੋਰਾਂ ਦੀ ਕਵਿਤਾ ਵਿੱਚ ਵੀ ਸਾਰੇ ਆਲਮ ਦੀ ਖੁਸ਼ਹਾਲੀ ਦੀ ਪ੍ਰਾਥਨਾ ਕੀਤੀ ਗਈ ਸੀ। ਫ਼ ?ਰ ਆਈ ਵਾਰੀ ਹਰਦੇਵ ਸਿੰਘ ਡੁਮੇਲੀ ਹੋਰਾਂ ਦੀ ÷ਜ਼ਿੰਦਗੀ ਮੈਂ ਅਜੀਬ ਜੀਅ ਰਿਹਾਂ ਹਾਂ।ਆਪਣਾਂ ਹੀ ਖੂਨ ਪੀ ਰਿਹਾਂ ਹਾਂ।ਆਪਣੀ ਕਵਿਤਾ ਸੁਣਾਈ। ਪ੍ਰਿਤਪਾਲ ਕੌਰ ਹੋਰਾਂ ਨੇ ਆਪਣੀ ਕਵਿਤਾ ÷ਪਿੱਪਲ ਦਿਆਂ ਪੱਤਿਆ ਕਿਉਂ ਖੜ੍ਹ ਖੜ੍ਹ ਲਾਈ ਆਂ÷ ਤਰੰਨਮ ਵਿੱਚ ਪੜੀ ਜਿਹੜੀ ਸਭਨਾਂ ਨੇ ਪਸੰਦ ਕੀਤੀ। ਡਾ ਰਾਮ ਜੀ ਦਾਸ ਸੇਠੀ ਹੋਰਾਂ ਆਪਣੀ ਇਕ ਰਚਨਾਂ ÷ ÷ ਪਿਚਕੀਆਂ ਗੰਢਾ ਨੂੰ ਦੱਸ ਖੋਲਾਂ ਕਿਵੇਂ।

ਚਿਪਕ ਗਏ ਬੁੱਲ ਦੱਸ ਬੋਲਾਂ ਕਿਵੇਂ÷ਸੁਣਾਈ। ਇਸ ਤੋਂ ਬਾਅਦ ਬੈਠਕ ਦੇ ਮੁੱਖ ਮਹਿਮਾਨ ਡਾਕਟਰ ਸ਼ਸ਼ੀਕਾਂਤ ਉਪਲ ਹੋਰਾਂ ਆਪਣੀਆਂ ਨਵੀਆਂ ਲਿਖੀਆਂ ਦੋ ਗ਼ਜ਼ਲਾਂ ਸੁਣਾ ਸਾਰੀ ਮਹਿਫਲ ਚ ਇਕ ਖੂਬਸੂਰਤ ਰੰਗ ਭਰ ਦਿੱਤਾ। ਕਵਿਤਾ ਦੇ ਦੂਸਰੇ ਦੌਰ ਵਿੱਚ ਉਕਾਰ ਸਿੰਘ,ਮੋਹਨ ਸਿੰਘ ਭੰਵਰਾ ਰਾਜਿੰਦਰ ਜਿੰਦ ਜਸਵੀਰ ਸਿੰਘ ਨੇ ਇਕ-ਇਕ ਹੋਰ ਕਵਿਤਾ ਪੜ੍ਹੀ ਰਾਣੀ ਨਗਿੰਦਰ ਹੋਰਾਂ ਨੇ ਦੂਸਰੇ ਦੌਰ ਵਿੱਚ ਕਵਿਤਾ ਤਰੰਨਮ ਵਿੱਚ ਗਾਇਨ ਕੀਤੀ। ਬਲਵਿੰਦਰ ਸਿੰਘ ਹੋਰਾਂ ਅਗਲੀ ਕਵਿਤਾ ਸੁਣਾਉਣ ਦਾ ਵਾਅਦਾ ਕੀਤਾ। ਇਹ ਪਲੇਠੀ ਬੈਠਕ ਰਾਜਿੰਦਰ ਜਿੰਦ ਹੋਰਾਂ ਦੀ ਪ੍ਰਧਾਨਗੀ ਵਿੱਚ ਸੰਪਨ ਹੋਈ। ਸਾਰੇ ਆਏ ਸੱਜਣਾਂ ਨੇ ਪੰਜਾਬ ਸਟਾਇਲ ਖਾਣੇ ਦਾ ਭਰਪੂਰ ਆਨੰਦ ਮਾਣਿਆ। ਅਗਲੇ ਮਹੀਨੇ ਫ਼ ?ਰ ਇਕੱਠੇ ਹੋਣ ਦੇ ਵਾਅਦੇ ਨਾਲ ਇਕ ਦੂਜੇ ਨੂੰ ਨਵੇਂ ਚੜ੍ਹੇ ਸਾਲ ਦੀਆਂ ਸ਼ੁਭ ਕਾਮਨਾਵਾਂ ਨਾਲ ਅਲਵਿਦਾ ਕਹੀ ।

# ਅਮਰੀਕਾ ਵਿੱਚ ਮਰਨ ਵਾਲੇ ਤੇਲਗੂ ਭਾਰਤੀ ਜੋੜੇ ਦੇ ਬੱਚਿਆਂ ਨੂੰ ਕ੍ਰਾਊਡਫੰਡਿੰਗ ਰਾਹੀ 620,000 ਡਾਲਰ ਦੀ ਸਹਾਇਤਾ ਮਿਲੀ




ਮੈਰੀਲੈਂਡ ( ਰਾਜ ਗੋਗਨਾ )- ਅਮਰੀਕਾ ਵਿੱਚ ਰਹਿਣ ਵਾਲੇ ਭਾਰਤੀ ਉੱਤਰੀ ਕੈਰੋਲੀਨਾ ਦੇ ਇੱਕ ਜੋੜਾ ਜੋ 4 ਜਨਵਰੀ ਨੂੰ ਮੈਰੀਲੈਂਡ ਵਿੱਚ ਇੱਕ ਸੜਕ ਹਾਦਸੇ ਵਿੱਚ ਮਾਰੇ ਗਏ ਸਨ। ਇਸ ਭਾਰਤੀ ਜੋੜੇ ਦੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਲੋਕਾਂ ਨੇ 620,000 ਡਾਲਰ (5 ਕਰੋੜ ਰੁਪਏ ਤੋਂ ਵੱਧ) ਤੋਂ ਵੱਧ ਦਾਨ ਕੀਤਾ ਹੈ। ਪਰਿਵਾਰ ਦੀ ਮਦਦ ਲਈ ਇੱਕ ਗੌਫੰਡ ਮੀ ਭੀੜ ਫੰਡਿੰਗ ਮੁਹਿੰਮ ਸ਼ੁਰੂ ਕੀਤੀ ਗਈ ਸੀ, ਜੋ ਆਪਣੀ ਜ਼ਿੰਦਗੀ ਦੇ ਸਭ ਤੋਂ ਔਖੇ ਸਮੇਂ ਵਿੱਚੋਂ ਗੁਜ਼ਰ ਰਹੇ ਹਨ। ਉਨ੍ਹਾਂ ਨੇ ਪ੍ਰਤੀ ਮਹੀਨਾ 4,500 ਇਕੱਠੇ ਕਰਨ ਦੀ ਯੋਜਨਾ ਬਣਾਈ ਸੀ। ਹਾਲਾਂਕਿ, ਭੀੜ ਫੰਡਿੰਗ ਮੁਹਿੰਮ ਦੇ ਦੋ ਦਿਨਾਂ ਦੇ ਅੰਦਰ, 6.25 ਮਿਲੀਅਨ ਡਾਲਰ ਇਕੱਠੇ ਕੀਤੇ ਗਏ। ਉੱਤਰੀ ਕੈਰੋਲੀਨਾ ਵਿੱਚ ਰਹਿਣ ਵਾਲੀ ਆਸ਼ਾ ਖੰਨਾ ਅਤੇ ਉਨ੍ਹਾਂ ਦੇ ਪਤੀ ਕ੍ਰਿਸ਼ਨਾ ਕਿਸ਼ੋਰ ਆਪਣੇ ਦੋ ਬੱਚਿਆਂ ਨਾਲ ਇੱਕ ਕਾਰ ਵਿੱਚ ਜਾ ਰਹੇ ਸਨ ਜਦੋਂ ਇਹ ਹਾਦਸਾ ਇੱਕ ਸ਼ਰਾਬੀ ਡਰਾਈਵਰ ਦੀ ਗਲਤੀ ਕਾਰਨ ਵਾਪਰਿਆ। ਮ੍ਰਿਤਕ ਜੋੜੇ ਦੇ ਬੱਚਿਆਂ ਵਿੱਚ ਇੱਕ 21 ਸਾਲਾ ਧੀ ਅਤੇ ਇੱਕ 16 ਸਾਲਾ ਪੁੱਤਰ, ਸੂਚੈ ਸ਼ਾਮਲ ਹਨ।

# ਅਮਰੀਕਾ ਵੱਲੋਂ 500% ਟੈਰਿਫ ਦੇ ਪ੍ਰਸਤਾਵ ਤੇ ਭਾਰਤ ਦਾ ਕਰਾਰਾ ਜਵਾਬ

ਨਵੀਂ ਦਿੱਲੀ : ਭਾਰਤ ਅਤੇ ਅਮਰੀਕਾ ਵਿਚਾਲੇ ਵਪਾਰਕ ਸਬੰਧਾਂ ਨੂੰ ਲੈ ਕੇ ਚੱਲ ਰਹੀ ਖਿੱਚੋਤਾਣ ਦਰਮਿਆਨ ਭਾਰਤ ਸਰਕਾਰ ਨੇ ਅਮਰੀਕੀ ਪ੍ਰਸ਼ਾਸਨ ਦੇ ਦਾਅਵਿਆਂ @ਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਅਮਰੀਕੀ ਕਾਂਗਰਸ ਵਿੱਚ ਭਾਰਤ 'ਤੇ 500 ਫੀਸਦੀ ਟੈਰਿਫ ਲਗਾਉਣ ਦੇ ਪੇਸ਼ ਕੀਤੇ ਗਏ ਪ੍ਰਸਤਾਵ @ਤੇ ਵਿਦੇਸ਼ ਮੰਤਰਾਲੇ (MEA) ਨੇ ਸਪੱਸ਼ਟ ਕੀਤਾ ਹੈ ਕਿ ਭਾਰਤ ਆਪਣੇ ਫੈਸਲੇ ਰਾਸ਼ਟਰੀ ਹਿੱਤਾਂ ਦੇ ਆਧਾਰ 'ਤੇ ਲੈਂਦਾ ਹੈ।

ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਉਹ ਅਮਰੀਕੀ ਕਾਂਗਰਸ ਵਿੱਚ ਪੇਸ਼ ਕੀਤੇ ਗਏ ਬਿੱਲ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਮੰਤਰਾਲੇ ਨੇ ਦੁਹਰਾਇਆ ਕਿ 1.4 ਅਰਬ ਲੋਕਾਂ ਦੀ ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣਾ ਸਰਕਾਰ ਦੀ ਪਹਿਲ ਹੈ। ਭਾਰਤ ਆਪਣੀਆਂ ਲੋੜਾਂ ਮੁਤਾਬਕ ਵਿਸ਼ਵ ਬਾਜ਼ਾਰ ਤੋਂ ਕਿਫਾਇਤੀ ਊਰਜਾ ਦੇ ਸਰੋਤ ਚੁਣਨ ਲਈ ਸੁਤੰਤਰ ਹੈ ਅਤੇ ਇਸ @ਤੇ ਭਾਰਤ ਦਾ ਪੱਖ ਹਮੇਸ਼ਾ ਸਪੱਸ਼ਟ ਰਿਹਾ ਹੈ।

ਹਾਲ ਹੀ ਵਿੱਚ ਅਮਰੀਕੀ ਵਣਜ ਸਕੱਤਰ ਨੇ ਇੱਕ ਪੌਡਕਾਸਟ ਵਿੱਚ ਦਾਅਵਾ ਕੀਤਾ ਸੀ ਕਿ ਭਾਰਤ ਨਾਲ ਵਪਾਰਕ ਸਮਝੌਤਾ (Trade Deal) ਇਸ ਲਈ ਨਹੀਂ ਹੋ ਸਕਿਆ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਫੋਨ ਕਾਲ ਦਾ ਇੰਤਜ਼ਾਰ ਕਰਵਾਇਆ ਅਤੇ ਖੁਦ ਫੋਨ ਨਹੀਂ ਕੀਤਾ। ਭਾਰਤ ਨੇ ਇਸ ਦਾਅਵੇ ਨੂੰ ਪੂਰੀ ਤਰ੍ਹਾਂ 'ਤੱਥਹੀਣ' ਅਤੇ 'ਭਰਮਾਊ' ਦੱਸਿਆ ਹੈ।

ਵਿਦੇਸ਼ ਮੰਤਰਾਲੇ ਨੇ ਅਸਲੀ ਸਥਿਤੀ ਸਪੱਸ਼ਟ ਕਰਦਿਆਂ ਦੱਸਿਆ ਕਿ:

ਭਾਰਤ ਅਤੇ ਅਮਰੀਕਾ ਵਿਚਾਲੇ 13 ਫਰਵਰੀ 2025 ਤੋਂ ਹੀ ਦੁਵੱਲੇ ਵਪਾਰ ਸਮਝੌਤੇ 'ਤੇ ਗੰਭੀਰ ਗੱਲਬਾਤ ਚੱਲ ਰਹੀ ਹੈ। ਸਾਲ 2025 ਦੌਰਾਨ ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਟਰੰਪ ਵਿਚਾਲੇ ਕੁੱਲ 8 ਵਾਰ ਫੋਨ @ਤੇ ਗੱਲਬਾਤ ਹੋਈ ਹੈ। ਇਨ੍ਹਾਂ ਗੱਲਬਾਤਾਂ ਦੌਰਾਨ ਦੋਵਾਂ ਦੇਸ਼ਾਂ ਦੀ ਰਣਨੀਤਕ ਸਾਂਝੇਦਾਰੀ ਦੇ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕੀਤੀ ਗਈ ਸੀ। ਮੰਤਰਾਲੇ ਮੁਤਾਬਕ ਅਮਰੀਕੀ ਪੱਖ ਵੱਲੋਂ ਜਨਤਕ ਤੌਰ 'ਤੇ ਦਿੱਤਾ ਗਿਆ ਵੇਰਵਾ ਅਸਲ ਸਥਿਤੀ ਨੂੰ ਨਹੀਂ ਦਰਸਾਉਂਦਾ, ਕਿਉਂਕਿ ਕਈ ਮੌਕਿਆਂ 'ਤੇ ਸਮਝੌਤਾ ਅੰਤਿਮ ਪੜਾਅ ਦੇ ਬਹੁਤ ਕਰੀਬ ਪਹੁੰਚ ਚੁੱਕਾ ਸੀ।

Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 337
Website: www.preetnama.com Email preetnamausa@gmail.com
16 JAN TO 22 JAN, 2026

# ਭਗਵੰਤ ਮਾਨ ਦੀ ਅਕਾਲ ਤਖ਼ਤ ’ਤੇ ਪੇਸ਼ੀ ਦੌਰਾਨ ਕੀ-ਕੀ ਹੋਇਆ, ਸੀਐੱਮ ਵਾਇਰਲ ਵੀਡੀਓ ਬਾਰੇ ਕੀ ਬੋਲੇ, ਪੇਸ਼ੀ ਨੂੰ ਇਤਿਹਾਸਕ ਕਿਉਂ ਕਿਹਾ ਜਾ ਰਿਹਾ ਹੈ



## ਅਕਾਲ ਤਖ਼ਤ ਦੇ ਜਥੇਦਾਰ ਨੇ ਕੀ ਕਿਹਾ ?

ਮੀਡੀਆ ਨੂੰ ਸੰਬੋਧਨ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ, ÷ਮੁੱਖ ਮੰਤਰੀ ਮਾਨ ਅੱਜ ਅਕਾਲ ਤਖ਼ਤ ਸਾਹਿਬ ਆਏ, ਉਹ ਕਾਫੀ ਸਮਾਂ ਇਥੇ ਬੈਠੇ। ਬਹੁਤ ਸੋਹਣੇ ਮਾਹੌਲ ਵਿੱਚ ਗੱਲਬਾਤ ਹੋਈ ਹੈ ਤੇ ਉਹ ਆਪਣਾ ਪੱਖ ਰੱਖ ਕੇ ਗਏ ਹਨ। ਰਹਿਤ ਮਰਿਆਦਾ ਅਤੇ ਕੁਝ ਵੀਡੀਓ ਬਾਰੇ ਮੁੱਖ ਮੰਤਰੀ ਨੇ ਆਪਣਾ ਸਪਸ਼ਟੀਕਰਨ ਦਿੱਤਾ ਹੈ, ਸਪੱਸ਼ਟੀਕਰਨ ’ਤੇ ਪੰਜ ਸਿੰਘ ਸਾਹਿਬਾਨਾਂ ਵੱਲੋਂ ਵਿਚਾਰਿਆ ਜਾਵੇਗਾ ਅਤੇ ਫਿਰ ਫੈਸਲਾ ਲਿਆ ਜਾਵੇਗਾ। ਅਕਾਲ ਤਖ਼ਤ ਕਿਸੇ ਨਾਲ ਵੈਰ ਨਹੀਂ ਰੱਖਦਾ। ਜਥੇਦਾਰ ਨੇ ਕਿਹਾ, ÷ਮੁੱਖ ਮੰਤਰੀ ਨੇ ਮਹਿਸੂਸ ਕੀਤਾ ਕਿ ਉਹਨਾਂ ਨੂੰ ਅਜਿਹਾ ਨਹੀਂ ਬੋਲਣਾ ਚਾਹੀਦਾ ਸੀ ਜਥੇਦਾਰ ਨੇ ਕਿਹਾ, ÷ਸੀਐੱਮ ਨੇ ਮੰਨਿਆ ਕਿ ਸਿੱਖ ਰਹਿਤ ਮਰਿਆਦਾ ਬਾਰੇ ਉਹਨਾਂ ਨੂੰ ਪੂਰੀ ਜਾਣਕਾਰੀ ਨਹੀਂ ਹੈ ਤੇ ਉਹਨਾਂ ਨੇ ਕਿਹਾ ਕਿ ਅੱਗੇ ਤੋਂ ਉਹ ਸਿੱਖ ਸਿਧਾਂਤ ਅਤੇ ਮਰਿਆਦਾ ਬਾਰੇ ਕੋਈ ਵੀ ਟਿੱਪਣੀ ਨਹੀਂ ਕਰਨਗੇ। ਜਥੇਦਾਰ ਅਕਾਲ ਤਖ਼ਤ ਨੇ ਇਹ ਵੀ ਦੱਸਿਆ ਕਿ ਜੋ ਦਸਤਾਵੇਜ਼ ਮੁੱਖ ਮੰਤਰੀ ਲੈ ਕੇ ਆਏ ਸਨ ਉਹ ਅਕਾਲ ਤਖ਼ਤ ਦੇ ਸਕੱਤਰੇਤ ਬਗੀਚਾ ਸਿੰਘ ਨੂੰ ਦਿੱਤੇ ਗਏ ਹਨ ਉਹਨਾਂ ਦੀ ਜਾਂਚ ਕਰਾਂਗੇ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀਰਵਾਰ ਨੂੰ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਪੇਸ਼ ਹੋਏ ਹਨ। 5 ਜਨਵਰੀ ਨੂੰ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਮੁਤਾਬਕ ਅਕਾਲ ਤਖ਼ਤ ਸਕੱਤਰੇਤ ਵੱਲੋਂ ਮੁੱਖ ਮੰਤਰੀ ਨੂੰ ਸਿੱਖ ਰਹਿਤ ਮਰਿਆਦਾ ’ਤੇ ਕਥਿਤ ਇਤਰਾਜ਼ਯੋਗ ਬਿਆਨ ਦੇਣ ਅਤੇ ਇੱਕ ਵਾਇਰਲ ਵੀਡੀਓ ਨੂੰ ਲੈ ਕੇ ਬਾਰੇ ਸਪੱਸ਼ਟੀਕਰਨ ਦੇਣ ਲਈ ਤਲਬ ਕੀਤਾ ਸੀ। ਸੀਐੱਮ ਮਾਨ ਵੀਰਵਾਰ ਨੂੰ ਲਗਭਗ 11 ਵਜੇ ਆਪਣੇ ਵੀਆਈਪੀ ਕਾਫਲੇ ਨਾਲ ਹਰਿਮੰਦਰ ਸਾਹਿਬ ਪਹੁੰਚੇ ਸਨ ਅਤੇ ਦਰਬਾਰ ਸਾਹਿਬ ਮੱਥਾ ਟੇਕਣ ਤੋਂ ਬਾਅਦ ਅਕਾਲ ਤਖ਼ਤ ਸਕੱਤਰੇਤ ਅੰਦਰ ਦਾਖਲ ਹੋਏ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਅੱਗੇ ਪੇਸ਼ ਹੋਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਸਕੱਤਰੇਤ ਦੇ ਬਾਹਰ ਆ ਕੇ ਮੀਡੀਆ ਨੂੰ ਸੰਬੋਧਨ ਕੀਤਾ। ਆਪਣੇ ਸੰਬੋਧਨ ਦੌਰਾਨ ਮੁੱਖ ਮੰਤਰੀ ਮਾਨ ਨੇ ਕਿਹਾ, ÷ਜਥੇਦਾਰ ਅਕਾਲ ਤਖ਼ਤ ਸਾਹਿਬ ਵੱਲੋਂ ਜੋ ਆਦੇਸ਼ ਹੋਏ ਸੀ ਕਿ ਮੈਂ ਆਪਣਾ ਸਪਸ਼ਟੀਕਰਨ ਸਕੱਤਰੇਤ ਵਿੱਚ ਪੇਸ਼ ਹੋ ਕੇ ਆਪਣਾ ਪੱਖ ਰੱਖਾਂ। ਉਸੇ ਸਿਲਸਿਲੇ ਵਿੱਚ ਮੈਂ ਨਿਮਾਣੇ ਸਿੱਖ ਵਜੋਂ ਅੱਜ ਅਕਾਲ ਤਖ਼ਤ ਸਕੱਤਰੇਤ ਵਿੱਚ ਨਤਮਸਤਕ ਹੋਇਆ ਹਾਂ। ਸਿੰਘ ਸਾਹਿਬ ਕੋਲ ਮੇਰੀਆਂ ਸਟੇਟਮੈਂਟਸ ਜਾਂ ਸਰਕਾਰ ਨਾਲ ਸੰਬੰਧਿਤ ਕੰਮਾਂ ਦੀ ਸ਼ਿਕਾਇਤ ਉਹਨਾਂ ਕੋਲ ਪਹੁੰਚੀ ਹੋਵੇਗੀ, ਉਸ ਬਾਰੇ ਮੈਂ ਆਪਣਾ ਸਪਸ਼ਟੀਕਰਨ ਦੇ ਦਿੱਤਾ ਹੈ।÷

“ਬਤੌਰ ਪੰਜਾਬ ਦੇ ਮੁੱਖ ਮੰਤਰੀ ਮੇਰੇ ਕੋਲ ਸ਼ ?ਰੋਮਣੀ ਕਮੇਟੀ ਦੇ ਪ੍ਰਬੰਧਾਂ ਬਾਰੇ ਜੋ ਸ਼ਿਕਾਇਤ ਆਉਂਦੀ ਸੀ, ਉਸ ਸੰਬੰਧੀ ਕੁਝ ਸਬੂਤ ਮੈਂ ਅਕਾਲ ਤਖ਼ਤ ਸਾਹਿਬ ਵਿੱਚ ਜਮਾ ਕਰਵਾ ਆਇਆ ਹਾਂ। ਸਿੰਘ ਸਾਹਿਬ ਨੇ ਵੀ ਕਿਹਾ ਕਿ ਅਸੀਂ ਇਸ ਦੀ ਜਾਂਚ ਕਰਾਵਾਂਗੇ। ਮੈਂ ਇਹ ਵੀ ਪੱਖ ਰੱਖਿਆ ਕਿ ਜੋ ਨੈਰੇਟਿਵ ਬਣਾਇਆ ਜਾ ਰਿਹਾ ਸੀ ਕਿ ਮੈਂ ਅਕਾਲ ਤਖ਼ਤ ਨਾਲ ਮੱਥਾ ਲਾਉਣ ਦੀ ਗੱਲ ਕਰ ਰਿਹਾ ਹਾਂ ਤਾਂ ਮੈਂ ਸਪੱਸ਼ਟ ਕੀਤਾ ਹੈ ਕਿ ਅਜਿਹਾ ਕੁਝ ਨਹੀਂ ਹੈ। “ਇਸ ਤੋਂ ਬਾਅਦ ਸਿੰਘ ਸਾਹਿਬ ਨੇ ਕਿਹਾ ਕਿ ਸਾਡੇ ਕੋਲ ਤੁਹਾਡਾ ਪੱਖ ਪਹੁੰਚ ਗਿਆ ਹੈ, ਜੋ ਵੀ ਫੈਸਲੇ ਹੋਣਗੇ ਤੁਹਾਨੂੰ ਅਗਾਹ ਕਰ ਦਿੱਤਾ ਜਾਵੇਗਾ। ਮੈਂ ਆਪਣਾ ਪੱਖ ਪੇਸ਼ ਕਰ ਦਿੱਤਾ, ਸਿੰਘ ਸਾਹਿਬ ਜੋ ਵੀ ਫੈਸਲੇ ਲੈਣਗੇ ਉਹ ਸਿਰ ਮੱਥੇ ਹੋਣਗੇ।

ਸੰਬੋਧਨ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਕਥਿਤ ਵਾਇਰਲ ਵੀਡੀਓ ਦਾ ਜ਼ਿਕਰ ਵੀ ਕੀਤਾ, ਉਹਨਾਂ ਨੇ ਕਿਹਾ, ÷ਉਹ ਵੀਡੀਓ ਨਕਲੀ ਹੈ, ਮੈਂ ਸਿੰਘ ਸਾਹਿਬ ਨੂੰ ਦੱਸ ਦਿੱਤਾ ਹੈ ਕਿ ਉਹ ਵੀਡੀਓ ਨਕਲੀ ਹੈ, ਵੀਡੀਓ ਵਿੱਚ ਮੈਂ ਹੈ ਹੀ ਨਹੀਂ, ਜਿੱਥੋਂ ਵੀ ਸਿੰਘ ਸਾਹਿਬ ਕਹਿਣ ਉਸ ਵੀਡੀਓ ਦੀ ਜਾਂਚ ਕਰਵਾ ਸਕਦੇ ਹਨ। ਦੇਸ਼ ਦੀ ਜਿਹੜੀ ਮਰਜ਼ੀ ਲੈਬ ਤੋਂ ਵੀਡੀਓ ਦੀ ਜਾਂਚ ਕਰਵਾ ਸਕਦੇ ਹੋ, ਨਕਲੀ ਵੀਡੀਓ ਬਾਰੇ ਮੈਂ ਕੀ ਸਪੱਸ਼ਟੀਕਰਨ ਦੇਵਾਂਗਾ। ਇਸਤੋਂ ਇਲਾਵਾ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਪੇਸ਼ੀ ਨੂੰ ਲਾਈਵ ਕਰਨ ਦੀ ਮੰਗ ਉੱਤੇ ਜਵਾਬ ਦਿੱਤਾ। ਉਹਨਾਂ ਨੇ ਕਿਹਾ, ÷ਸਿੰਘ ਸਾਹਿਬ ਨਾਲ ਮੁਲਾਕਾਤ ਬਾਰੇ ਕੋਈ ਰਿਕਾਰਡਿੰਗ ਹੋਈ ਇਸ ਬਾਰੇ ਮੈਨੂੰ ਪਤਾ ਨਹੀਂ, ਮੈਂ ਇਸ ਦੀ ਕੋਈ ਰਿਕਾਰਡਿੰਗ ਰਿਲੀਜ਼ ਕਰਨ ਦੀ ਮੰਗ ਵੀ ਨਹੀਂ ਕਰਦਾ ਹਾਂ।

ਸੀਐੱਮ ਮਾਨ ਨੇ 328 ਪਾਵਨ ਸਰੂਪਾਂ ਦੀ ਜਾਂਚ ਕਰ ਰਹੀ ਸਿੱਟ ਵੱਲੋਂ ਬਰਾਮਦ ਕੀਤੇ ਗਏ ਕੁਝ ਪਾਵਨ ਸਰੂਪਾਂ ਬਾਰੇ ਬੋਲਦਿਆਂ ਕਿਹਾ, ÷ਸਿੰਘ ਸਾਹਿਬ ਨੇ ਮੈਨੂੰ ਪੁਰਾਤਨ ਸਰੂਪਾਂ ਬਾਰੇ ਜਾਣਕਾਰੀ ਦਿੱਤੀ ਹੈ ਕਿ ਪਹਿਲੇ ਸਮਿਆਂ ਵਿੱਚ ਸਰੂਪ ਕਿਵੇਂ ਲਏ ਜਾਂਦੇ ਸੀ, ਮੈਂ ਉਹਨਾਂ ਨੂੰ ਕਿਹਾ ਕਿ ਉਹਨਾਂ ਕੋਲ ਜਿਹੜੀ ਵੀ ਜਾਣਕਾਰੀ ਹੈ ਉਹ ਸਾਡੇ ਨਾਲ ਸਾਂਝੀ ਕਰ ਸਕਦੇ ਹਨ। ਮੁੱਖ ਮੰਤਰੀ ਮਾਨ ਨੇ ਇਸ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਕਿਹਾ, ÷ਮੈਂ ਸਿੰਘ ਸਾਹਿਬ ਨੂੰ ਕਿਹਾ ਕਿ ਜੇਕਰ ਹਰ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਧਾਰਮਿਕ ਪਾਸਵਰਡ ਹੁੰਦਾ ਤੇ ਜੇ ਉਹ ਸਾਨੂੰ ਮਿਲ ਜਾਂਦਾ ਹੈ ਤਾਂ ਸਾਨੂੰ ਜਾਂਚ ਵਿੱਚ ਹੋਰ ਸਹਿਯੋਗ ਮਿਲ ਸਕਦਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਸੰਬੋਧਨ ਦੌਰਾਨ ਦੱਸਿਆ ਕਿ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਉਹਨਾਂ ਨੂੰ ਸਿੱਖ ਰਹਿਤ ਮਰਿਆਦਾ ਦੀ ਕਾਪੀ ਅਤੇ ਅਤੇ ਗੁਰਦੁਆਰਾ ਐਕਟ ਦੀ ਕਾਪੀ ਦਿੱਤੀ ਹੈ। ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਮੁੱਖ ਮੰਤਰੀ ਨੂੰ ਸਿੱਖ ਰਹਿਤ ਮਰਿਆਦਾ ਦੀ ਕਾਪੀ ਦਿੱਤੇ ਜਾਣ ਦੀਆਂ ਤਸਵੀਰਾਂ ਅਕਾਲ ਤਖ਼ਤ ਮੀਡੀਆ ਵੱਲੋਂ ਵੀ ਸਾਂਝੀਆਂ ਕੀਤੀਆਂ ਗਈਆਂ ਹਨ। ਹਾਲਾਂਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਪੇਸ਼ੀ ਉੱਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਜਾਣਕਾਰੀ ਕੁਝ ਸਮੇ ਵਿੱਚ ਸਾਂਝੀ ਕੀਤੀ ਗਈ।

**ਇਸ ਪੇਸ਼ੀ ਤੋਂ ਕੀ ਸੁਨੇਹਾ ਗਿਆ**

ਮੁੱਖ ਮੰਤਰੀ ਭਗਵੰਤ ਮਾਨ ਦੀ ਅਕਾਲ ਤਖ਼ਤ ਸਾਹਿਬ ਉੱਤੇ ਪੇਸ਼ੀ ਨੂੰ ਸਿੱਖ ਇਤਿਹਾਸਕਾਰ ਅਤੇ ਰਾਜਨੀਤਿਕ ਮਾਹਰ ਇੱਕ ਇਤਿਹਾਸਕ ਘਟਨਾ ਦੱਸਦੇ ਹਨ। ਬੀਬੀਸੀ ਨਾਲ ਗੱਲ ਕਰਦਿਆਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਰਾਜਨੀਤਕ ਸ਼ਾਸਤਰ ਦੇ ਪ੍ਰੋਫੈਸਰ ਰਹਿ ਚੁੱਕੇ ਗੁਰਦਰਸ਼ਨ ਸਿੰਘ ਢਿੱਲੋਂ ਕਹਿੰਦੇ ਹਨ, ÷ਇਤਿਹਾਸ ਗਵਾਹ ਹੈ ਕਿ ਅਕਾਲ ਤਖ਼ਤ ਨਾਲ ਕਿੰਤੂ-ਪਰੰਤੂ ਕਰਨ ਦਾ ਰਿਸਕ ਕੋਈ ਵੀ ਸਿਆਸੀ ਲੀਡਰ ਨਹੀਂ ਲੈ ਸਕਿਆ ਅਤੇ ਅੱਜ ਦੀ ਕਾਰਵਾਈ ਵੀ ਸਪੱਸ਼ਟ ਹੀ ਸੀ ਕਿ ਮੁੱਖ ਮੰਤਰੀ ਮਾਨ ਨੂੰ ਵੀ ਅਕਾਲ ਤਖ਼ਤ ਅੱਗੇ ਆਪਣਾ ਪੱਖ ਰੱਖਣਾ ਹੀ ਪਵੇਗਾ।“ ਜਥੇਦਾਰ ਨੇ ਗੁਰਦੁਆਰਾ ਗਜ਼ਟ ਦੀ ਕਾਪੀ ਮੁੱਖ ਮੰਤਰੀ ਨੂੰ ਸੌਂਪ ਕੇ ਇਹ ਵੀ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਗੋਲਕਾਂ ਬਾਰੇ ਕੀਤੀ ਜਾਂਦੀ ਬਿਆਨਬਾਜ਼ੀ ਦਾ ਜਵਾਬ ਗੁਰਦੁਆਰਾ ਐਕਟ ਪੜ੍ਹ ਕੇ ਮਿਲ ਕੇ ਜਾਵੇਗਾ। ਕਿਉਕਿ ਇਹ ਗੁਰਦੁਆਰਾ ਐਕਟ ਵਿੱਚ ਸਾਫ ਲਿਖਿਆ ਹੈ ਕਿ ਹਰ ਗੁਰਦੁਆਰੇ ਦੀ ਗੋਲਕ ਦਾ ਹਰ ਪੈਸੇ ਦਾ ਆਡਿਟ ਹੁੰਦਾ ਹੈ, ਸਵਾਲ ਪ੍ਰਬੰਧਾਂ ਉੱਤੇ ਚੁੱਕੇ ਜਾ ਸਕਦੇ ਹਨ ਕਿਸੇ ਧਾਰਮਿਕ ਸੰਸਥਾ ਬਾਰੇ ਨਹੀਂ। ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਅੱਜ ਦੀ ਇਸ ਕਾਰਵਾਈ ਨੂੰ ਸਿਆਸੀ ਘਟਨਾ ਵੱਜੋਂ ਦੇਖਦੇ ਹਨ। ਜਸਪਾਲ ਸਿੰਘ ਕਹਿੰਦੇ ਹਨ, ÷2027 ਦੀਆਂ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਸਿੱਖ ਸੰਸਥਾ ਉੱਤੇ ਸਵਾਲ ਕਰਕੇ ਸਿੱਖਾਂ ਦੀ ਨਾਰਾਜ਼ਗੀ ਸਹੇੜਨ ਦਾ ਰਿਸਕ ਨਹੀਂ ਲੈ ਸਕਦੇ। “ਅਕਾਲ ਤਖ਼ਤ ਅੱਗੇ ਨਿਮਾਣੇ ਸਿੱਖ ਵੱਜੋਂ ਪੇਸ਼ ਹੋ ਕੇ ਸੀਐੱਮ ਨੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਅਕਾਲ ਤਖ਼ਤ ਦਾ ਹਰ ਹੁਕਮ ਉਹਨਾਂ ਨੂੰ ਪ੍ਰਵਾਨ ਹੈ। ਸਿਆਸੀ ਆਗੂਆਂ ਲਈ ਇਹ ਇੱਕ ਸਾਲ ਬਹੁਤ ਕੀਮਤੀ ਹੈ ਉਹ ਜਾਣਦੇ ਹਨ ਕਿ ਸਿੱਖ ਪੰਥ ਨਾਲ ਨਾਰਾਜ਼ਗੀ ਵੋਟਾਂ ਉੱਤੇ ਅਸਰ ਪਾ ਸਕਦੀ ਹੈ।÷

ਹਾਲਾਂਕਿ ਸਿੱਖ ਮਾਮਲਿਆਂ ਦੇ ਜਾਣਕਾਰ ਡਾ. ਖੁਸ਼ਹਾਲ ਸਿੰਘ ਮੁੱਖ ਮੰਤਰੀ ਮਾਨ ਦੀ ਅਕਾਲ ਤਖ਼ਤ ਸਕੱਤਰੇਤ ਉੱਤੇ ਹੋਈ ਪੇਸ਼ੀ ਨੂੰ ਨਵੀਂ ਪ੍ਰੰਪਰਾ ਮੰਨਦੇ ਹਨ। ਉਹ ਕਹਿੰਦੇ ਹਨ, ÷ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਗੈਰ-ਅੰਮ੍ਰਿਤਧਾਰੀ ਵਿਅਕਤੀ ਦੀ ਪੇਸ਼ੀ ਅਕਾਲ ਤਖ਼ਤ ਸਕੱਤਰੇਤ ਵਿੱਚ ਹੋਈ ਹੈ। ਸਿੱਖਾਂ ਦਾ ਇੱਕ ਧੜਾ ਇਸ ਕਰਕੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਤੋਂ ਅਸਤੀਫ਼ਾ ਵੀ ਮੰਗ ਰਿਹਾ ਹੈ। “ਸਰਕਾਰ ਨੇ ਵੀ ਇਸ ਮਾਮਲੇ ਨਾਲ ਪੰਜਾਬ ਦੇ ਹੋਰ ਗੰਭੀਰ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾ ਦਿੱਤਾ। ਅੱਜ ਦੀ ਪੇਸ਼ੀ ਮਗਰੋਂ ਲੱਗਦਾ ਹੈ ਕਿ ਦੋਵੇਂ ਧਿਰਾਂ ਵਿਚਾਲੇ ਕੋਈ ਸਮਝੌਤਾ ਹੋ ਗਿਆ ਜਿਸ ਤੋਂ ਬਾਅਦ ਇਸ ਮਸਲੇ ਨੂੰ ਆਰਾਮਦਾਇਕ ਤਰੀਕੇ ਨਾਲ ਖਤਮ ਕਰ ਲਿਆ ਗਿਆ।



Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 337
Website: www.preetnama.com Email preetnamausa@gmail.com
16 JAN TO 22 JAN, 2026

# ਸਾਂਝਾ ਪੰਜਾਬ ਸੰਸਥਾ ਵੱਲੋਂ ਚੜ੍ਹਦੇ ਅਤੇ ਲਹਿਦੇ ਪੰਜਾਬ ਦਾ ਤਿਉਹਾਰ ਲੋਹੜੀ ਬਹੁਤ ਹੀ ਸੁਚੱਜੇ ਢੰਗ ਨਾਲ ਮਨਾਇਆ

## ਆਉਣ ਵਾਲੀ ਪਹਿਲੀ ਚੇਤ ਨੂੰ ਸਾਂਝਾ ਪੰਜਾਬ ਸੰਸਥਾ ਵੱਲੋਂ ਹਰ ਸਾਲ ਦੀ ਤਰ੍ਹਾਂ ਪੰਜਾਬੀਆਂ ਦੇ ਨਵੇਂ ਸਾਲ ਨੂੰ ਮਾਰਚ 19, 2026 ਵਾਲੇ ਦਿਨ ਵੱਡੇ ਪੱਧਰ ਉਤੇ ਸਰਕਾਰੀ ਹਾਲ ਵਿਚ ਮਨਾਇਆ ਜਾਵੇਗਾ : ਡਾ. ਜੋਸ਼ਨ

ਨਿਊਯਾਰਕ : ਸਾਂਝਾ ਪੰਜਾਬ ਸੰਸਥਾ ਵੱਲੋਂ ਚੜ੍ਹਦੇ ਅਤੇ ਲਹਿਦੇ ਪੰਜਾਬ ਦੀ ਸਾਂਝ ਦਾ ਪ੍ਰਤੀ ਤਿਉਹਾਰ ਲੋਹੜੀ ਬਹੁਤ ਹੀ ਸੁਚੱਜੇ ਢੰਗ ਨਾਲ ਮਨਾਇਆ ਗਿਆ। ਇਸਦੀ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਸੰਸਥਾਪਕ ਡਾ. ਜੋਸ਼ਨ ਤੇ ਅਮੀਂ ਸ਼ਾਹ ਨੇ ਦੱਸਿਆ ਕਿ ਲੋਹੜੀ ਦੇ ਸਮਾਗਮ ਮੌਕੇ ਪੰਜਾਬੀ ਪਹਿਰਾਵੇ ਵਿਚ ਵਿਰਾਸਤੀ ਬੋਲੀਆਂ, ਗੀਤ ਤੇ ਦੁੱਲੇ ਭੁੱਟੀ ਦੀ ਗਾਥਾ ਗਾਉਂਦੇ ਸੁਣਾਉਂਦੇ ਹੋਏ ਲਕੜਾਂ ਦੀ ਅੱਗ ਬਾਲਕੇ ਮੁੰਗਫਲੀ, ਮਿੱਠੇ ਚੋਲ ਜਿਸਨੂੰ "ਪੋਹ ਰਿੰਨੀ' ਤੇ ਮਾਘ ਖਾਦੀ ਵੀ ਕਿਹਾ ਜਾਂਦਾ ਹੈ ਦਾ ਆਨੰਦ ਮਾਣਦੇ ਹੋਏ ਅਮਰੀਕਾ ਦੀ ਧਰਤੀ ਨੂੰ ਪੁਰਾਤਨ ਪੰਜਾਬ ਬਣਾ ਦਿੱਤਾ।

ਚੜ੍ਹਦੇ ਪੰਜਾਬ ਦੀਆਂ ਸੁਆਵਣੀਆਂ ਮਨਜੀਤ ਕੌਰ (ਪੁਲਿਸ ਅਫ਼ਸਰ), ਪਲਵਿੰਦਰ ਕੌਰ ਭੱਟੀ, ਗੁਰਪ੍ਰੀਤ ਕੌਰ ਤੇ ਸੁਰਿੰਦਰ ਕੌਰ ਗਿੱਲ ਨੇ ਪੰਜਾਬੀ ਖਾਣੇ ਮੱਕੀ ਦੀ ਰੋਟੀ, ਸਾਗ, ਪਾਲਕ, ਚੌਲ, ਮਿੱਸੇ ਪਰਾਂਠੇ, ਕੜਾਹ, ਚਿੱਟੇ ਚੌਲ, ਜਲੇਬਆਂ ਤੇ ਹੋਰ ਅਮਰੀਕਾ ਖਾਣਿਆਂ ਦਾ ਪ੍ਰਬੰਧ ਕੀਤਾ।

ਇਸ ਮੌਕੇ ਚੜ੍ਹਦੇ ਪੰਜਾਬ ਵੱਲੋਂ ਗਾਇਕਾ ਸਿਮੀ ਕੌਰ ਤੇ ਪ੍ਰੀਤ ਕੌਰ ਨਾਲ ਸਾਰੀਆਂ ਪੰਜਾਬੀਅਣਾਂ ਨੇ ਲੋਹੜੀ ਦੇ ਗੀਤ ਗਾ ਕੇ ਮਾਹੌਲ ਨੂੰ ਖੁਸ਼ਨੁਮਾ ਬਣਾ ਦਿੱਤਾ। ਡਾ. ਜੋਸ਼ਨ ਵੱਲੋਂ ਸੰਸਥਾ ਵੱਲੋਂ ਨਵੇਂ ਚੁਣੇ ਗਏ ਪ੍ਰਧਾਨ ਗੁਰਜੀਤ ਸਿੰਘ ਗਿੱਲ ਤੇ ਮੀਤ ਪ੍ਰਧਾਨ ਅਰਸ਼ਦ ਗਿੱਲ ਦਾ ਸਨਮਾਨ ਕੀਤਾ। ਪ੍ਰਧਾਨ ਗਿੱਲ ਵੱਲੋਂ ਮਨਜੀਤ ਕੌਰ, ਪਲਵਿੰਦਰ ਕੌਰ ਭੱਟੀ ਅਤੇ ਨਵੇਂ ਚੁਣੇ ਗਏ ਡਾਇਰੈਕਟਰ ਜਸਵਿੰਦਰ ਸਿੰਘ ਵੜੈਚ ਨੂੰ ਸਿਖਸ ਇਨ ਅਮਰੀਕਾ ਦੇ ਮੈਡਲ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਯੂਥ ਵਿੰਗ ਦੀ ਮੈਂਬਰ ਗੁਰਸਰੀਰ ਕੌਰ ਦਾ !ਨਮ ਦਿਨ ਕੇਕ ਕੱਟ ਕੇ ਮਨਾਇਆ ਗਿਆ। ਸਾਰੇ ਸਮਾਗਮ ਦੀ ਲਾਈਵ ਕਵਰੇਜ ਪ੍ਰੀਤਨਾਮਾ ਟੈਲੀਵਿਜ਼ਨ ਅਤੇ ਅਖ਼ਬਾਰ ਦੀ ਸੀਈਓ ਪ੍ਰਿਤਪਾਲ ਕੌਰ ਦੀ ਟੀਮ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ। ਸਾਂਝਾ ਪੰਜਾਬ ਸੰਸਥਾ ਵੱਲੋਂ ਲਹਿੰਦੇ ਪੰਜਾਬ ਦੇ ਨਵੇਂ ਡਾਇਰੈਕਟਰ ਨੌਜਵਾਨ ਸਈਅਦ ਮੂਸਾ ਬੁਖਾਰੀ ਨੂੰ ਯੂਥ ਵਿੰਗ ਦਾ ਚੇਅਰਮੈਨ ਬਣਾਇਆ ਗਿਆ। ਸੰਸਥਾ ਵੱਲੋਂ ਸ੍ਰ. ਪ੍ਰਿਥੀਪਾਲ ਸਿੰਘ ਭੱਟੀ, ਬਲਵੀਰ ਸਿੰਘ, ਸਿਮਰਜੀਤ ਕੂੌਰ ਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਡਾ. ਜੋਸ਼ਨ ਨੇ ਦੱਸਿਆ ਕਿ ਆਉਣ ਵਾਲੀ ਪਹਿਲੀ ਚੇਤ ਨੂੰ ਸਾਂਝਾ ਪੰਜਾਬ ਸੰਸਥਾ ਵੱਲੋਂ ਹਰ ਸਾਲ ਦੀ ਤਰ੍ਹਾਂ ਪੰਜਾਬੀਆਂ ਦੇ ਨਵੇਂ ਸਾਲ ਨੂੰ ਮਾਰਚ 19, 2026 ਵਾਲੇ ਦਿਨ ਵੱਡੇ ਪੱਧਰ ਉਤੇ ਸਰਕਾਰੀ ਹਾਲ ਵਿਚ ਮਨਾਇਆ ਜਾਵੇਗਾ।











# ਜਦੋਂ ਤੱਕ ਅਮਰੀਕਾ ਟੈਰਿਫ ਨਹੀਂ ਹਟਾਉਂਦਾ ਉਦੋਂ ਤੱਕ ਸ਼ਰਾਬ ਕੰਟਰੋਲ ਬੋਰਡ ਓਂਟਾਰੀਓ ਅਮਰੀਕੀ ਸ਼ਰਾਬ ਦੀ ਵਿਕਰੀ ਤੋਂ ਪਾਬੰਦੀ ਨਹੀਂ ਹਟਾਏਗਾ

ਓਨਟਾਰੀਓ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਦਾ ਕਹਿਣਾ ਹੈ ਕਿ ਉਹ ਸ਼ਰਾਬ ਕੰਟਰੋਲ ਬੋਰਡ ਓਂਟਾਰੀਓ ’ਤੇ ਅਮਰੀਕੀ ਸ਼ਰਾਬ ਦੀ ਵਿਕਰੀ ’ਤੇ ਆਪਣੀ ਪਾਬੰਦੀ ਉਦੋਂ ਤੱਕ ਨਹੀਂ ਹਟਾਏਗੀ ਜਦੋਂ ਤੱਕ ਕੈਨੇਡੀਅਨ ਸਾਮਾਨਾਂ ’ਤੇ ਅਮਰੀਕੀ ਟੈਰਿਫ ਪੂਰੀ ਤਰ੍ਹਾਂ ਨਹੀਂ ਹਟਾਏ ਜਾਂਦੇ। ਵਿੱਤ ਮੰਤਰੀ ਪੀਟਰ ਬੈਥਲੇਨਫਾਲਵੀ ਨੇ 323 ਨਿਊਜ਼ ਨਾਲ ਇੱਕ ਸਾਲ ਦੇ ਅੰਤ ਵਿੱਚ ਇੰਟਰਵਿਊ ਵਿੱਚ ਸੂਬੇ ਦੀ ਸਥਿਤੀ ਦੀ ਪੁਸ਼ਟੀ ਕੀਤੀ, ਹਾਲਾਂਕਿ ਅਮਰੀਕੀ ਅਧਿਕਾਰੀਆਂ ਦੇ ਵਧਦੇ ਦਬਾਅ ਦੇ ਬਾਵਜੂਦ ਜੋ ਦਲੀਲ ਦਿੰਦੇ ਹਨ ਕਿ ਬਾਈਕਾਟ ਵਿਆਪਕ ਵਪਾਰਕ ਗੱਲਬਾਤ ਵਿੱਚ ਰੁਕਾਵਟ ਪਾ ਰਿਹਾ ਹੈ।

ਪ੍ਰੀਮੀਅਰ ਡੱਗ ਫੋਰਡ ਵੱਲੋਂ ਸ਼ਰਾਬ ਕੰਟਰੋਲ ਬੋਰਡ ਓਂਟਾਰੀਓ ਦੀ ਨਿਗਰਾਨੀ ਕਰਨ ਵਾਲੇ ਬੈਥਲੇਨਫਾਲਵੀ ਨੇ ਕਿਹਾ ਕਿ ਸਰਕਾਰ 2025 ਦੇ ਸ਼ੁਰੂ ਤੋਂ ਹੀ ਸਪੱਸ਼ਟ ਹੈ ਕਿ ਇਹ ਪਾਬੰਦੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਲਗਾਏ ਗਏ ਟੈਰਿਫਾਂ ਦਾ ਸਿੱਧਾ ਜਵਾਬ ਹੈ। ਇਹ ਪੁੱਛੇ ਜਾਣ ’ਤੇ ਕਿ ਕੀ ਓਨਟਾਰੀਓ ਸਿਰਫ਼ ਉਦੋਂ ਹੀ ਬਾਈਕਾਟ ਹਟਾਏਗਾ ਜਦੋਂ ਉਹ ਟੈਰਿਫ ਪੂਰੀ ਤਰ੍ਹਾਂ ਹਟਾ ਦਿੱਤੇ ਜਾਣਗੇ, ਵਿੱਤ ਮੰਤਰੀ ਨੇ ਸਪੱਸ਼ਟ ਤੌਰ ’ਤੇ ਹਾਂ ਵਿੱਚ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਇਸ ਕਦਮ ਨੂੰ ਹਲਕੇ ਵਿੱਚ ਨਹੀਂ ਲਿਆ ਗਿਆ ਸੀ ਪਰ ਵਾਸ਼ਿੰਗਟਨ ਨੂੰ ਇੱਕ ਸਪੱਸ਼ਟ ਸੰਕੇਤ ਭੇਜਣ ਦਾ ਇਰਾਦਾ ਸੀ।

ਸ਼ਰਾਬ ਦੀ ਪਾਬੰਦੀ ਕੈਨੇਡਾ ਅਤੇ ਅਮਰੀਕਾ ਦੇ ਸਬੰਧਾਂ ਵਿੱਚ ਇੱਕ ਪ੍ਰਮੁੱਖ ਪਰੇਸ਼ਾਨੀ ਬਣ ਗਈ ਹੈ। ਅਮਰੀਕੀ ਵਪਾਰ ਅਧਿਕਾਰੀਆਂ ਨੇ ਸੂਬਾਈ ਬਾਈਕਾਟ ਨੂੰ ਕੈਨੇਡਾ ਸੰਯੁਕਤ ਰਾਜ ਮੈਕਸੀਕੋ ਸਮਝੌਤੇ ਨੂੰ ਵਧਾਉਣ ਵਿੱਚ ਇੱਕ ਰੁਕਾਵਟ ਦੱਸਿਆ ਹੈ। ਅਮਰੀਕੀ ਰਾਜਦੂਤ ਪੀਟ ਹੋਇਕਸਟ ?ਰਾ ਨੇ ਜਨਤਕ ਤੌਰ ’ਤੇ ਸੁਝਾਅ ਦਿੱਤਾ ਹੈ ਕਿ ਇਹ ਪਾਬੰਦੀ ਵ ?ਹਾਈਟ ਹਾਊਸ ਦੇ ਅੰਦਰ ਨਿਰਾਸ਼ਾ ਵਿੱਚ ਯੋਗਦਾਨ ਪਾਉਂਦੀ ਹੈ। ਬੈਥਲਨਫਾਲਵੀ ਨੇ ਇਸ ਗੱਲ ’ਤੇ ਅੰਦਾਜ਼ਾ ਲਗਾਉਣ ਤੋਂ ਇਨਕਾਰ ਕਰ ਦਿੱਤਾ ਕਿ ਇਸ ਮੁੱਦੇ ਨੇ ਇੰਨਾ ਧਿਆਨ ਕਿਉਂ ਖਿੱਚਿਆ ਹੈ ਪਰ ਕੈਨੇਡਾ ਨੂੰ ਦਰਪੇਸ਼ ਟੈਰਿਫਾਂ ਦੀ ਵਿਸ਼ਾਲ ਸ਼੍ਰੇਣੀ ਵੱਲ ਇਸ਼ਾਰਾ ਕੀਤਾ, ਜਿਸ ਵਿੱਚ ਸਟੀਲ, ਐਲੂਮੀਨੀਅਮ, ਆਟੋ ਅਤੇ ਲੱਕੜ ’ਤੇ ਡਿਊਟੀਆਂ ਸ਼ਾਮਲ ਹਨ।

ਮਾਰਚ ਤੋਂ, ਲੱਖਾਂ ਡਾਲਰ ਦੀ ਅਮਰੀਕੀ ਸ਼ਰਾਬ ਸਟੋਰੇਜ ਵਿੱਚ ਪਈ ਹੈ, ਲਗਭਗ 80 ਮਿਲੀਅਨ ਡਾਲਰ ਸ਼ਰਾਬ ਕੰਟਰੋਲ ਬੋਰਡ ਓਂਟਾਰੀਓ ਗੋਦਾਮਾਂ ਵਿੱਚ ਪਈ ਹੈ। ਓਨਟਾਰੀਓ ਲਿਬਰਲਾਂ ਨੇ ਸਰਕਾਰ ਨੂੰ ਸਟਾਕ ਵੇਚਣ ਅਤੇ ਚੈਰਿਟੀ ਨੂੰ ਕਮਾਈ ਦਾਨ ਕਰਨ ਦੀ ਅਪੀਲ ਕੀਤੀ ਹੈ, ਖਾਸ ਕਰਕੇ ਛੁੱਟੀਆਂ ਦੇ ਸੀਜ਼ਨ ਦੌਰਾਨ, ਪਰ ਫੋਰਡ ਸਰਕਾਰ ਨੇ ਉਸ ਵਿਕਲਪ ਲਈ ਬਹੁਤ ਘੱਟ ਭੁੱਖ ਦਿਖਾਈ ਹੈ। ਪ੍ਰੀਮੀਅਰ ਨੇ ਇਸ ਦੀ ਬਜਾਏ ਵਪਾਰਕ ਗੱਲਬਾਤ ਵਿੱਚ ਪਾਬੰਦੀ ਨੂੰ ਲੀਵਰੇਜ ਵਜੋਂ ਬਣਾਈ ਰੱਖਣ ਦੇ ਪ੍ਰਤੀਕਾਤਮਕ ਮੁੱਲ ’ਤੇ ਜ਼ੋਰ ਦਿੱਤਾ ਹੈ।

ਬੈਥਲਨਫਾਲਵੀ ਅਤੇ ਫੋਰਡ ਦੋਵੇਂ ਦਲੀਲ ਦਿੰਦੇ ਹਨ ਕਿ ਨੀਤੀ ਨੇ ਓਨਟਾਰੀਓ ਉਤਪਾਦਕਾਂ ਲਈ ਅਚਾਨਕ ਲਾਭ ਪੈਦਾ ਕੀਤੇ ਹਨ। ਵਿੱਤ ਮੰਤਰੀ ਦੇ ਅਨੁਸਾਰ, ਬਾਈਕਾਟ ਦੁਆਰਾ ਖਾਲੀ ਕੀਤੀ ਗਈ ਸ਼ੈਲਫ ਸਪੇਸ ਨੇ ਸਥਾਨਕ ਕਾਰੋਬਾਰਾਂ ਦੀ ਮਦਦ ਕੀਤੀ ਹੈ, VQA ਓਨਟਾਰੀਓ ਵਾਈਨ ਦੀ ਵਿਕਰੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ ਅਤੇ ਕਰਾਫਟ ਬੀਅਰ ਅਤੇ ਹੋਰ ਓਨਟਾਰੀਓ ਅਧਾਰਤ ਉਤਪਾਦਾਂ ਵਿੱਚ ਮਹੱਤਵਪੂਰਨ ਵਾਧਾ ਦਰਜ ਕੀਤਾ ਗਿਆ ਹੈ। ਫੋਰਡ ਨੇ ਉਸ ਸੰਦੇਸ਼ ਨੂੰ ਦੁਹਰਾਇਆ, ਸਥਾਨਕ ਵਾਈਨ ਦੀ ਗੁਣਵੱਤਾ ਦੀ ਪ੍ਰਸ਼ੰਸਾ ਕੀਤੀ ਅਤੇ ਘਰੇਲੂ ਬ੍ਰਾਂਡਾਂ ਲਈ ਵਧੀ ਹੋਈ ਦਿੱਖ ਨੂੰ ਉਜਾਗਰ ਕੀਤਾ। ਅੱਗੇ ਦੇਖਦੇ ਹੋਏ, ਬੈਥਲਨਫਾਲਵੀ ਨੇ ਕਿਹਾ ਕਿ ਸੂਬਾ 2026 ਵਿੱਚ ਸੰਭਾਵਿਤ CUSMA ਪੁਨਰਗਠਨ ’ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ ਅਤੇ ਸੰਘੀ ਸਰਕਾਰ ਦੇ ਪਹੁੰਚ ਦਾ ਸਮਰਥਨ ਕਰਦਾ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਹੈ ਕਿ ਉਹ ਸਪਲਾਈ ਪ੍ਰਬੰਧਨ ਲਈ ਸੁਰੱਖਿਆ ਸਮੇਤ ਇੱਕ ਲੰਬੇ ਸਮੇਂ ਅਤੇ ਸਥਿਰ ਸਮਝੌਤੇ ਨੂੰ ਸੁਰੱਖਿਅਤ ਕਰਨ ਨੂੰ ਤਰਜੀਹ ਦੇਣਗੇ। ਬੈਥਲਨਫਾਲਵੀ ਨੇ ਕਿਹਾ ਕਿ ਓਨਟਾਰੀਓ ਨਿਸ਼ਚਤਤਾ ਚਾਹੁੰਦਾ ਹੈ ਅਤੇ ਓਟਾਵਾ ਦੇ ਇੱਕ ਅਜਿਹੇ ਸੌਦੇ ਲਈ ਦਬਾਅ ਨਾਲ ਜੁੜਿਆ ਹੋਇਆ ਹੈ ਜੋ ਲੰਬੇ ਸਮੇਂ ਲਈ ਕਾਮਿਆਂ ਅਤੇ ਉਦਯੋਗ ਦਾ ਸਮਰਥਨ ਕਰਦਾ ਹੈ। ਵਿੱਤ ਮੰਤਰੀ ਨੇ ਸੂਬੇ ਦੇ ਸਾਹਮਣੇ ਮੌਜੂਦ ਵਿਆਪਕ ਆਰਥਿਕ ਦਬਾਅ ਨੂੰ ਵੀ ਸੰਬੋਧਿਤ ਕੀਤਾ। ਅਮਰੀਕੀ ਟੈਰਿਫਾਂ ਨੇ ਓਨਟਾਰੀਓ ਦੀ ਬੇਰੁਜ਼ਗਾਰੀ ਦਰ ਨੂੰ 7.8 ਪ੍ਰਤੀਸ਼ਤ ਤੱਕ ਵਧਾਉਣ ਵਿੱਚ ਯੋਗਦਾਨ ਪਾਇਆ ਹੈ, ਜੋ ਕਿ 2026 ਤੱਕ ਜ਼ਿਆਦਾਤਰ ਸਮੇਂ ਤੱਕ ਜਾਰੀ ਰਹਿਣ ਦਾ ਅਨੁਮਾਨ ਹੈ। ਬੈਥਲਨਫਾਲਵੀ ਨੇ ਕਿਹਾ ਕਿ ਸਰਕਾਰ ਆਪਣੇ 5 ਬਿਲੀਅਨ ਡਾਲਰ ਦੇ ਪ੍ਰੋਟੈਕਟ ਓਨਟਾਰੀਓ ਫੰਡ ਰਾਹੀਂ ਨਿਸ਼ਾਨਾਬੱਧ ਸਹਾਇਤਾ ਦੀ ਪੇਸ਼ਕਸ਼ ਜਾਰੀ ਰੱਖੇਗੀ, ਜਦੋਂ ਕਿ ਅਲਗੋਮਾ ਸਟੀਲ ਨੂੰ 100 ਮਿਲੀਅਨ ਡਾਲਰ ਦੇ ਸੂਬਾਈ ਕਰਜ਼ੇ ਅਤੇ ਸਰਕਾਰ ਦੇ ਵਧਦੇ ਕਰਜ਼ੇ ਦੇ ਭਾਰ ਵਰਗੇ ਵਿਵਾਦਪੂਰਨ ਉਪਾਵਾਂ ਦਾ ਬਚਾਅ ਕਰੇਗੀ। ਹੁਨਰ ਵਿਕਾਸ ਫੰਡ ਦੇ ਆਲੇ ਦੁਆਲੇ ਦੀ ਆਲੋਚਨਾ ’ਤੇ, ਜਿਸ ਨੂੰ ਆਡੀਟਰ ਜਨਰਲ ਅਤੇ ਇਮਾਨਦਾਰੀ ਕਮਿਸ਼ਨਰ ਤੋਂ ਜਾਂਚ ਦਾ ਸਾਹਮਣਾ ਕਰਨਾ ਪਿਆ ਹੈ, ਬੈਥਲਨਫਾਲਵੀ ਨੇ ਕਿਹਾ ਕਿ ਇਹ ਪ੍ਰੋਗਰਾਮ ਵਰਕਰ ਸਿਖਲਾਈ ਲਈ ਜ਼ਰੂਰੀ ਹੈ। ਉਸਨੇ ਸੁਧਾਰਾਂ ਦੀ ਜ਼ਰੂਰਤ ਨੂੰ ਸਵੀਕਾਰ ਕੀਤਾ ਅਤੇ ਕਿਹਾ ਕਿ ਸਰਕਾਰ ਨੇ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਮਜ਼ਬੂਤ ? ?ਕਰਨ ਦੇ ਉਦੇਸ਼ ਨਾਲ ਸਾਰੀਆਂ ਸਿਫਾਰਸ਼ਾਂ ਨੂੰ ਸਵੀਕਾਰ ਕਰ ਲਿਆ ਹੈ। ਚੱਲ ਰਹੇ ਵਿਵਾਦਾਂ ਦੇ ਬਾਵਜੂਦ, ਵਿੱਤ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਸੂਬਾ ਆਪਣੀ ਮੁੱਖ ਵਪਾਰ ਰਣਨੀਤੀ, ਜਿਸ ਵਿੱਚ *32® ਪਾਬੰਦੀ ਵੀ ਸ਼ਾਮਲ ਹੈ, ਦੇ ਨਾਲ ਖੜ੍ਹਾ ਰਹੇਗਾ, ਜਦੋਂ ਤੱਕ ਓਨਟਾਰੀਓ ਅਮਰੀਕੀ ਟੈਰਿਫਾਂ ਤੋਂ ਅਰਥਪੂਰਨ ਰਾਹਤ ਨਹੀਂ ਦੇਖਦਾ।

# ਸਪੇਨ ਵਿੱਚ ਵੱਡੇ ਪੱਧਰ ’ਤੇ ਡੇਸਜਾਰਡਿਨਜ਼ ਡੇਟਾ ਉਲੰਘਣਾ ਦੇ ਸਬੰਧ ਵਿੱਚ ਕੈਨੇਡੀਅਨ ਭਗੌੜਾ ਗ੍ਰਿਫ਼ਤਾਰ

ਟੋਰਾਂਟੋ : ਡੇਸਜਾਰਡਿਨਜ਼ ਡੇਟਾ ਉਲੰਘਣਾ ਦੇ ਸਬੰਧ ਵਿੱਚ ਲੋੜੀਂਦੇ ਇੱਕ ਕੈਨੇਡੀਅਨ ਵਿਅਕਤੀ ਨੂੰ ਸਪੇਨ ਵਿੱਚ ਇੱਕ ਸਾਲ ਤੋਂ ਵੱਧ ਸਮੇਂ ਤੋਂ ਭੱਜਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ। ਗਲੋਬਲ ਨਿਊਜ਼ ਦੇ ਅਨੁਸਾਰ, ਕਿਊਬਿਕ ਸੂਬਾਈ ਪੁਲਿਸ ਨੇ ਪੁਸ਼ਟੀ ਕੀਤੀ ਕਿ 40 ਸਾਲਾ ਜੁਆਨ ਪਾਬਲੋ ਸੇਰਾਨੋ ਨੂੰ 6 ਨਵੰਬਰ, 2025 ਨੂੰ ਸਪੈਨਿਸ਼ ਅਧਿਕਾਰੀਆਂ ਨੇ ਇੱਕ ਤਾਲਮੇਲ ਵਾਲੇ ਅੰਤਰਰਾਸ਼ਟਰੀ ਆਪ੍ਰੇਸ਼ਨ ਤੋਂ ਬਾਅਦ ਹਿਰਾਸਤ ਵਿੱਚ ਲੈ ਲਿਆ ਸੀ।



ਇਹ ਗ੍ਰਿਫ਼ਤਾਰੀ ਸਪੈਨਿਸ਼ ਪੁਲਿਸ, ਸੂਰੇਤੇ ਡੂ ਕਿਊਬੈਕ ਅਤੇ ਇੰਟਰਪੋਲ ਦੇ ਸਾਂਝੇ ਯਤਨਾਂ ਦਾ ਨਤੀਜਾ ਸੀ। ਸੇਰਾਨੋ ਦੀ ਜੂਨ 2024 ਤੋਂ ਕਿਊਬਿਕ ਪੁਲਿਸ ਵਿੱਤੀ ਅਪਰਾਧ ਅਤੇ ਸਾਈਬਰ ਅਪਰਾਧ ਇਕਾਈਆਂ ਦੁਆਰਾ ਸੰਵੇਦਨਸ਼ੀਲ ਡੇਸਜਾਰਡਿਨਜ਼ ਕਲਾਇੰਟ ਡੇਟਾ ਦੀ ਚੋਰੀ ਅਤੇ ਮੁੜ ਵਿਕਰੀ ਵਿੱਚ ਉਸਦੀ ਕਥਿਤ ਭੂਮਿਕਾ ਲਈ ਸਰਗਰਮੀ ਨਾਲ ਭਾਲ ਕੀਤੀ ਜਾ ਰਹੀ ਸੀ। ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਇਸ ਉਲੰਘਣਾ ਨੇ ਡੇਸਜਾਰਡਿਨਜ਼ ਗਰੁੱਪ ਦੇ ਲਗਭਗ 9.7 ਮਿਲੀਅਨ ਗਾਹਕਾਂ ਨੂੰ ਪ੍ਰਭਾਵਿਤ ਕੀਤਾ, ਜਿਸ ਨਾਲ ਇਹ ਕੈਨੇਡੀਅਨ ਇਤਿਹਾਸ ਵਿੱਚ ਸਭ ਤੋਂ ਵੱਡੀ ਗੋਪਨੀਯਤਾ ਉਲੰਘਣਾਵਾਂ ਵਿੱਚੋਂ ਇੱਕ ਬਣ ਗਿਆ। ਪੁਲਿਸ ਦੇ ਅਨੁਸਾਰ, ਸੇਰਾਨੋ ’ਤੇ ਡੇਸਜਾਰਡਿਨਜ਼ ਦੇ ਇੱਕ ਸਾਬਕਾ ਕਰਮਚਾਰੀ ਤੋਂ ਚੋਰੀ ਕੀਤੀ ਗਈ ਨਿੱਜੀ ਜਾਣਕਾਰੀ ਖਰੀਦਣ ਅਤੇ ਉਸ ਡੇਟਾ ਦੀ ਵਰਤੋਂ ਵੱਖ-ਵੱਖ ਧੋਖਾਧੜੀ ਯੋਜਨਾਵਾਂ ਨੂੰ ਅੰਜਾਮ ਦੇਣ ਲਈ ਕਰਨ ਦਾ ਦੋਸ਼ ਹੈ। ਸਾਈਬਰ ਸੁਰੱਖਿਆ ਮਾਹਰ ਟੈਰੀ ਕਟਲਰ ਨੇ ਗਲੋਬਲ ਨਿਊਜ਼ ਨੂੰ ਦੱਸਿਆ ਕਿ ਇਹ ਮਾਮਲਾ ਕਿਸੇ ਬਾਹਰੀ ਸਾਈਬਰ ਹਮਲੇ ਦਾ ਨਤੀਜਾ ਨਹੀਂ ਸੀ, ਸਗੋਂ ਇੱਕ ਅੰਦਰੂਨੀ ਘਟਨਾ ਸੀ, ਇਹ ਨੋਟ ਕਰਦੇ ਹੋਏ ਕਿ ਜ਼ਿੰਮੇਵਾਰ ਵਿਅਕਤੀ ਕੋਲ ਸੰਵੇਦਨਸ਼ੀਲ ਪ੍ਰਣਾਲੀਆਂ ਅਤੇ ਡੇਟਾ ਤੱਕ ਬਹੁਤ ਜ਼ਿਆਦਾ ਪਹੁੰਚ ਸੀ। ਇੰਟਰਪੋਲ ਨੇ ਸੇਰਾਨੋ ਲਈ ਇੱਕ ਰੈੱਡ ਨੋਟਿਸ ਜਾਰੀ ਕੀਤਾ ਸੀ, ਜਿਸ ਵਿੱਚ ਹਵਾਲਗੀ ਤੱਕ ਉਸਨੂੰ ਲੱਭਣ ਅਤੇ ਹਿਰਾਸਤ ਵਿੱਚ ਲੈਣ ਲਈ ਅੰਤਰਰਾਸ਼ਟਰੀ ਸਹਾਇਤਾ ਦੀ ਬੇਨਤੀ ਕੀਤੀ ਗਈ ਸੀ। ਕਿਊਬਿਕ ਪੁਲਿਸ ਨੇ ਕਿਹਾ ਕਿ ਸੇਰਾਨੋ ਨੂੰ ਸੂਬੇ ਦੇ ਸਭ ਤੋਂ ਵੱਧ ਲੋੜੀਂਦੇ ਭਗੌੜਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਸੀ। ਉਹ ਸਪੇਨ ਵਿੱਚ ਹਿਰਾਸਤ ਵਿੱਚ ਹੈ ਜਦੋਂ ਕਿ ਉਸਨੂੰ ਕੈਨੇਡਾ ਵਾਪਸ ਭੇਜਣ ਲਈ ਹਵਾਲਗੀ ਦੀ ਕਾਰਵਾਈ ਚੱਲ ਰਹੀ ਹੈ, ਜਿੱਥੇ ਉਸਨੂੰ ਪਛਾਣ ਚੋਰੀ, ਪਛਾਣ ਜਾਣਕਾਰੀ ਦੀ ਤਸਕਰੀ ਅਤੇ 5,000 ਡਾਲਰ ਤੋਂ ਵੱਧ ਦੀ ਧੋਖਾਧੜੀ ਸਮੇਤ ਦੋਸ਼ਾਂ ਦਾ ਸਾਹਮਣਾ ਕਰਨ ਦੀ ਉਮੀਦ ਹੈ। ਸੂਰੇਤੇ ਡੂ ਕਿਊਬੇਕ ਨੇ ਇਸ ਸਫਲ ਗ੍ਰਿਫ਼ਤਾਰੀ ਲਈ ਕਈ ਅੰਤਰਰਾਸ਼ਟਰੀ ਭਾਈਵਾਲਾਂ ਨੂੰ ਸਿਹਰਾ ਦਿੱਤਾ, ਜਿਨ੍ਹਾਂ ਵਿੱਚ ਸਪੈਨਿਸ਼ ਅਧਿਕਾਰੀ, ਇੰਟਰਪੋਲ ਅਤੇ ਅਮਰੀਕੀ ਏਜੰਸੀਆਂ ਜਿਵੇਂ ਕਿ ਸੀਕ੍ਰੇਟ ਸਰਵਿਸ ਦਾ ਓਟਾਵਾ ਫੀਲਡ ਆਫਿਸ ਅਤੇ ਇਸਦਾ ਮੈਡ੍ਰਿਡ ਰੈਜ਼ੀਡੈਂਟ ਆਫਿਸ ਸ਼ਾਮਲ ਹਨ। ਪੁਲਿਸ ਨੇ ਕਿਹਾ ਕਿ ਉਹ ਸਾਂਝੇਦਾਰੀਆਂ ਸੇਰਾਨੋ ਦੇ ਕੈਨੇਡਾ ਭੱਜਣ ਤੋਂ ਬਾਅਦ ਉਸਨੂੰ ਟਰੈਕ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਸਨ।

# ਵੈਨੇਜ਼ੁਏਲਾ ਦੇ ਰਾਸ਼ਟਰਪਤੀ ਦੀ ਅਮਰੀਕੀ ਜ਼ਬਤੀ ਕੈਨੇਡਾ ਦੀ ਊਰਜਾ, ਇਮੀਗ੍ਰੇਸ਼ਨ ਅਤੇ ਪ੍ਰਭੂਸੱਤਾ ਦੇ ਦ੍ਰਿਸ਼ਟੀਕੋਣ ਨੂੰ ਮੁੜ ਆਕਾਰ ਦੇਵੇਗੀ

ਓਟਾਵਾ : ਕੈਨੇਡਾ ਸੰਯੁਕਤ ਰਾਜ ਅਮਰੀਕਾ ਦੇ ਫੌਜੀ ਆਪ੍ਰੇਸ਼ਨ ਤੋਂ ਬਾਅਦ ਵਿਆਪਕ ਪ੍ਰਭਾਵ ਮਹਿਸੂਸ ਕਰ ਸਕਦਾ ਹੈ ਜਿਸ ਕਾਰਨ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਗ੍ਰਿਫ਼ਤਾਰ ਕੀਤਾ ਗਿਆ, ਇੱਕ ਅਜਿਹੀ ਘਟਨਾ ਜਿਸਨੇ ਦੁਨੀਆ ਭਰ ਵਿੱਚ ਜਸ਼ਨ ਅਤੇ ਨਿੰਦਾ ਦੋਵਾਂ ਨੂੰ ਜਨਮ ਦਿੱਤਾ ਹੈ। ਸੀਟੀਵੀ ਨਿਊਜ਼ ਦੀ ਰਿਪੋਰਟਿੰਗ ਦੇ ਅਨੁਸਾਰ, ਇਸ ਆਪ੍ਰੇਸ਼ਨ ਦੀ ਬਹੁਤ ਸਾਰੇ ਵੈਨੇਜ਼ੁਏਲਾ ਵਾਸੀਆਂ ਦੁਆਰਾ ਪ੍ਰਸ਼ੰਸਾ ਕੀਤੀ ਗਈ ਹੈ ਜੋ ਮਾਦੁਰੋ ਨੂੰ ਇੱਕ ਤਾਨਾਸ਼ਾਹੀ ਨੇਤਾ ਵਜੋਂ ਦੇਖਦੇ ਸਨ, ਜਦੋਂ ਕਿ ਸਰਕਾਰਾਂ ਅਤੇ ਸੰਯੁਕਤ ਰਾਸ਼ਟਰ, ਬ੍ਰਾਜ਼ੀਲ ਅਤੇ ਮੈਕਸੀਕੋ ਸਮੇਤ ਅੰਤਰਰਾਸ਼ਟਰੀ ਸੰਸਥਾਵਾਂ ਨੇ ਇਸ ਕਾਰਵਾਈ ਦੀ ਅੰਤਰਰਾਸ਼ਟਰੀ ਕਾਨੂੰਨ ਅਤੇ ਰਾਸ਼ਟਰੀ ਪ੍ਰਭੂਸੱਤਾ ਦੀ ਉਲੰਘਣਾ ਵਜੋਂ ਨਿੰਦਾ ਕੀਤੀ ਹੈ।

ਕੈਨੇਡਾ ਦੇ ਵੈਨੇਜ਼ੁਏਲਾ ਭਾਈਚਾਰੇ ਵਿੱਚ ਇੱਕ ਤੁਰੰਤ ਪ੍ਰਭਾਵ ਮਹਿਸੂਸ ਕੀਤਾ ਜਾ ਸਕਦਾ ਹੈ। ਜਨਗਣਨਾ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਵੈਨੇਜ਼ੁਏਲਾ ਮੂਲ ਦੇ ਲਗਭਗ 30,000 ਲੋਕ ਕੈਨੇਡਾ ਵਿੱਚ ਰਹਿੰਦੇ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਰਾਜਨੀਤਿਕ ਅਤਿਆਚਾਰ ਕਾਰਨ ਘਰ ਵਾਪਸ ਨਹੀਂ ਆ ਸਕੇ ਜਾਂ ਪਰਿਵਾਰਕ ਮੈਂਬਰਾਂ ਨਾਲ ਦੁਬਾਰਾ ਜੁੜ ਨਾ ਸਕੇ। ਕਈ ਵੈਨੇਜ਼ੁਏਲਾ ਕੈਨੇਡੀਅਨਾਂ ਨੇ ਨਵੀਂ ਉਮੀਦ ਪ੍ਰਗਟ ਕੀਤੀ ਹੈ ਕਿ ਸੱਤਾ ਵਿੱਚ ਤਬਦੀਲੀ ਨਾਲ ਰਾਜਨੀਤਿਕ ਕੈਦੀਆਂ ਦੀ ਰਿਹਾਈ ਹੋ ਸਕਦੀ ਹੈ ਅਤੇ ਪਰਿਵਾਰਾਂ ਨੂੰ ਸਾਲਾਂ ਦੇ ਵੱਖ ਹੋਣ ਤੋਂ ਬਾਅਦ ਦੁਬਾਰਾ ਜੁੜਨ ਦੀ ਆਗਿਆ ਮਿਲ ਸਕਦੀ ਹੈ। ਸੀਟੀਵੀ ਨਿਊਜ਼ ਦੇ ਅਨੁਸਾਰ, ਕੈਨੇਡਾ ਦੇ ਵਿਦੇਸ਼ ਮਾਮਲਿਆਂ ਦੇ ਵਿਭਾਗ ਨੇ ਪਹਿਲਾਂ ਵੈਨੇਜ਼ੁਏਲਾ ਦੀ ਸਾਬਕਾ ਸਰਕਾਰ ਦੇ ਅਧੀਨ ਦੁਰਵਿਵਹਾਰ ਦੇ ਮਾਮਲਿਆਂ ਬਾਰੇ ਜਾਗਰੂਕਤਾ ਨੂੰ ਸਵੀਕਾਰ ਕੀਤਾ ਹੈ। ਇਹ ਸਥਿਤੀ ਵਿਸ਼ਵ ਤੇਲ ਬਾਜ਼ਾਰਾਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ, ਜਿਸਦੇ ਕੈਨੇਡਾ ਦੇ ਊਰਜਾ ਖੇਤਰ ਲਈ ਸੰਭਾਵੀ ਨਤੀਜੇ ਹੋ ਸਕਦੇ ਹਨ। ਵਿਸ਼ਲੇਸ਼ਕਾਂ ਨੇ ਸੀਟੀਵੀ ਨਿਊਜ਼ ਨੂੰ ਦੱਸਿਆ ਕਿ ਵੈਨੇਜ਼ੁਏਲਾ ਕੋਲ ਦੁਨੀਆ ਦਾ ਸਭ ਤੋਂ ਵੱਡਾ ਸਾਬਤ ਤੇਲ ਭੰਡਾਰ ਹੈ, ਅਤੇ ਉਤਪਾਦਨ ਦੀ ਪੁਨਰ ਸੁਰਜੀਤੀ ਅੰਤ ਵਿੱਚ ਵਿਸ਼ਵ ਤੇਲ ਕੀਮਤਾਂ ’ਤੇ ਦਬਾਅ ਪਾ ਸਕਦੀ ਹੈ। ਹਾਲਾਂਕਿ ਰਾਜਨੀਤਿਕ ਸਥਿਰਤਾ ਅਤੇ ਵੱਡੇ ਬੁਨਿਆਦੀ ਢਾਂਚੇ ਦੇ ਨਿਵੇਸ਼ ਦੀ ਜ਼ਰੂਰਤ ਦੇ ਕਾਰਨ ਕਿਸੇ ਵੀ ਪ੍ਰਭਾਵ ਵਿੱਚ ਸਮਾਂ ਲੱਗੇਗਾ, ਮਾਹਰਾਂ ਦਾ ਕਹਿਣਾ ਹੈ ਕਿ ਵੈਨੇਜ਼ੁਏਲਾ ਦੇ ਉਤਪਾਦਨ ਵਿੱਚ ਮਹੱਤਵਪੂਰਨ ਵਾਧਾ ਕੈਨੇਡੀਅਨ ਤੇਲ ਲਈ ਮੁਕਾਬਲੇ ਨੂੰ ਤੇਜ਼ ਕਰ ਸਕਦਾ ਹੈ, ਖਾਸ ਕਰਕੇ ਉੱਤਰੀ ਅਮਰੀਕੀ ਬਾਜ਼ਾਰਾਂ ਵਿੱਚ।



ਇਸ ਬਾਰੇ ਅਨਿਸ਼ਚਿਤਤਾ ਬਣੀ ਹੋਈ ਹੈ ਕਿ ਸੰਯੁਕਤ ਰਾਜ ਅਮਰੀਕਾ ਵੈਨੇਜ਼ੁਏਲਾ ਦੇ ਤੇਲ ਉਦਯੋਗ ਨੂੰ ਕਿਵੇਂ ਪ੍ਰਬੰਧਿਤ ਕਰਨ ਦਾ ਇਰਾਦਾ ਰੱਖਦਾ ਹੈ। ਜਦੋਂ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁਰੂ ਵਿੱਚ ਵੈਨੇਜ਼ੁਏਲਾ ਦੇ ਤੇਲ ਉਤਪਾਦਨ ’ਤੇ ਅਮਰੀਕੀ ਨਿਯੰਤਰਣ ਦਾ ਸੁਝਾਅ ਦਿੱਤਾ ਸੀ, ਅਮਰੀਕੀ ਅਧਿਕਾਰੀਆਂ ਨੇ ਬਾਅਦ ਵਿੱਚ ਜਲ ਸੈਨਾ ਲਾਗੂ ਕਰਨ ਦੁਆਰਾ ਤੇਲ ਕੁਆਰੰਟੀਨ ਲਈ ਯੋਜਨਾਵਾਂ ਦਾ ਸੰਕੇਤ ਦਿੱਤਾ। ਮਾਹਿਰਾਂ ਨੇ ਨੋਟ ਕੀਤਾ ਕਿ ਇਹ ਪਹੁੰਚ ਵੈਨੇਜ਼ੁਏਲਾ ਦੀ ਸੁਤੰਤਰ ਤੌਰ ’ਤੇ ਤੇਲ ਨਿਰਯਾਤ ਕਰਨ ਦੀ ਯੋਗਤਾ ਨੂੰ ਸੀਮਤ ਕਰ ਸਕਦੀ ਹੈ, ਜਿਸ ਨਾਲ ਦੇਸ਼ ਅਮਰੀਕੀ ਨਿਗਰਾਨੀ ’ਤੇ ਨਿਰਭਰ ਹੋ ਸਕਦਾ ਹੈ ਅਤੇ ਵਿਸ਼ਵਵਿਆਪੀ ਊਰਜਾ ਗਤੀਸ਼ੀਲਤਾ ਨੂੰ ਹੋਰ ਗੁੰਝਲਦਾਰ ਬਣਾ ਸਕਦਾ ਹੈ। ਅਰਥਸ਼ਾਸਤਰ ਤੋਂ ਪਰੇ, ਕੈਨੇਡੀਅਨ ਨਿਰੀਖਕ ਚੇਤਾਵਨੀ ਦਿੰਦੇ ਹਨ ਕਿ ਇਹ ਕਾਰਵਾਈ ਪ੍ਰਭੂਸੱਤਾ ਬਾਰੇ ਗੰਭੀਰ ਸਵਾਲ ਉਠਾਉਂਦੀ ਹੈ। ਸਾਬਕਾ ਡਿਪਲੋਮੈਟਾਂ ਅਤੇ ਰਾਜਨੀਤਿਕ ਵਿਗਿਆਨੀਆਂ ਨੇ ਸੀਟੀਵੀ ਨਿਊਜ਼ ਨੂੰ ਦੱਸਿਆ ਕਿ ਅਮਰੀਕਾ ਦੀ ਇਹ ਕਾਰਵਾਈ ਕੈਨੇਡਾ ਸਮੇਤ ਹੋਰ ਦੇਸ਼ਾਂ ਨੂੰ ਵਾਸ਼ਿੰਗਟਨ ਦੀ ਇਕਪਾਸੜ ਕਾਰਵਾਈ ਕਰਨ ਦੀ ਇੱਛਾ ਬਾਰੇ ਸੰਕੇਤ ਦਿੰਦੀ ਹੈ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵੱਲੋਂ ਇਸ ਹਮਲੇ ’ਤੇ ਚਰਚਾ ਕਰਨ ਲਈ ਤਿਆਰ ਹੋਣ ਦੇ ਨਾਲ, ਵਿਸ਼ਵਵਿਆਪੀ ਚਿੰਤਾ ਵਧਦੀ ਜਾ ਰਹੀ ਹੈ ਕਿ ਇਹ ਘਟਨਾ ਇੱਕ ਅਜਿਹੀ ਮਿਸਾਲ ਸਥਾਪਤ ਕਰ ਸਕਦੀ ਹੈ ਜੋ ਅੰਤਰਰਾਸ਼ਟਰੀ ਕਾਨੂੰਨ ਅਤੇ ਰਾਸ਼ਟਰੀ ਆਜ਼ਾਦੀ ਲਈ ਸਤਿਕਾਰ ਨੂੰ ਕਮਜ਼ੋਰ ਕਰਦੀ ਹੈ।

# ਸੰਯੁਕਤ ਰਾਜ ਅਮਰੀਕਾ ਵਿੱਚ ਲਗਭਗ ਤਿੰਨ ਵਿੱਚੋਂ ਇੱਕ ਫਲੂ ਟੈਸਟ ਦਸੰਬਰ ਦੇ ਅਖੀਰ ਵਿੱਚ ਸਕਾਰਾਤਮਕ ਵਾਪਸ ਆਇਆ

## ਅਮਰੀਕੀ ਅੰਕੜਿਆਂ ਨੇ ਛੁੱਟੀਆਂ ਦੇ ਸਮੇਂ ਦੌਰਾਨ ਲਾਗਾਂ ਵਿੱਚ ਤੇਜ਼ੀ ਨਾਲ ਵਾਧਾ ਦਿਖਾਇਆ ਹੈ



ਸਿਹਤ ਅਧਿਕਾਰੀ ਇੱਕ ਗੰਭੀਰ ਫਲੂ ਦੇ ਸੀਜ਼ਨ ਦੀ ਚੇਤਾਵਨੀ ਦੇ ਰਹੇ ਹਨ ਕਿਉਂਕਿ ਨਵੇਂ ਅਮਰੀਕੀ ਅੰਕੜਿਆਂ ਨੇ ਛੁੱਟੀਆਂ ਦੇ ਸਮੇਂ ਦੌਰਾਨ ਲਾਗਾਂ ਵਿੱਚ ਤੇਜ਼ੀ ਨਾਲ ਵਾਧਾ ਦਿਖਾਇਆ ਹੈ, ਇੱਕ ਰੁਝਾਨ ਮਾਹਰਾਂ ਦਾ ਕਹਿਣਾ ਹੈ ਕਿ ਜਲਦੀ ਹੀ ਕੈਨੇਡਾ ਵਿੱਚ ਵੀ ਇਹ ਪ੍ਰਭਾਵ ਪੈ ਸਕਦਾ ਹੈ। ਗਲੋਬਲ ਨਿਊਜ਼ ਦੇ ਅਨੁਸਾਰ, ਸੰਯੁਕਤ ਰਾਜ ਅਮਰੀਕਾ ਵਿੱਚ ਲਗਭਗ ਤਿੰਨ ਵਿੱਚੋਂ ਇੱਕ ਫਲੂ ਟੈਸਟ ਦਸੰਬਰ ਦੇ ਅਖੀਰ ਵਿੱਚ ਸਕਾਰਾਤਮਕ ਵਾਪਸ ਆਇਆ, ਜੋ ਕਿ ਮੁੱਖ ਤੌਰ ’ਤੇ ਇਨਫਲੂਐਂਜ਼ਾ ਏ ਦੇ ਤੇਜ਼ੀ ਨਾਲ ਫੈਲਣ ਵਾਲੇ HCNB ਸਟਰੇਨ ਦੁਆਰਾ ਪ੍ਰੇਰਿਤ ਸੀ।

ਯੂਐਸ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਦੇ ਅੰਕੜੇ ਦਰਸਾਉਂਦੇ ਹਨ ਕਿ 27 ਦਸੰਬਰ ਨੂੰ ਖਤਮ ਹੋਣ ਵਾਲੇ ਹਫ਼ਤੇ ਲਈ 32.9 ਪ੍ਰਤੀਸ਼ਤ ਇਨਫਲੂਐਂਜ਼ਾ ਟੈਸਟ ਸਕਾਰਾਤਮਕ ਸਨ, ਜੋ ਪਿਛਲੇ ਹਫ਼ਤੇ ਦੇ 25.6 ਪ੍ਰਤੀਸ਼ਤ ਤੋਂ ਕਾਫ਼ੀ ਜ਼ਿਆਦਾ ਸਨ। ਸਿਰਫ਼ ਇੱਕ ਮਹੀਨਾ ਪਹਿਲਾਂ, ਸਕਾਰਾਤਮਕਤਾ ਦਰ 7.1 ਪ੍ਰਤੀਸ਼ਤ ਸੀ। ਸੀਡੀਸੀ ਨੇ ਕਿਹਾ ਕਿ ਇਸ ਸਮੇਂ ਦੌਰਾਨ ਇਨਫਲੂਐਂਜ਼ਾ ਏ(ਐਚ3ਐਨ2) ਸਭ ਤੋਂ ਵੱਧ ਖੋਜਿਆ ਜਾਣ ਵਾਲਾ ਸਟ ?ਰੇਨ ਸੀ, ਜੋ ਕਿ ਛੁੱਟੀਆਂ ਦੇ ਤੀਬਰ ਵਾਧੇ ਦਾ ਸੰਕੇਤ ਦਿੰਦਾ ਹੈ।

ਸੰਯੁਕਤ ਰਾਜ ਵਿੱਚ ਹਸਪਤਾਲ ਵਿੱਚ ਭਰਤੀ ਵੀ ਤੇਜ਼ੀ ਨਾਲ ਵਧਿਆ। ਸੀਡੀਸੀ ਨੇ ਪ੍ਰਤੀ 100,000 ਲੋਕਾਂ ਵਿੱਚ ਫਲੂ ਹਸਪਤਾਲ ਵਿੱਚ ਭਰਤੀ ਹੋਣ ਦੀ ਦਰ 31.3 ਦੱਸੀ, ਜਦੋਂ ਕਿ ਪਿਛਲੇ ਹਫ਼ਤੇ ਇਹ ਦਰ 22.9 ਸੀ। ਉਸ ਹਫ਼ਤੇ ਦੌਰਾਨ 33,000 ਤੋਂ ਵੱਧ ਅਮਰੀਕੀਆਂ ਨੂੰ ਇਨਫਲੂਐਂਜ਼ਾ ਨਾਲ ਹਸਪਤਾਲ ਵਿੱਚ ਭਰਤੀ ਕੀਤਾ ਗਿਆ ਸੀ, ਜੋ ਕਿ ਪਿਛਲੇ ਹਫ਼ਤੇ 19,000 ਤੋਂ ਵੱਧ ਸੀ। ਉਸ ਸਮੇਂ ਦੌਰਾਨ ਇਨਫਲੂਐਂਜ਼ਾ ਸਾਰੀਆਂ ਰਿਪੋਰਟ ਕੀਤੀਆਂ ਗਈਆਂ ਅਮਰੀਕੀ ਮੌਤਾਂ ਦੇ ਲਗਭਗ ਇੱਕ ਪ੍ਰਤੀਸ਼ਤ ਨਾਲ ਜੁੜਿਆ ਹੋਇਆ ਸੀ, ਜਿਸ ਵਿੱਚ ਇੱਕ ਬੱਚੇ ਦੀ ਮੌਤ ਵੀ ਸ਼ਾਮਲ ਹੈ।

ਕੈਨੇਡੀਅਨ ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕੀ ਅੰਕੜੇ ਘਰੇਲੂ ਤੌਰ ’ਤੇ ਅੱਗੇ ਕੀ ਹੋਣ ਵਾਲਾ ਹੈ, ਇਸਦਾ ਪੂਰਵਦਰਸ਼ਨ ਪੇਸ਼ ਕਰ ਸਕਦੇ ਹਨ। ਸੇਂਟ ਮਾਈਕਲ ਹਸਪਤਾਲ ਦੇ ਅੰਦਰੂਨੀ ਦਵਾਈ ਡਾਕਟਰ ਅਤੇ ਟੋਰਾਂਟੋ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਫਹਾਦ ਰਜ਼ਾਕ ਨੇ ਗਲੋਬਲ ਨਿਊਜ਼ ਨੂੰ ਦੱਸਿਆ ਕਿ ਕਈ ਅੰਤਰਰਾਸ਼ਟਰੀ ਸੰਕੇਤ ਸੁਝਾਅ ਦਿੰਦੇ ਹਨ ਕਿ ਕੈਨੇਡਾ ਵੀ ਸਾਲਾਂ ਵਿੱਚ ਆਪਣੇ ਸਭ ਤੋਂ ਭੈੜੇ ਫਲੂ ਸੀਜ਼ਨਾਂ ਵਿੱਚੋਂ ਇੱਕ ਦਾ ਅਨੁਭਵ ਕਰ ਰਿਹਾ ਹੈ। ਉਸਨੇ ਯੂਰਪ, ਆਸਟ ?ਰੇਲੀਆ ਅਤੇ ਜਾਪਾਨ ਵਿੱਚ ਪਹਿਲਾਂ ਦੇਖੇ ਗਏ ਸਮਾਨ ਪੈਟਰਨਾਂ ਵੱਲ ਚੇਤਾਵਨੀ ਦੇ ਸੰਕੇਤਾਂ ਵਜੋਂ ਇਸ਼ਾਰਾ ਕੀਤਾ।

ਹੈਲਥ ਕੈਨੇਡਾ ਦਾ ਸਭ ਤੋਂ ਤਾਜ਼ਾ ਡੇਟਾ ਪਹਿਲਾਂ ਹੀ ਸਿਹਤ ਪ੍ਰਣਾਲੀ ’ਤੇ ਵਧ ਰਹੇ ਦਬਾਅ ਦਾ ਸੁਝਾਅ ਦਿੰਦਾ ਹੈ। 13 ਦਸੰਬਰ ਨੂੰ ਖਤਮ ਹੋਣ ਵਾਲੇ ਹਫ਼ਤੇ ਲਈ, ਕੈਨੇਡਾ ਵਿੱਚ 11,646 ਨਵੇਂ ਫਲੂ ਦੇ ਮਾਮਲੇ ਦਰਜ ਕੀਤੇ ਗਏ, ਜਿਨ੍ਹਾਂ ਵਿੱਚੋਂ 27.7 ਪ੍ਰਤੀਸ਼ਤ ਟੈਸਟ ਸਕਾਰਾਤਮਕ ਵਾਪਸ ਆਏ। ਹਸਪਤਾਲ ਵਿੱਚ ਭਰਤੀ ਹੋਣ ਦੀ ਦਰ ਪਿਛਲੀ ਰਿਪੋਰਟਿੰਗ ਅਵਧੀ ਨਾਲੋਂ ਲਗਭਗ ਦੁੱਗਣੀ ਹੋ ਗਈ ਹੈ, ਜਿਸ ਵਿੱਚ ਲਾਗਾਂ ਵਿੱਚ 30 ਪ੍ਰਤੀਸ਼ਤ ਦੇ ਕਰੀਬ ਵਾਧਾ ਹੋਇਆ ਹੈ। ਫੈਡਰਲ ਅਧਿਕਾਰੀਆਂ ਵੱਲੋਂ ਇਸ ਹਫ਼ਤੇ ਦੇ ਅੰਤ ਵਿੱਚ ਅਪਡੇਟ ਕੀਤੇ ਰਾਸ਼ਟਰੀ ਫਲੂ ਡੇਟਾ ਜਾਰੀ ਕਰਨ ਦੀ ਉਮੀਦ ਹੈ ਕਿਉਂਕਿ ਹਸਪਤਾਲ ਕੈਨੇਡੀਅਨਾਂ ਨੂੰ ਲੱਛਣਾਂ ਦੀ ਨੇੜਿਓਂ ਨਿਗਰਾਨੀ ਕਰਨ ਅਤੇ ਲੋੜ ਪੈਣ ’ਤੇ ਡਾਕਟਰੀ ਦੇਖਭਾਲ ਲੈਣ ਦੀ ਅਪੀਲ ਕਰਦੇ ਹਨ।

# ਸੰਯੁਕਤ ਰਾਸ਼ਟਰ ਦੇ ਸਾਬਕਾ ਰਾਜਦੂਤ ਨੇ ਟਰੰਪ ਦੀ ਵੈਨੇਜ਼ੁਏਲਾ ਰਣਨੀਤੀ ਨੂੰ ਕੈਨੇਡਾ ਦੀ ਪ੍ਰਭੂਸੱਤਾ ਨੂੰ ਖਤਰੇ ਵਿੱਚ ਪਾਉਣ ਦੀ ਚੇਤਾਵਨੀ ਦੱਸਿਆ

ਸੰਯੁਕਤ ਰਾਸ਼ਟਰ ਵਿੱਚ ਕੈਨੇਡਾ ਦੇ ਸਾਬਕਾ ਰਾਜਦੂਤ ਚੇਤਾਵਨੀ ਦੇ ਰਹੇ ਹਨ ਕਿ ਵੈਨੇਜ਼ੁਏਲਾ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਕਾਰਵਾਈਆਂ ਨੂੰ ਕੈਨੇਡੀਅਨਾਂ ਲਈ ਇੱਕ ਗੰਭੀਰ ਸੰਕੇਤ ਵਜੋਂ ਲਿਆ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਦੇਸ਼ ਨੂੰ ਵਾਸ਼ਿੰਗਟਨ ਤੋਂ ਵੱਧ ਰਹੇ ਦਬਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਗਲੋਬਲ ਨਿਊਜ਼ ਨਾਲ ਗੱਲ ਕਰਦੇ ਹੋਏ, ਬੌਬ ਰਾਏ ਨੇ ਕਿਹਾ ਕਿ ਪੱਛਮੀ ਗੋਲਾਕਾਰ ਪ੍ਰਤੀ ਟਰੰਪ ਪ੍ਰਸ਼ਾਸਨ ਦਾ ਪਹੁੰਚ ਇਕਪਾਸੜ ਸ਼ਕਤੀ ਦੇ ਹੱਕ ਵਿੱਚ ਬਹੁਪੱਖੀ ਨਿਯਮਾਂ ਨੂੰ ਰੱਦ ਕਰਨ ਨੂੰ ਦਰਸਾਉਂਦਾ ਹੈ, ਜੋ ਕਿ ਕਾਨੂੰਨੀਤਾ, ਪ੍ਰਭੂਸੱਤਾ ਅਤੇ ਕੈਨੇਡਾ ਵਰਗੀਆਂ ਮੱਧ ਸ਼ਕਤੀਆਂ ਦੀ ਭਵਿੱਖੀ ਸਥਿਤੀ ਬਾਰੇ ਚਿੰਤਾਵਾਂ ਪੈਦਾ ਕਰਦਾ ਹੈ।

ਨਵੰਬਰ ਵਿੱਚ ਕੈਨੇਡਾ ਦੇ ਸੰਯੁਕਤ ਰਾਸ਼ਟਰ ਰਾਜਦੂਤ ਵਜੋਂ ਆਪਣਾ ਪੰਜ ਸਾਲ ਦਾ ਕਾਰਜਕਾਲ ਪੂਰਾ ਕਰਨ ਵਾਲੇ ਰਾਏ ਨੇ ਗਲੋਬਲ ਨਿਊਜ਼ ਨੂੰ ਦੱਸਿਆ ਕਿ ਹਾਲ ਹੀ ਵਿੱਚ ਅਮਰੀਕੀ ਕਾਰਵਾਈਆਂ ਅੰਤਰਰਾਸ਼ਟਰੀ ਕਾਨੂੰਨ ਦੀ ਪਰਵਾਹ ਕੀਤੇ ਬਿਨਾਂ ਕੰਮ ਕਰਨ ਦੀ ਇੱਛਾ ਦਾ ਸੰਕੇਤ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਵਾਸ਼ਿੰਗਟਨ ਤੋਂ ਆ ਰਿਹਾ ਸੁਨੇਹਾ ਇਹ ਹੈ ਕਿ ਸੰਯੁਕਤ ਰਾਜ ਅਮਰੀਕਾ ਉਹੀ ਕਰੇਗਾ ਜੋ ਉਸਨੂੰ ਲੱਗਦਾ ਹੈ ਕਿ ਉਹ ਬਚ ਸਕਦਾ ਹੈ, ਨਤੀਜਿਆਂ ਦੀ ਪਰਵਾਹ ਕੀਤੇ ਬਿਨਾਂ। ਰਾਏ ਦੇ ਅਨੁਸਾਰ, ਇਹ ਵਿਸ਼ਵ ਵਿਵਸਥਾ ਵਿੱਚ ਇੱਕ ਬੁਨਿਆਦੀ ਤਬਦੀਲੀ ਨੂੰ ਦਰਸਾਉਂਦਾ ਹੈ ਅਤੇ ਕੈਨੇਡੀਅਨਾਂ ਨੂੰ ਸੁਰੱਖਿਆ ਅਤੇ ਆਜ਼ਾਦੀ ਬਾਰੇ ਆਪਣੀਆਂ ਧਾਰਨਾਵਾਂ ਦਾ ਮੁੜ ਮੁਲਾਂਕਣ ਕਰਨ ਦੀ ਲੋੜ ਹੈ। ਟਰੰਪ ਦੇ ਮੋਨਰੋ ਸਿਧਾਂਤ ’ਤੇ ਮੁੜ ਜ਼ੋਰ ਦੇਣ ਨਾਲ, ਇੱਕ ਸਦੀਆਂ ਪੁਰਾਣੀ ਨੀਤੀ ਜੋ ਪੱਛਮੀ ਗੋਲਾਕਾਰ ਵਿੱਚ ਅਮਰੀਕੀ ਦਬਦਬੇ ਨੂੰ ਜਾਇਜ਼ ਠਹਿਰਾਉਂਦੀ ਸੀ, ਨੇ ਉਨ੍ਹਾਂ ਚਿੰਤਾਵਾਂ ਨੂੰ ਹੋਰ ਵਧਾ ਦਿੱਤਾ ਹੈ। ਹਾਲ ਹੀ ਵਿੱਚ ਅਮਰੀਕੀ ਕਾਰਵਾਈ ਜਿਸ ਦੇ ਨਤੀਜੇ ਵਜੋਂ ਵੈਨੇਜ਼ੁਏਲਾ ਦੇ ਨੇਤਾ ਨਿਕੋਲਸ ਮਾਦੂਰੋ ਨੂੰ ਜ਼ਬਤ ਕੀਤਾ ਗਿਆ, ਗ੍ਰੀਨਲੈਂਡ, ਕੋਲੰਬੀਆ ਅਤੇ ਕਿਊਬਾ ਪ੍ਰਤੀ ਟਰੰਪ ਦੇ ਬਿਆਨਬਾਜ਼ੀ ਦੇ ਨਾਲ, ਇਸ ਡਰ ਨੂੰ ਹੋਰ ਮਜ਼ਬੂਤ ? ?ਕੀਤਾ ਗਿਆ ਹੈ ਕਿ ਸਿਧਾਂਤ ਨੂੰ ਆਧੁਨਿਕ ਬਣਾਇਆ ਜਾ ਰਿਹਾ ਹੈ ਅਤੇ ਹਮਲਾਵਰ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ। ਰਾਏ ਨੇ ਕਿਹਾ ਕਿ ਕੈਨੇਡਾ ਨੂੰ ਇਹ ਨਹੀਂ ਮੰਨਣਾ ਚਾਹੀਦਾ ਕਿ ਇਹ ਸਿਰਫ਼ ਇਸ ਲਈ ਛੋਟ ਹੈ ਕਿਉਂਕਿ ਟਰੰਪ ਨੇ ਹਾਲ ਹੀ ਵਿੱਚ ਕੈਨੇਡਾ ਦੇ ਇੱਕ ਅਮਰੀਕੀ ਰਾਜ ਬਣਨ ਬਾਰੇ ਟਿੱਪਣੀਆਂ ਦੁਹਰਾਈਆਂ ਨਹੀਂ ਹਨ।




“ਅਸੀਂ ਮੀਨੂ ’ਤੇ ਹਾਂ,”ਰਾਏ ਨੇ ਗਲੋਬਲ ਨਿਊਜ਼ ਨਾਲ ਆਪਣੀ ਇੰਟਰਵਿਊ ਵਿੱਚ ਕਿਹਾ, ਚੇਤਾਵਨੀ ਦਿੱਤੀ ਕਿ ਕੈਨੇਡੀਅਨ ਜੋ ਹੋਰ ਵਿਸ਼ਵਾਸ ਕਰਦੇ ਹਨ, ਉਹ ਅਮਰੀਕੀ ਨੀਤੀ ਦੀ ਦਿਸ਼ਾ ਨੂੰ ਗਲਤ ਸਮਝ ਰਹੇ ਹਨ। ਉਸਨੇ ਟਰੰਪ ਦੇ ਸਲਾਹਕਾਰ ਸਟੀਫਨ ਮਿਲਰ ਦੀਆਂ ਟਿੱਪਣੀਆਂ ਅਤੇ ਇੱਕ ਅਮਰੀਕੀ ਵਿਦੇਸ਼ ਵਿਭਾਗ ਦੀ ਸੋਸ਼ਲ ਮੀਡੀਆ ਪੋਸਟ ਵੱਲ ਇਸ਼ਾਰਾ ਕੀਤਾ ਜਿਸ ਵਿੱਚ ÷ਇਹ ਸਾਡਾ ਗੋਲਾਕਾਰ ਹੈ÷ ਐਲਾਨ ਕੀਤਾ ਗਿਆ ਸੀ ਕਿ ਇੱਕ ਪ੍ਰਸ਼ਾਸਨ ਗੁਆਂਢੀਆਂ ਅਤੇ ਖੇਤਰੀ ਸਰੋਤਾਂ ’ਤੇ ਦਬਦਬਾ ਕਾਇਮ ਕਰਨ ਲਈ ਤਿਆਰ ਹੈ। ਕਾਰਲਟਨ ਯੂਨੀਵਰਸਿਟੀ ਦੇ ਅੰਤਰਰਾਸ਼ਟਰੀ ਮਾਮਲਿਆਂ ਦੇ ਪ੍ਰੋਫੈਸਰ ਫੇਨ ਓਸਲਰ ਹੈਂਪਸਨ ਨੇ ਗਲੋਬਲ ਨਿਊਜ਼ ਨੂੰ ਦੱਸਿਆ ਕਿ ਕੈਨੇਡਾ ਲਈ ਪ੍ਰਭਾਵ ਬਿਆਨਬਾਜ਼ੀ ਤੋਂ ਬਹੁਤ ਅੱਗੇ ਵਧਦੇ ਹਨ। ਉਨ੍ਹਾਂ ਕਿਹਾ ਕਿ ਵੈਨੇਜ਼ੁਏਲਾ ਦੇ ਤੇਲ ਭੰਡਾਰਾਂ ਵਿੱਚ ਅਮਰੀਕਾ ਦੀ ਦਿਲਚਸਪੀ ਇਸ ਗੱਲ ਨੂੰ ਉਜਾਗਰ ਕਰਦੀ ਹੈ ਕਿ ਕੈਨੇਡਾ ਦੇ ਆਪਣੇ ਊਰਜਾ ਬੁਨਿਆਦੀ ਢਾਂਚੇ, ਮਹੱਤਵਪੂਰਨ ਖਣਿਜਾਂ ਅਤੇ ਆਰਕਟਿਕ ਸਰੋਤਾਂ ਦੀ ਕਿਵੇਂ ਜਾਂਚ ਵਧ ਸਕਦੀ ਹੈ। ਹੈਂਪਸਨ ਨੇ ਚੇਤਾਵਨੀ ਦਿੱਤੀ ਕਿ ਕੈਨੇਡਾ ਨੂੰ ਚੀਨ ਅਤੇ ਵਿਦੇਸ਼ੀ ਨਿਵੇਸ਼ ’ਤੇ ਅਮਰੀਕੀ ਸਥਿਤੀਆਂ ਨਾਲ ਇਕਸਾਰ ਹੋਣ ਲਈ ਵਧਦੇ ਦਬਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਨਾਲ ਓਟਾਵਾ ਨੂੰ ਵਾਸ਼ਿੰਗਟਨ ਦੇ ਪ੍ਰਭਾਵ ਹੇਠ ਪ੍ਰਭਾਵਸ਼ਾਲੀ ਢੰਗ ਨਾਲ ਰੱਖਿਆ ਜਾ ਸਕਦਾ ਹੈ ਭਾਵੇਂ ਉਹ ਇਸਦਾ ਸਵਾਗਤ ਕਰਦਾ ਹੈ ਜਾਂ ਨਹੀਂ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਪੈਰਿਸ ਵਿੱਚ ਯੂਰਪੀਅਨ ਸਹਿਯੋਗੀਆਂ ਨਾਲ ਮੁਲਾਕਾਤ ਦੌਰਾਨ ਕਿਹਾ ਕਿ ਮਾਦੂਰੋ ਨੂੰ ਹਟਾਉਣਾ ਇੱਕ ਵਧੇਰੇ ਸਥਿਰ ਅਤੇ ਲੋਕਤੰਤਰੀ ਵੈਨੇਜ਼ੁਏਲਾ ਦੀ ਸੰਭਾਵਨਾ ਪੈਦਾ ਕਰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਕੈਨੇਡੀਅਨ ਊਰਜਾ ਨਿਰਯਾਤ ਪ੍ਰਤੀਯੋਗੀ ਰਹੇਗਾ ਅਤੇ ਕੈਨੇਡਾ ਯੂਐਸ ਮੈਕਸੀਕੋ ਸਮਝੌਤੇ ਦੇ ਨਵੀਨੀਕਰਨ ’ਤੇ ਮੁਸ਼ਕਲ ਗੱਲਬਾਤ ਦੇ ਵਿਚਕਾਰ ਆਪਣੇ ਵਪਾਰਕ ਹਿੱਤਾਂ ਦੀ ਰੱਖਿਆ ਕਰਨ ਦੇ ਤਰੀਕੇ ਲੱਭਣਾ ਜਾਰੀ ਰੱਖੇਗਾ। ਹਾਲਾਂਕਿ, ਰਾਏ ਨੇ ਦਲੀਲ ਦਿੱਤੀ ਕਿ ਸਾਵਧਾਨੀ ਅਤੇ ਚੁੱਪ ਹੁਣ ਕਾਫ਼ੀ ਨਹੀਂ ਹਨ। ਰਾਏ ਦੇ ਅਨੁਸਾਰ, ਕੈਨੇਡਾ ਦੇ ਨੇਤਾਵਾਂ ਨੂੰ ਰਾਸ਼ਟਰੀ ਪ੍ਰਭੂਸੱਤਾ, ਖੁਸ਼ਹਾਲੀ ਅਤੇ ਲੰਬੇ ਸਮੇਂ ਦੀ ਆਜ਼ਾਦੀ ਲਈ ਪੈਦਾ ਹੋਣ ਵਾਲੇ ਜੋਖਮਾਂ ਬਾਰੇ ਜਨਤਾ ਨਾਲ ਸਪੱਸ਼ਟ ਤੌਰ ’ਤੇ ਗੱਲ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਵਾਸ਼ਿੰਗਟਨ ਦੇ ਰਾਡਾਰ ਤੋਂ ਦੂਰ ਰਹਿਣ ਦੀ ਉਮੀਦ ਵਿੱਚ ਆਲੋਚਨਾ ਤੋਂ ਬਚਣਾ ਗਲਤ ਹੈ ਅਤੇ ਸੰਭਾਵੀ ਤੌਰ ’ਤੇ ਖ਼ਤਰਨਾਕ ਹੈ। ਹੈਂਪਸਨ ਨੇ ਅੱਗੇ ਕਿਹਾ ਕਿ ਕੈਨੇਡਾ ਦਾ ਚੁੱਪ ਪ੍ਰਤੀਕਿਰਿਆ ਯੂਕਰੇਨ ਅਤੇ ਤਾਈਵਾਨ ਸਮੇਤ ਹੋਰ ਕਿਤੇ ਵੀ ਅੰਤਰਰਾਸ਼ਟਰੀ ਕਾਨੂੰਨ ਦੀ ਰੱਖਿਆ ਕਰਨ ਦੀ ਉਸਦੀ ਯੋਗਤਾ ਨੂੰ ਕਮਜ਼ੋਰ ਕਰਦੀ ਹੈ, ਅਤੇ ਕਿਹਾ ਕਿ ਯੂਰਪ ਨਾਲ ਮਜ਼ਬੂਤ ? ?ਸਹਿਯੋਗ ਵੱਡੀਆਂ ਸ਼ਕਤੀਆਂ ਦੇ ਦਬਦਬੇ ਵਾਲੇ ਪ੍ਰਭਾਵ ਦੇ ਖੇਤਰਾਂ ਵਿੱਚ ਵੰਡੀ ਦੁਨੀਆ ਦਾ ਵਿਰੋਧ ਕਰਨ ਲਈ ਜ਼ਰੂਰੀ ਹੋਵੇਗਾ।

## ਕੈਨੇਡਾ ਨੇ 2026 ਦੀ ਸ਼ੁਰੂਆਤ ਪ੍ਰੋਵਿੰਸ਼ੀਅਲ ਨਾਮਜ਼ਦ ਵਿਅਕਤੀਆਂ ’ਤੇ ਕੇਂਦ੍ਰਿਤ ਪਹਿਲੇ ਐਕਸਪ੍ਰੈਸ ਐਂਟਰੀ ਡਰਾਅ ਨਾਲ ਕੀਤੀ

ਟੋਰਾਂਟੋ : ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ ਨੇ 2026 ਦਾ ਆਪਣਾ ਪਹਿਲਾ ਐਕਸਪ੍ਰੈਸ ਐਂਟਰੀ ਡਰਾਅ ਆਯੋਜਿਤ ਕੀਤਾ ਹੈ, ਜਿਸ ਵਿੱਚ ਪ੍ਰੋਵਿੰਸ਼ੀਅਲ ਇਮੀਗ੍ਰੇਸ਼ਨ ਪ੍ਰੋਗਰਾਮਾਂ ਰਾਹੀਂ ਨਾਮਜ਼ਦ ਉਮੀਦਵਾਰਾਂ ਨੂੰ ਸੱਦਾ ਪੱਤਰ ਜਾਰੀ ਕੀਤੇ ਗਏ ਹਨ। ਵਿਭਾਗ ਨੇ ਪ੍ਰੋਵਿੰਸ਼ੀਅਲ ਨਾਮਜ਼ਦ ਪ੍ਰੋਗਰਾਮ ਸਟ ?ਰੀਮ ਦੇ ਤਹਿਤ ਕੁੱਲ 574 ਬਿਨੈਕਾਰਾਂ ਨੂੰ ਸੱਦਾ ਦਿੱਤਾ ਹੈ, ਜੋ ਕਿ ਇਸਦੀ ਨਿਸ਼ਾਨਾਬੱਧ ਚੋਣ ਰਣਨੀਤੀ ਨੂੰ ਜਲਦੀ ਜਾਰੀ ਰੱਖਣ ਦਾ ਸੰਕੇਤ ਹੈ।

ਇਸ ਡਰਾਅ ਵਿੱਚ ਯੋਗ ਹੋਣ ਲਈ, ਉਮੀਦਵਾਰਾਂ ਦਾ ਘੱਟੋ-ਘੱਟ ਵਿਆਪਕ ਰੈਂਕਿੰਗ ਸਿਸਟਮ ਸਕੋਰ 711 ਹੋਣਾ ਜ਼ਰੂਰੀ ਸੀ। ਬਿਨੈਕਾਰਾਂ ਨੂੰ 6 ਅਕਤੂਬਰ, 2025 ਨੂੰ ਯੂਨੀਵਰਸਲ ਕੋਆਰਡੀਨੇਟਿਡ ਸਮੇਂ ਤੋਂ ਪਹਿਲਾਂ 1:54 ਵਜੇ ਤੋਂ ਪਹਿਲਾਂ ਆਪਣੀ ਐਕਸਪ੍ਰੈਸ ਐਂਟਰੀ ਪ੍ਰੋਫਾਈਲ ਜਮ ?ਹਾ ਕਰਨ ਦੀ ਵੀ ਲੋੜ ਸੀ। ਉੱਚ ਕਟਆਫ ਪ੍ਰੋਵਿੰਸ਼ੀਅਲ ਨਾਮਜ਼ਦਗੀ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੂੰ ਦਿੱਤੇ ਗਏ ਵਾਧੂ ਅੰਕਾਂ ਨੂੰ ਦਰਸਾਉਂਦਾ ਹੈ, ਜੋ PNP ਡਰਾਅ ਨੂੰ ਸਿਸਟਮ ਦੇ ਅੰਦਰ ਸਭ ਤੋਂ ਵੱਧ ਪ੍ਰਤੀਯੋਗੀ ਬਣਾਉਂਦਾ ਰਹਿੰਦਾ ਹੈ।

ਇਹ ਚੋਣ ਸਾਲ ਦੇ ਪਹਿਲੇ ਐਕਸਪ੍ਰੈਸ ਐਂਟਰੀ ਸੱਦਾ ਦੌਰ ਨੂੰ ਦਰਸਾਉਂਦੀ ਹੈ ਅਤੇ 2026 ਵਿੱਚ ਸਥਾਈ ਨਿਵਾਸ ਮਾਰਗਾਂ ਦੇ ਸਾਹਮਣੇ ਆਉਣ ਦੇ ਤਰੀਕੇ ਲਈ ਸੁਰ ਨਿਰਧਾਰਤ ਕਰਦੀ ਹੈ। ਜਦੋਂ ਕਿ ਸੰਘੀ ਸਰਕਾਰ ਨੇ ਸੰਕੇਤ ਦਿੱਤਾ ਹੈ ਕਿ ਉਹ ਕੈਨੇਡਾ ਦੇ ਬਿਨੈਕਾਰਾਂ ਵਿੱਚ ਤਰਜੀਹ ਦੇਣਾ ਜਾਰੀ ਰੱਖੇਗੀ, ਅਧਿਕਾਰੀਆਂ ਨੇ ਇਹ ਵੀ ਪੁਸ਼ਟੀ ਕੀਤੀ ਹੈ ਕਿ ਸ਼੍ਰੇਣੀ ਅਧਾਰਤ ਐਕਸਪ੍ਰੈਸ ਐਂਟਰੀ ਡਰਾਅ ਸਿਸਟਮ ਦੀ ਇੱਕ ਮੁੱਖ ਵਿਸ਼ੇਸ਼ਤਾ ਬਣੇ ਰਹਿਣਗੇ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 337

Website: www.preetnama.com Email preetnamausa@gmail.com

16 JAN TO 22 JAN, 2026




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 337

Website: www.preetnama.com Email preetnamausa@gmail.com

16 JAN TO 22 JAN, 2026



## LOWER YOUR PROPERTY TAXES

**Our fee 35% others charge 50%**

NO REDUCTION → NO FEE

CALL 516-680-8037



## HUGE TAX SAVINGS FOR OUR HOMEOWNERS

| | |
|---|---|
| Muttontown $13,435 | Woodbury - $4,836 |
| Jericho - $9,458 | Bayville - $5,797 |
| Levittown - $3,788 | Westbury - $3,609 |
| Roslyn - $3,435 | Bellmore - $3,731 |
| Wantagh - $3,208 | Bethpage - $3,066 |
| East Hills $7,925 | Manhasset $5,840 |



**Varinder K Bhalla**

Former Commissioner
Nassau County ARC

PropertyTax ReductionGuru

★★★★★ Five Star Rating by Our Clients

WWW.PropertyTaxReductionGuru.com

Preetnama
ਪ੍ਰੀਤਨਾਮਾ ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 337
Website: www.preetnama.com Email preetnamausa@gmail.com
16 JAN TO 22 JAN, 2026



# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 337

Website: www.preetnama.com Email preetnamausa@gmail.com

16 JAN TO 22 JAN, 2026




# ਹਫ਼ਤਾਵਾਰੀ ਪ੍ਰੀਤਨਾਮਾ

**Weekly Preetnama** www.preetnama.com +1 (201) 312-4180



**PRITPAL KAUR**
Editor-In-Chief
+1 201-312-4180
+1 917-328-8436

******************************
Sunil Kumar Gund
(Journalist) India
**********************************
Raj Rani
Video editor
**************************************
Jagmeet Kaur
97817-41631
******************************



**ADVISORY BOARD**

Joga Singh
******************************
Jaswinder Singh New Jersey
******************************
Mindi Manak
NewYork
*********************************
Jagjit Singh Dasuya
******************************
Gurmeet Singh Dhalwan
Chicago
******************************
G. S Singh Punjab
******************************
Sujan Nag, USA
******************************
Dr. Jagdeep Dhimaan, India
*****************
Sarabjit Kaur Punjab
**********************
Sukhmandar Brar
(Bhagata Bhaika) Vancouver,

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**


ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**

# ਆਉ ਜਾਤ-ਗੋਤ ਦਾ ਅਤਿਵਾਦ .ਖ਼ਤਮ ਕਰੀਏ

ਦੁਨੀਆਂ ਦੇ ਕਈ ਦੇਸ਼ਾਂ ਵਿਚ ਜਾਤ ਗੋਤ ਦਾ ਵਖਰੇਵਾਂ ਵੀ ਇਕ ਭਿਆਨਕ ਅਤਿਵਾਦ ਦਾ ਰੂਪ ਧਾਰਨ ਕਰ ਚੁੱਕਾ ਹੈ। ਹਰ ਰੋਜ਼ ਅਖ਼ਬਾਰਾਂ ਟੀ.ਵੀ. ਚੈਨਲਾਂ ਜਾਂ ਇਲੈਕਟ੍ਰਾਨਿਕ ਮੀਡੀਆ ਰਾਹੀਂ ਪੜ੍ਹਨ-ਸੁਣਨ, ਵੇਖਣ ਨੂੰ ਮਿਲਦਾ ਹੈ ਕਿ ਬਹੁਤੇ ਥਾਵਾਂ ਤੇ ਅਖੌਤੀ ਉੱਚੀਆਂ ਜਾਤਾਂ, ਗੋਤਾਂ ਵਾਲੇ ਬੇਹਿਸਾਬੀ ਜਾਇਦਾਦ ਅਤੇ ਦੋ ਨੰਬਰੀ ਪੈਸੇ ਵਾਲੇ ਲੋਕਾਂ ਵਲੋਂ ਨੀਵੀਆਂ ਛੋਟੀਆਂ ਜਾਤਾਂ ਦੇ ਲੋਕਾਂ ਉਪਰ ਭਾਰੀ ਤਸ਼ੱਦਦ ਕੀਤਾ ਜਾ ਰਿਹਾ ਹੈ। ਸਰਕਾਰਾਂ ਵੀ ਇਨ੍ਹਾਂ ਸਰਮਾਏਦਾਰਾਂ ਦੇ ਅਤਿਵਾਦ ਨੂੰ ਰੋਕਣ ‘ਚ ਕੋਈ ਖ਼ਾਸ ਰੋਲ ਅਦਾ ਨਹੀਂ ਕਰਦੀਆਂ। ਜਾਤਾਂ-ਗੋਤਾਂ ਦਾ ਬਹੁਤ ਸਾਰੇ ਧਰਮਾਂ ‘ਚ ਬੋਲਬਾਲਾ ਨਿਰਵਿਘਨ ਜਾਰੀ ਹੈ ਅਤੇ ਦਿਨ-ਬ-ਦਿਨ ਇਹ ਪਾੜਾ ਹੋਰ ਵੱਧ ਰਿਹਾ ਹੈ।

ਬੜੀ ਹੈਰਾਨੀ ਵਾਲੀ ਗੱਲ ਹੈ ਕਿ ਸਰੀਰ ਦੇ ਚਾਰ ਹਿੱਸਿਆਂ ਦੀ ਉਦਾਹਰਣ ਦੇ ਕੇ ਲੋਕਾਂ ਨੂੰ ਵੀ ਚਾਰ ਵਰਣਾਂ (ਹਿੱਸਿਆਂ) ‘ਚ ਵੰਡਿਆ ਗਿਆ ਹੈ। ਸਿਰ ਵਾਲੇ ਹਿੱਸੇ ਨੂੰ ਸਵਰਨ ਜਾਤ ਯਾਨਿਕੀ ਸੱਭ ਤੋਂ ਉੱਤਮ ਹਿੱਸਾ (ਜਾਤੀ) ਮੰਨਿਆ ਗਿਆ ਹੈ। ਛਾਤੀ ਅਤੇ ਬਾਹਵਾਂ ਵਾਲੇ ਹਿੱਸੇ ਨੂੰ ਖੱਤਰੀ ਜਾਤ ਅਤੇ ਪੇਟ ਨੂੰ (ਖੇਤੀਬਾੜੀ, ਵਪਾਰ ਆਦਿ ਕਰ ਕੇ ਪੇਟ ਪਾਲਣ ਵਾਲਾ) ਵੈਸ਼ ਜਾਤ ਬਣਾਇਆ ਗਿਆ ਹੈ। ਚੌਥੇ ਨੰਬਰ ਤੇ ਸ਼ੂਦਰ ਪੈਰਾਂ ਨੂੰ ਕਿਹਾ ਗਿਆ ਹੈ ਜੋ ਕਿ ਕੰਮੀ-ਕਮੀਣ ਅਖਵਾਉਂਦੇ ਹਨ ਜਿਨ੍ਹਾਂ ਨੂੰ ਛੂਹਣਾ ਤਕ ਵੀ ਮਾੜਾ ਮੰਨਿਆ ਗਿਆ ਹੈ। ਇਹ ਵੰਡੀਆਂ ਸ਼ਾਤਰ-ਦਿਮਾਗ਼ ਲੋਕਾਂ ਵਲੋਂ ਪਾਈਆਂ ਗਈਆਂ ਸਨ ਅਤੇ ਅੱਜ ਤਕ ਜਿਉਂ ਦੀਆਂ ਤਿਉਂ ਚੱਲੀਆਂ ਆ ਰਹੀਆਂ ਹਨ।

ਬਾਕੀ ਧਰਮਾਂ, ਮਜ਼ਹਬਾਂ ਨੂੰ ਛੱਡ ਕੇ ਜੇ ਅਸੀ ਸਿੱਖ ਧਰਮ ਦੀ ਗੱਲ ਕਰੀਏ ਤਾਂ ਸਿੱਖ ਧਰਮ ਵਿਚ ਤਾਂ ਗੋਤ ਜਾਤ ਨੂੰ ਕੋਈ ਥਾਂ ਹੀ ਨਹੀਂ ਦਿਤੀ ਗਈ। ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਆਦਮੀ ਦੇ ਨਾਂ ਪਿੱਛੇ ਸਿੰਘ ਲਾ ਕੇ ਅਤੇ ਔਰਤ ਦੇ ਨਾਂ ਪਿੱਛੇ ਕੌਰ ਲਾ ਕੇ ਜਾਤ, ਗੋਤ ਦਾ ਮਸਲਾ ਸਿੱਖ ਧਰਮ ਵਿਚੋਂ ਹਮੇਸ਼ਾ ਲਈ ਖ਼ਤਮ ਕਰ ਦਿਤਾ। ਇਹ ਵਾਕ ਵੀ ਉਚਾਰਿਆ ‘ਮਾਣਸ ਕੀ ਜਾਤ ਸਭੈ ਏਕੇ ਪਹਿਚਾਨਬੋ‘। ਪੰਜਾਬ ‘ਚ ਰਹਿ ਰਹੇ ਲੋਕ ਜੋ ਅਪਣੇ ਆਪ ਨੂੰ ਸਿੱਖ ਧਰਮ ਨਾਲ ਜੋੜਦੇ ਹਨ ਅਤੇ ਸਰਦਾਰ ਕਹਾਉਣ ‘ਚ ਮਾਣ ਮਹਿਸੂਸ ਕਰਦੇ ਹਨ ਅਪਣੇ ਨਾਂ ਨਾਲ ਸਿੰਘ ਲਗਾਉਂਦੇ ਹਨ। ਤਕਰੀਬਨ ਹੀ ਇਹ ਸਾਰੇ ਲੋਕ ਅਪਣੀ ਜਾਤ ਅਤੇ ਗੋਤ ਨੂੰ ਹਰ ਸਰਕਾਰੀ, ਗ਼ੈਰ-ਸਰਕਾਰੀ ਤਸਦੀਕ ‘ਚ ਲਿਖਵਾਉਂਦੇ ਹਨ। ਗੁਰੂ ਘਰਾਂ ‘ਚ ਕੋਈ ਦਾਨ ਭੇਟਾ ਜਾਂ ਸੂਚਨਾ ਦੇਣ ਸਮੇਂ ਇਹ ਅਪਣੇ ਨਾਂ ਨਾਲ ਗੋਤ ਜ਼ਰੂਰ ਬੁਲਵਾਉਂਦੇ ਹਨ। ਹੈਰਾਨੀ ਤਾਂ ਉਦੋਂ ਹੋਰ ਵੱਧ ਜਾਂਦੀ ਹੈ ਜਦੋਂ ਕਈ ਬੁੱਧੀਜੀਵੀ ਗਿਆਨੀ, ਫ਼ਿਲਾਸਫ਼ਰ, ਉੱਘੇ ਲੇਖਕ ਅਤੇ ਕਈ ਅੰਮ੍ਰਿਤਧਾਰੀ ਵੀ ਅਪਣੇ ਨਾਂ ਪਿੱਛੇ ਗੋਤ ਲਿਖ ਕੇ ਅਪਣੀ ਉੱਚੀ ਜਾਤੀ ਦਾ ਸੰਕੇਤ ਦਿੰਦੇ ਹਨ। ਸਰਕਾਰਾਂ ਵੀ ਇਸ ਜਾਤੀ-ਗੋਤ ਕਲੰਕ ਨੂੰ ਮਿਟਾਉਣ ਦੀ ਥਾਂ ਅਪਣੀ ਚਲਾਕੀ ਨਾਲ ਰਿਆਇਤਾਂ, ਸਬਸਿਡੀਆਂ ਦੇਣ ਦੇ ਲਾਰਿਆਂ ਨਾਲ ਚਾਲੂ ਰੱਖ ਕੇ ਕਈ ਤਰ੍ਹਾਂ ਦੀ ਖੱਜਲ-ਖੁਆਰੀ ਤੋਂ ਬਾਅਦ ਬਣਨ ਵਾਲੇ ਜਾਤੀ ਸਰਟੀਫ਼ੀਕੇਟਾਂ ਰਾਹੀਂ ਹੋਰ ਹੱਲਾਸ਼ੇਰੀ ਦੇ ਕੇ ਆਰਥਕ ਪੱਖ ਤੋਂ ਗ਼ਰੀਬ ਲੋਕਾਂ ਦਾ ਸ਼ੋਸ਼ਣ ਕਰ ਰਹੀਆਂ ਹਨ। ਔਰਤ ਵਰਗ ਨਾਲ ਗੋਤ ਵਾਲੀ ਚਾਲ ‘ਚ ਵੀ ਬਹੁਤ ਬੇਇਨਸਾਫ਼ੀ ਕੀਤੀ ਜਾ ਰਹੀ ਹੈ। ਔਰਤ ਦੇ ਵਿਆਹੇ ਜਾਣ ਮਗਰੋਂ ਇਕ ਤਰ੍ਹਾਂ ਨਾਲ ਉਸ ਦਾ ਗੋਤ ਖ਼ਤਮ ਹੀ ਹੋ ਜਾਂਦਾ ਹੈ। ਉਸ ਦੇ ਬੱਚਿਆਂ ਦਾ ਗੋਤ ਪਿਤਾ ਵਾਲਾ ਹੀ ਰਖਿਆ ਜਾਂਦਾ ਹੈ। ਬੱਚੇ ਦੇ ਵਿਆਹ ਬੰਧਨ ਵੇਲੇ ਪਿਤਾ ਦੇ ਗੋਤ ਨੂੰ ਪਹਿਲ ਦੇ ਅਧਾਰ ਤੇ ਰਖਿਆ ਜਾਂਦਾ ਹੈ। ਮਾਂ ਦੇ ਗੋਤ ਨੂੰ ਤਾਂ ਅਜਕਲ ਖ਼ਾਨਾਪੂਰਤੀ ਲਈ ਹੀ ਵਰਤਿਆ ਜਾਂਦਾ ਹੈ ਅਤੇ ਲੋੜ ਮੁਤਾਬਕ ਇਸ ਨੂੰ ਅੱਖੋਂ-ਪਰੋਖੇ ਕਰ ਕੇ ਕਈ ਵਾਰ ਦਾਜ-ਦਹੇਜ ਜਾਂ ਵਿਦੇਸ਼ੀ ਝਾਕ ‘ਚ ਛੱਡ ਹੀ ਦਿਤਾ ਜਾਂਦਾ ਹੈ ਜਾਂ ਫਿਰ ਅਜਕਲ ਦੇ ਅਗਾਂਹਵਧੂ ਡਰਾਮੇਬਾਜ਼ ਲੋਕ ਇਸ ਗੋਤ ਨੂੰ ਬਦਲ ਕੇ ਸੱਸ ਅਤੇ ਨੂੰਹ ਨੂੰ ਇਕ ਗੋਤ ਦੀਆਂ ਭੈਣਾਂ ਵਾਂਗ ਇਕੱਠੀਆਂ ਕਰ ਦਿੰਦੇ ਹਨ। ਜ਼ਮੀਰ ਇਨਸਾਨੀਅਤ ਪੱਖੋਂ ਤਾਂ ਭਾਵੇਂ ਅਜੋਕੇ ਸਮੇਂ ‘ਚ ਗੋਤ ਦੀ ਕੋਈ ਮਹੱਤਤਾ ਨਹੀਂ ਹੈ ਕਿਉਂਕਿ ਪੈਸੇ ਦੇ ਲਾਲਚ ਲਈ ਤਾਂ ਬਹੁਤੇ ਲੋਕ ਗੋਤਾਂ ਨੂੰ ਕਪੜੇ ਵਾਂਗ ਪਲਾਂ ‘ਚ ਹੀ ਬਦਲ ਦਿੰਦੇ ਹਨ। ਪਰ ਦੁਨਿਆਵੀ ਊਚ-ਨੀਚ ਵਾਲੀ ਮਾਨਸਿਕਤਾ ਵਾਲੇ ਲੋਕਾਂ ਦੀ ਗਰਦਨ ‘ਚ ਅਜੇ ਵੀ ਜਾਤ-ਗੋਤ ਦਾ ਕਿੱਲਾ ਜਿਉਂ ਦਾ ਤਿਉਂ ਹੈ। ਕਈ ਧਾਰਮਕ ਸਥਾਨਾਂ ‘ਚ ਵੀ ਇਹ ਰੋਗ ਫੈਲਿਆ ਹੋਇਆ ਹੈ ਜਿੱਥੇ ਅਜੇ ਵੀ ਕਈ ਅਖੌਤੀ ਚੌਧਰੀ ਉੱਚੀ ਨੀਵੀਂ ਜਾਤ ਗੋਤ ਦਾ ਗੁਮਾਨ ਕਰਦੇ ਹੋਏ ਕਈ ਅਖੌਤੀ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਲੰਗਰ ਜਾਂ ਦੇਗ ਵਰਤਾਉਣ ਦੀ ਆਗਿਆ ਨਹੀਂ ਦਿੰਦੇ।

ਨਵੀਂ ਪਨੀਰੀ ਭਾਵੇਂ ਇਸ ਰੋਗ ਤੋਂ ਮੁਕਤ ਹੋਣ ਲਈ ਹੰਭਲਾ ਮਾਰ ਰਹੀ ਹੈ ਜਿਸ ਦੀ ਉਦਾਹਰਣ ਅੰਤਰਜਾਤੀ ਵਿਆਹਾਂ ਦਾ ਸਬੂਤ ਹੈ ਪਰ ਜਾਤ-ਗੋਤ ਦੇ ਅਤਿਵਾਦ ਨੂੰ ਖ਼ਤਮ ਕਰਨ ਲਈ ਆਮ ਤੋਂ ਖ਼ਾਸ ਲੋਕਾਂ ਦਾ ਇਕਮੁਠ ਹੋਣਾ ਬਹੁਤ ਜ਼ਰੂਰੀ ਹੈ। ਭਾਵੇਂ ਬਹੁਤੀਆਂ ਜਾਤਾਂ, ਲੋਕਾਂ ਦੇ ਕੰਮ-ਕਾਰ ਕਰਨ ਦੇ ਨਾਂ ਨਾਲ ਹੀ ਬਣੀਆਂ ਹਨ ਪਰ ਕਈ ਨਾਜਾਇਜ਼ ਵੀ ਥੋਪੀਆਂ ਗਈਆਂ ਹਨ। ਮੇਰੇ ਇਕ ਲੇਖਕ (ਖੋਜੀ) ਦੋਸਤ ਨੇ ਮੈਨੂੰ 288 ਗੋਤਾਂ ਦੀ ਸੂਚੀ ਦਿਤੀ ਹੈ ਜਿਸ ਵਿਚੋਂ ਬਹੁਤ ਸਾਰੀਆਂ ਜਾਤਾਂ ਦੇ ਗੋਤ ਆਪਸ ਵਿਚ ਮੇਲ ਖਾਂਦੇ ਹਨ ਜਾਂ ਕਈਆਂ ਨੇ ਅਪਣੀ ਜਾਤ ਲੁਕਾਉਣ ਲਈ ਗੋਤਾਂ ਨਾਲ ਮਾੜੀ ਮੋਟੀ ਛੇੜਛਾੜ ਕਰ ਕੇ ਗੋਤ ਦਾ ਮੁਹਾਂਦਰਾ ਬਦਲ ਲਿਆ ਹੈ।

ਖ਼ਾਸ ਕਰ ਕੇ ਸ਼ਹਿਰਾਂ ‘ਚ ਰਹਿਣ ਵਾਲੇ ਲੋਕ,ਜਿਨ੍ਹਾਂ ਨੂੰ ਅਪਣੀ ਨੀਵੀਂ ਜਾਤ ਦਾ ਦੁੱਖ ਜਾਂ ਡਰ ਹੁੰਦਾ ਹੈ, ਅਪਣੀ ਜਾਤ-ਗੋਤ ਲਿਖਣ ਦੀ ਥਾਂ ਕੋਈ ਬਦਲਵਾਂ ਤਖ਼ੱਲਸ ਲਾ ਲੈਂਦੇ ਹਨ। ਜੋ ਉੱਚੀ ਜਾਤ ਦਾ ਭਰਮ ਪਾਲਦੇ ਹਨ ਉਹ ਬੜੇ ਫ਼ਖ਼ਰ ਨਾਲ ਵੱਡੀਆਂ ਵੱਡੀਆਂ ਨੇਮ ਪਲੇਟਾਂ ਲਾ ਕੇ ਅਪਣੀ ਉੱਚੀ ਜਾਤ-ਗੋਤ ਦਾ ਗੁਮਾਨ ਕਰਦੇ ਹਨ। ਚਾਹੀਦਾ ਤਾਂ ਇਹ ਹੈ ਕਿ ਜਦੋਂ ਅਸੀ ਇੱਕੀਵੀਂ ਸਦੀ ‘ਚ ਪਹੁੰਚ ਚੁੱਕੇ ਹਾਂ ਤਾਂ ਅਸੀ ਸਮੇਂ ਦੇ ਹਾਣੀ ਬਣਦੇ ਹੋਏ ਜਾਤ-ਗੋਤ, ਊਚ-ਨੀਚ ਦੇ ਅਤਿਵਾਦ ਨੂੰ ਜੜ੍ਹੋਂ ਹੀ ਖ਼ਤਮ ਕਰ ਕੇ ‘ਅਵਲਿ ਅਲਹ ਨੂਰੁ ਉਪਾਇਆ ਕੁਦਰਤ ਕੇ ਸਭ ਬੰਦੇ।। ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।‘ ਦੇ ਮਹਾਂਵਾਕ ਨੂੰ ਸਮਰਪਿਤ ਹੋ ਕੇ ਸਭਨਾਂ ਨੂੰ ਬਰਾਬਰੀ ਅਤੇ ਪਿਆਰ ਦੀ ਭਾਵਨਾ ਨਾਲ ਰਹਿਣ ਦਾ ਸੰਦੇਸ਼ ਦੇਈਏ, ਫਿਰ ਹੀ ਅਸੀ ਸਿੱਖ ਕਹਾਉਣ ਦੇ ਹੱਕਦਾਰ ਹੋਵਾਂਗੇ।




Preetnama
प्रीतनामा
खरा सच
Khara Sach
On our English language New Website
WWW.PREET NEWS.COM
Chief Editor
Pritpal Kaur
+1 201-312-4180
Vol 4, Issue 337
Website: www.preetnama.com Email preetnamausa@gmail.com
16 JAN TO 22 JAN, 2026

# कौन हैं विद्वेष व हिंसा से भारत को बदनाम करने वाली शक्तियां

तनवीर जाफ़री

क्रिसमस प्रत्येक वर्ष की भांति गत 25 दिसंबर को भी पूरे विश्व में हर्षोल्लास के साथ मनाया गया। इस अवसर पर दुबई की मशहूर एयरलाइन एमिरेट्स ने एक अनोखा वीडियो जारी किया, जिसमें दिखाया गया कि उनके बड़े विमान एयरबस ए 380 को सांता क्लॉज़ की जादुई स्लेज में बदल दिया गया है। इस विमान को स्लेज 380 का नाम दिया गया है। इस वीडियो में ए380 को रुडॉल्फ़ रेनडियर की तरह लाल नाक और बड़े सींग लगाए गए हैं, और उपहारों से भरी एक विशाल स्लेज विमान से जुड़ी दिखती है। विमान रनवे पर दौड़ता है और आसमान में उड़ान भरता है, जैसे सांता दुनिया भर में गिफ्ट बांटने जा रहा हो। एमिरेट्स ने इस सीज़न में यात्रियों को ख़ास तोहफ़े भी दिए, जिसमें फ़ेस्टिव ड्रिंक्स, थीम्ड मिठाइयां, विंटर-स्टाइल लाउंज और लिमिटेड एडिशन क्रिसमस गिफ्ट शामिल हैं। वैसे भी चूँकि क्रिसमस मनाने के साथ ही नये वर्ष के स्वागत की तैयारियां भी शुरू हो जाती हैं इसलिये भी दुनिया के सभी देश व सभी धर्मों व वर्गों के लोग भी क्रिसमस मनाने में अपनी दिलचस्पी दिखाते हैं।

भारत में भी लगभग 2.8 करोड़ ईसाई रहते हैं जो देश की कुल जनसंख्या का लगभग 2.3त्न है। ईसाई समुदाय भारत में तीसरा सबसे बड़ा धार्मिक समूह है। लिहाज़ा यहाँ भी ईसाई समुदाय क्रिसमस, गुड फ्राइडे व नव वर्ष जैसे अपने सभी त्यौहार सदियों से मनाते आ रहे हैं। वैसे भी ब्रिटिशकाल में भारत में अंग्रेज़ों ने जहां विकास सम्बन्धी तमाम इबारतें लिखीं वहीँ उनके शासन में देश भर में अनेक बड़े व ऐतिहासिक चर्च ,स्कूल व अस्पताल भी निर्मित किये गये। आज भी क्रिश्चियन मिशनरी देश की शिक्षा व स्वास्थ्य के क्षेत्र में अपना महत्वपूर्ण योगदान अदा कर रही है। इन सब वास्तविकताओं को दरकिनार कर देश का एक दक्षिणपंथी वर्ग ऐसा है जिसके संस्कारों में ही धर्म विशेष के लोगों से नफ़रत करना व उनके धार्मिक रीति रिवाजों व परंपराओं का विरोध करना शामिल है। नकारात्मकता की सोच से भरे इसी विचारधारा के लोग विगत कई वर्षों से क्रिसमस त्यौहार मनाये जाने का विरोध करते आ रहे हैं। जबकि सर्व धर्म समभाव जैसे गांधीवादी विचारों का अनुसरण करने वाला देश का आम नागरिक सभी धर्मों के त्योहारों व परंपराओं व रीति रिवाजों में ख़ुशी से शरीक होकर प्रत्येक उत्सव का आनंद लेना चाहता है साथ ही एक दूसरे धर्म के लोगों के प्रति अपनी एकजुटता दिखाना चाहता है। नफ़रत, नकारात्मकता, संकीर्णता व साम्प्रदायिक वैमनस्य की सोच से भरे इन्हीं तत्वों ने गत क्रिसमस के अवसर पर पूरे देश में विभिन्न चर्चों व सार्वजनिक स्थलों पर ऐसा तांडव किया जिसकी चर्चा देश के मीडिया में कम परन्तु विदेशी मीडिया में ज़्यादा हुई। इस दौरान भारत के विभिन्न राज्यों में ईसाई समुदाय के विरुद्ध हुई घटनाओं में तोड़फोड़, हमले और उत्पात की कई रिपोर्ट्स सामने आईं। उदाहरण स्वरूप छत्तीसगढ़ की राजधानी रायपुर में मैग्नेटो मॉल में भीड़ ने क्रिसमस डेकोरेशंस में तोड़फोड़ की, जिसमें लाखों का नुक़सान हुआ। जबकि कांकेर ज़िले में दो चर्च जला दिये गए और कई ईसाई घरों को निशाना बनाया गया। इसी तरह असम के नालबाड़ी में सेंट मैरी स्कूल में वी एच पी कार्यकर्ताओं ने क्रिसमस बैनर्स और डेकोरेशंस को जलाया व स्कूल के पास की दुकानों पर भी हमले किये । इसी तरह केरल के पलक्कड़,चारूमूडू व पुडुसेरी में बच्चों के कैरोल ग्रुप पर हथियारों से हमला किया गया जिसमें महिलाएं और बच्चे शामिल थे। इसी तरह मध्य प्रदेश के जबलपुर में भी कुछ इलाक़ों में ईसाई धर्मावलंबियों की प्रार्थना सभाओं और धार्मिक आयोजनों के दौरान मारपीट और हंगामा किए जाने की ख़बर है जबकि झाबुआ में प्रेयर मीटिंग में व्यवधान डाला गया जिसमें एक नेत्रहीन महिला पर हमला किया गया । उत्तर प्रदेश में सेंट अल्फोंसस कैथेड्रल के बाहर हनुमान चालीसा का पाठ लाउडस्पीकर पर बजाया गया,लखनऊ में कैथेड्रल सर्विस में तेज़ आवाज़ से धार्मिक भजन बजाए गये । इसी प्रकार राजस्थान के जोधपुर और नागौर में एक स्कूल में क्रिसमस बैनर्स तोड़े गए,नागौर में युवाओं ने स्कूल के सामने मंदिर का होने का बहाना बनाकर तोड़फोड़ की। दिल्ली के लाजपत नगर व पूर्वी दिल्ली में सेंटा कैप पहनी महिलाओं और बच्चों को बाज़ार से भगाया गया एक बाज़ार में ज़बरदस्त उत्पात मचाया गया। उत्तराखंड के हरिद्वार में एक होटल में क्रिसमस संबंधी एक आयोजन को रद्द करना पड़ा। जबकि ऋषिकेश में एक प्रार्थना सभा में व्यवधान डाला गया और जीसस और मैरी का अपमान करते हुये उन्हें अपशब्द कहे गए। ओडिशा के पुरी में सेंटा कैप बेचने वाले ग़रीब परिवार को धमकाया और भगाया गया जबकि महाराष्ट्र में मुंबई के काशीमीरा में क्रिसमस प्रोग्राम रोका गया तथा वहां मौजूद बच्चों से हिन्दू धर्म से जुड़े नारे लगवाए गये। देश भर में इस तरह कि 60 से भी अधिक घटनाओं के समाचार हैं और इन प्रत्येक घटनाओं का विरोध करने वालों में लगभग हर जगह संघ,बजरंग दल, वी एच पी,भाजपा व इनके सहयोगी अन्य हिंदुत्ववादी संगठनों के लोगों के शामिल होने की ख़बरें हैं।

The knowledge shared in Happy Life Yoga is drawn from Ayurveda, Indian philosophy, yoga traditions, and Malik's own lived experiences. The workshop is suitable for people of all ages and backgrounds and is conducted in the spirit of philanthropy, reminding people from all walks of life that true happiness lies within.

Tirlok Malik has conducted over 100 workshops and programs across New York, including landmark public spaces such as Central Park and Times Square. He has also spoken at Central Park Uplift, New York (International Yoga Day 2025), founded by Meera Gandhi, and at the Times Square Peace Day event, among many others. Through these initiatives, Malik continues to spread joy, laughter, and happiness.




**About Tirlok Malik**

Tirlok Malik is an Emmy-nominated filmmaker, restaurateur, entrepreneur, and the founder and speaker of Happy Life Yoga. He is known for his significant contributions to both Hollywood and Bollywood, and for pioneering the portrayal of the immigrant experience in America through films such as Lonely in America and Khushiyaan. His work has earned numerous awards and global recognition for highlighting cultural connections and human stories. Through Happy Life Yoga, Malik actively promotes Ayurveda, yoga, and Indian philosophy as a holistic way of living in balance.

**About Bhakti Marga**

Bhakti Marga, founded by Satguru Paramahamsa Vishwananda, is a global spiritual path rooted in devotion and love. Satguru Paramahamsa Vishwananda is a spiritual living master (Satguru) whose presence and guidance lead seekers to the direct experience of divine love.

Bhakti Marga New York Center is a sacred space for busy New Yorkers to find inner peace and renewal, offering daily programs and a wide range of spiritual and wellness-based activities led by experienced practitioners.

The event is hosted by conscious filmmaker Neha Lohia, fondly known as the Chief Happiness Officer for Happy Life Yoga.

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 337
Website: www.preetnama.com Email preetnamausa@gmail.com
16 JAN TO 22 JAN, 2026

# Eminent oncologist Dr Jatin Shah honored by The South Asian Times as its Person of the Year 2025

**By Parveen Chopra**
**Founding Editor**
**The South Asian Times**

Woodbury, NY: Dr Jatin Shah, the leading head and neck surgeon in the world, was felicitated as The South Asian Times - Person of the Year 2025 at a gala function at Crest Hollow Country Club here on January 9, 2026.

The gala was attended by who's who of the Indian American community and many distinguished professionals.

Kamlesh Mehta, Chairman and Publisher of The South Asian Times, along with three Padma Awardees -- Padma Bhushan Sant Singh Chatwal, Padma Shri Dr Sudhir Parikh, Chairman of Parikh Worldwide Media, and Padma Shri Dr Dattatreyudu Nori, an eminent oncologist, presented the POY crystal plaque to Dr Shah.

Dr Parikh, a family friend of Dr Shah, wished him more achievements and honors, good health and a long life.

Dr Shah, who is 85 and completed 50 years of service at Memorial Sloan Kettering Cancer Center in New York last year, including over two decades as Chief of Head and Neck Service, said in his acceptance speech, "I am honored and feel privileged to be chosen by The South Asian Times as the Person of the Year for 2025. Being recognized by your own - family, community or society - is a unique honor that is hard to come by, and even harder to achieve than any award or recognition from a professional or academic organization. For that, I am grateful to The South Asian Times. I will cherish this high honor for the rest of my life."

Dr Shah, who is world renowned for transforming the medical discipline in his specialty with research, innovations and fostering collaborations worldwide, was introduced by Dr Ashok Shaha, Attending Surgeon on the Head and Neck Service at Memorial Sloan Kettering for the past 35 years.

Dr Jatin Shah was also felicitated by eminent doctor friends of his - Doctors J. Ganesh Bhat, Nitin and Leena Doshi, Shashi Shah, Narinder Kukar, and Bhupi Patel.

A video message from Nassau County Executive Bruce Blakeman congratulating Dr Shah and The South Asian Times was played at the event.

The honorees of The South Asian Times - Person of the Year from previous years – Chintu Patel (2017), Naveen Shah (2018), Ranju & Ravi Batra (2019), Ravishankar Bhooplapur (2020), Mohan Wanchoo (2021) and Mukund Padmanabhan (2024) – spoke and congratulated Dr Jatin Shah.

The South Asian Times has been honoring a Person of the Year since 2010 with a special pull out section coinciding with the New Year edition.

Mrs Nimmi Mehta, Kamlesh Mehta's wife, gave the welcome speech and felicitated Dr Ivana Shah, Jatin Shah's orthodontist wife, with a shawl and bouquet.

The special edition of The South Asian Times recognizing and featuring Dr Jatin Shah as Person of the Year 2025 was unveiled on the occasion. Joining Kamlesh Mehta and Dr Shah for the unveiling were Vishal Harsh, Deputy Consul General at the Indian Consulate in New York, Dr Ivana Shah, Nimmi Mehta, Parveen Chopra, Founding Editor of The South Asian Times and Founder of A Lotus In The Mud, and Jori Kohli, an entrepreneur.

The Dr Jatin Shah POY Special carries an intensive and extensive interview with him, as well as over 50 congratulatory messages from his colleagues at Memorial Sloan Kettering, eminent head and neck surgeons, his peers and former trainees as well as friends and family. They include Hollywood superstar Michael Douglas and Bollywood actor-director Rakesh Roshan.

The program concluded with the cutting of the cake, where all the key people joined in to congratulate Drs Jatin and Ivana Shah.

The program was EmCeed by Jori Kohli, who kept it soulful and energetic. Sneh 'Sunny' Thakkar, Artistic Director of Music for the Indo-American Arts Council, curated and presented a Sitar recital by Radhika Samson, who was accompanied by Ramanan Venkatraman (on Hansaveena), Manav Khurana (Tabla) and Joseph Costello (Ghatam). Ganesh Vandana and Kathak performance was by Aiyana Begani, Arya Gosalia, Aranya Kathpal, Zara Lakhani and Nina Patel, students of Preya Patel of Vivarta Arts.

A sumptuous, elaborate dinner was catered by Benares. The elegant gala event, attended by over 150 elite guests, was held at the exquisitely-decorated Grand Ballroom of Crest Hollow Country Club, one of the most beautiful venues on Long Island.

Parveen Chopra is the founder of ALotusInTheMud.com, the premier wellness and spirituality web magazine.











ਜਨਮ ਦਿਨ ਤੇ ਵਿਸ਼ੇਸ਼ ਲੇਖ

# ਸਿਆਸਤਦਾਨ ਅਤੇ ਸਾਹਿਤਕਾਰ ਗਿਆਨੀ ਗੁਰਮਖ ਸਿੰਘ ਮੁਸਾਫ਼ਰ



ਕੁਦਰਤ ਭਾਵੇਂ ਸਮਾਜ ਦੀ ਸਿਰਜਣਾ ਕਰਦਿਆਂ ਹਰ ਪੱਖਾਂ ਤੋਂ ਹਰ ਮਨੁੱਖ ਵਿੱਚ ਗੁਣਾ ਦੀ ਬਖਸ਼ਿਸ਼ ਕਰਦੀ ਹੈ ਪਰ ਫਿਰ ਵੀ ਇਨਸਾਨ ਨੂੰ ਸਮਾਜ਼ ਵਿੱਚ ਵਿਚਰਦਿਆਂ ਕਈ ਊਣਤਾਈਆਂ ਜਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਊਣਤਾਈਆਂ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਈ ਸਮਾਜ ਸੇਵੀ ਜਨਮ ਲੈਂਦੇ ਹਨ ਇਹਨਾਂ ਸਮਾਜ਼ ਸੇਵੀ ਵਿਆਕਤੀਆਂ ਵਿਚੋਂ ਇਕ ਨਾਮ ਹੈ ਗਿਆਨੀ ਗੁਰਮਖ ਸਿੰਘ ਮੁਸਾ.ਫ਼ਰ ਜਿਨਾਂ ਦਾ ਜਨਮ ਸ੍ਰ. ਸੁਜਾਨ ਸਿੰਘ ਦੇ ਘਰ ਪਿੰਡ ਅਧਵਾਲ ਜ਼ਿਲ੍ਹਾ ਕੈਂਬਲਪੁਰ ਪੋਠੋਹਾਰ ਦੇ ਇਲਾਕੇ (ਪੱਛਮੀ ਪੰਜਾਬ)ਵਿਚ 15 ਜਨਵਰੀ 1899 ਨੂੰ ਹੋਇਆ।

ਉਹਨਾਂ ਦੇ ਪਿਤਾ ਖੇਤੀਬਾੜੀ ਕਰਦੇ ਸਨ। ਗੁਰਮਖ ਸਿੰਘ ਮੁਸਾ.ਫ਼ਰ ਨੇ ਮੁੱਡਲੀ ਵਿਦਿਆ ਪਿੰਡ ਤੋਂ ਹੀ ਪ੍ਰਾਪਤ ਕਰਕੇ ਮਿਡਲ ਵਿਦਿਆ ਰਾਵਲ ਪਿੰਡੀ ਤੋਂ ਪਾਸ ਕੀਤੀ ਉੱਥੇ ਹੀ ਜੇ.ਵੀ ਪ੍ਰੀਖਿਆ ਪਾਸ ਕਰਕੇ1918 ਵਿਚ ਪਹਿਲਾਂ ਜ਼ਿਲ੍ਹਾ ਬੋਰਡ ਚਕਰੀ ਦੇ ਸਕੂਲ ਵਿਚ ਅਤੇ ਪਿਛੋਂ ਪਿੰਡ ਕਾਲਰ ਤਹਿਸੀਲ ਕਹੂਟਾ ਜ਼ਿਲ੍ਹਾ ਰਾਵਲਪਿੰਡੀ ਦੇ ਹਾਈ ਸਕੂਲ ਵਿਚ ਅਧਿਆਪਕ ਲੱਗ ਗਏ। ਇੱਥੇ ਹੀ ਕੁਝ ਸਮਾਂ ਮਾਸਟਰ ਤਾਰਾ ਸਿੰਘ ਨਾਲ ਪੜਾਉਣ ਦਾ ਮੌਕਾ ਮਿਲਿਆ। ਇਸ ਤੋਂ ਬਾਅਦ ਬਸਾਲੀ ਵਿਚ ਵਰਨੇਕੂਲਰ ਅਧਿਆਪਕ ਦੀ ਨੌਕਰੀ ਕਰਨ ਲੱਗ ਪਏ।

ਗਿਆਨੀ ਗੁਰਮਖ ਸਿੰਘ ਮੁਸਾ.ਫ਼ਰ ਦੇ ਜੀਵਨ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਉਹ ਇੱਕ ਉੱਘੇ ਸਾਹਿਤਕਾਰ ,ਗੁਰਦੁਵਾਰਿਆਂ ਦੀ ਮਰਿਯਾਦਾ ਕਾਇਮ ਕਰਨ ਅਤੇ ਇਹਨਾਂ ਨੂੰ ਆਜ਼ਾਦ ਕਰਵਾਉਣ ਲਈ ਗੁਰਦੁਵਾਰਾ ਸੁਧਾਰ ਲਹਿਰ ਵਿੱਚ ਅੱਗੇ ਹੋ ਕੇ ਸੰਘਰਸ਼ ਕਰਨ ਵਾਲੇ,ਜੇਲਾਂ ਕੱਟਣ ਵਾਲੇ ਆਜ਼ਾਦੀ ਘੁਲਾਟੀਏ ਅਤੇ ਸਿਆਸਤਦਾਨ ਸਨ।

1919 ਦੇ ਜੱਲ੍ਹਿਆਂ ਵਾਲੇ ਬਾ.ਗ ਦੇ ਖ਼ੂਨੀ ਸਾਕੇ ਅਤੇ .ਫ਼ਰਵਰੀ 1921 ਵਿਚ ਹੋਏ ਸ੍ਰੀ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਦੀ ਗੁਰਮਖ ਸਿੰਘ ਮੁਸਾ.ਫ਼ਰ ਦੇ ਮਨ ਨੂੰ ਅਜਿਹੀ ਠੇਸ ਲੱਗੀ ਕਿ ਉਹਨਾਂ ਨੇ ਨੌਕਰੀ ਤਿਆਗ ਦਿੱਤੀ ਫਿਰ ਸਿੱਖਾਂ ਵਲੋਂ ਚਲਾਈ ਗੁਰਦੁਵਾਰਾ ਸੁਧਾਰ ਲਹਿਰ ਵਿਚ ਕੁੱਦ ਪਏ।

ਗਿਆਨੀ ਗੁਰਮਖ ਸਿੰਘ ਮੁਸਾ.ਫ਼ਰ ਜੀ ਨੇ 1922 ਵਿਚ ਗੁਰੂ ਕੇ ਬਾ.ਗ ਮੋਰਚੇ ਵਿਚ ਗ੍ਰਿ.ਫ਼ਤਾਰੀ ਦਿੱਤੀ ਅਤੇ ਕੈਦ ਕੱਟੀ। ਗਿਆਨੀ ਜੀ 12 ਮਾਰਚ 1930 ਤੋਂ 5 ਮਾਰਚ 1931 ਤੱਕ ਲਗਭਗ ਇਕ ਸਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਵਜੋਂ ਸੇਵਾ ਨਿਭਾਈ। ਉਨ੍ਹਾਂ ਨੇ ਸ਼ ?ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੀ ਸੇਵਾ ਵੀ ਨਿਭਾਈ। ਗੁਰਦੁਵਾਰਾ ਸੁਧਾਰ ਲਹਿਰ ਲਈ ਜਿੰਨੇ ਵੀ ਮੋਰਚੇ ਲੱਗੇ ਉਨ੍ਹਾਂ ਸਾਰਿਆਂ ਮੋਰਚਿਆਂ ਵਿਚ ਗਿਆਨੀ ਜੀ ਨੇ ਅੱਗੇ ਹੋ ਕੇ ਹਿੱਸਾ ਲਿਆ। ਆਜ਼ਾਦੀ ਲਹਿਰ ਦੀਆਂ ਲੜਾਈਆਂ ਵੀ ਉਹਨਾਂ ਮੂਹਰੇ ਹੋ ਕੇ ਲੜੀਆਂ।ਗਿਆਨੀ ਗੁਰਮਖ ਸਿੰਘ ਮੁਸਾ.ਫ਼ਰ ਕਿਹਾ

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੁਖਵਿੰਦਰ ਸਿੰਘ ਮੁੱਲਾਂਪੁਰ
. +91 8427454104

ਕਰਦੇ ਸਨ ਨਾ ਤਾਂ ਮੈਨੂੰ ਜੇਲ੍ਹ ਜਾਣ ਦਾ ਦੁੱਖ ਹੈ ਅਤੇ ਨਾ ਹੀ ਜੇਲ੍ਹ ਤੋਂ ਰਿਹਾਅ ਹੋਣ ਦੀ ਖੁਸ਼ੀ ਹੈ ਕਿਉਂਕੇ ਮੈਂ ਜੇਲ੍ਹ ਵਿਚ ਫਿਰ ਵਾਪਸ ਆ ਜਾਣਾ ਹੈ।

1947 ਵਿਚ ਦੇਸ਼ ਆਜ਼ਾਦ ਹੋਣ ਤੋਂ ਬਾਅਦ ਗਿਆਨੀ ਜੀ ਦਾ ਅੰਦੋਲਨ ਜੀਵਨ ਸਮਾਪਤ ਹੁੰਦਿਆਂ ਰਾਜਨੀਤਕ ਜੀਵਨ ਸ਼ੁਰੂ ਹੋ ਗਿਆ। ਆਪ ਦੀਆਂ ਸੇਵਾਵਾਂ ਨੂੰ ਵੇਖਦੇ ਹੋਇਆ ਕਾਂਗਰਸ ਪਾਰਟੀ ਨੇ 1949 ਵਿਚ ਪੰਜਾਬ ਪ੍ਰਦੇਸ਼ ਕਾਗਰਸ ਦੇ ਪ੍ਰਧਾਨ ਚੁਣ ਲਿਆ।

ਗਿਆਨੀ ਗੁਰਮਖ ਸਿੰਘ ਮੁਸਾ.ਫ਼ਰ 1952 ਤੋਂ 1966 ਤਕ ਤਿੰਨ ਵਾਰ ਕਾਂਗਰਸ ਪਾਰਟੀ ਵਲੋਂ ਲੋਕ ਸਭਾ ਮੈਂਬਰ ਚੁਣੇ ਗਏ।1968 ਤੋਂ1976 ਤੱਕ ਦੋ ਵਾਰ ਰਾਜ ਸਭਾ ਮੈਂਬਰ ਚੁਣੇ ਗਏ। 1 ਨਵੰਬਰ 1966 ਨੂੰ ਜਦੋਂ ਪੰਜਾਬੀ ਸੂਬਾ ਹੋਂਦ ਵਿਚ ਆਇਆ ਤਾਂ ਗਿਆਨੀ ਜੀ 1 ਨਵੰਬਰ 1966 ਤੋਂ 8 ਮਾਰਚ 1967 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ।

ਗਿਆਨੀ ਜੀ ਦਾ ਸਾਹਿਤਕ ਖੇਤਰ ਵਿਚ ਬਹੁਤ ਵੱਡਾ ਨਾਮ ਹੈ ਉਹ ਰਾਜਨੀਤੀ ਨਾਲੋਂ ਸਾਹਿਤ ਨੂੰ ਅਤੇ ਸਾਹਿਤਕਾਰਾਂ ਨੂੰ ਬਹੁਤ ਜਿਆਦਾ ਪਿਆਰ ਕਰਦੇ।ਉਨ੍ਹਾਂ ਨੇ 9 ਕਾਵਿ ਸੰਗ੍ਰਹਿ ਸਬਰ ਦੇ ਬਾਣ, ਪ੍ਰੇਮ-ਬਾਣ,ਜੀਵਨ-ਪੰਧ, ਮੁਸਾ.ਫ਼ਰੀਆਂ,ਟੁੱਟੇ ਖੰਭ,ਕਾਵਿ-ਸਨੇਹੇ, ਸਹਿਜ ਸੇਤੀ, ਵਖਰਾ-ਵਖਰਾ,ਕਤਰਾ-ਕਤਰਾ ਅਤੇ ਦੂਰ-ਨੇੜੇ ਲਿਖੇ।

ਉਨ੍ਹਾਂ ਨੇ ਕਹਾਣੀ ਸੰਗ੍ਰਹਿ 'ਵਖਰੀ ਦੁਨੀਆਂ,ਆਲ੍ਹਣੇ ਦੇ ਵੋਟ,ਕੰਧਾਂ ਵੋਲ ਪਈਆਂ,ਸਤਾਈ ਜਨਵਰੀ,ਗਟਾਰ, ਸਭ ਅੱਛਾ,ਸਸਤਾ ਤਮਾਸ਼ਾ,ਅੱਲ੍ਹਾ ਵਾਲੇ ਅਤੇ ਉਰਵਾਲ ਪਾਰ ਵੀ ਲਿਖੇ।ਗਿਆਨੀ ਜੀ ਨੇ ਜਿੰਦਗੀ ਵਿਚ ਸੰਘਰਸ਼ ਕਰਦਿਆਂ ਜੋ ਤਨ ਮਨ ਉਪਰ ਪੀੜ ਹੰਡਾਈ ਉਸ ਨੂੰ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ।ਗਿਆਨੀ ਜੀ ਨੂੰ ਅਕਾਲ ਚਲਾਣੇ ਪਿਛੋਂ ਪਦਮ ਵਿਭੂਸ਼ਣ ਨਾਲ ਸਨਮਾਨਿਆ ਗਿਆ ਗਿਆਨੀ ਜੀ ਨੇ ਤਿੰਨ ਜੀਵਨੀਆਂ ਅਤੇ ਇਕ ਸੰਖੇਪ ਜੀਵਨੀ ਲਿਖੀ। ਆਪ ਜਲ੍ਹਿਆਂ ਵਾਲੇ ਬਾ.ਗ ਟ ?ਰੱਸਟ ਦੇ ਚੇਅਰਮੈਨ ਰਹੇ ਅਤੇ ਸਾਹਿਤਕ ਤੌਰ ਤੇ ਵੀ ਆਪਣੀ ਸ਼ੁਹਰਤ ਰੱਖਦੇ ਸਨ।1954 ਵਿਚ ਸਟਾਕ ਹੋਮ ਸਵੀਡਨ ਦੀ ਅੰਤਰ ਰਾਸ਼ਟਰੀ ਲੇਖਕਾਂ ਦੀ ਕਾਨਫਰੰਸ ਵਿਚ ਸ਼ਾਮਲ ਹੋਏ। 1961 ਵਿਚ ਟੋਕੀਉ ਦੀ ਲੇਖਕ ਕਾਨਫਰੰਸ ਵਿਚ ਸ਼ਾਮਲ ਹੋ ਕੇ ਮਾਣ ਪ੍ਰਾਪਤ ਕੀਤਾ। ਇਹ ਸਮਾਜ ਸੇਵੀ ਰੂਹ ਧਰਮ, ਦੇਸ਼ ਅਤੇ ਸਾਹਿਤ ਦੀ ਸੇਵਾ ਕਰਦੀ 18 ਜਨਵਰੀ 1976 ਨੂੰ 87 ਸਾਲ ਦੀ ਉਮਰ ਵਿਚ ਨਵੀ ਦਿੱਲੀ ਵਿਖੇ ਵਿਛੜ ਗਈ। ਭਾਰਤ ਸਰਕਾਰ ਵਲੋਂ ਉਹਨਾਂ ਦੀ ਯਾਦ ਵਿਚ ਇਕ ਡਾਕ ਟਿਕਟ ਵੀ ਜਾਰੀ ਕੀਤੀ ਗਈ। ਅਜਿਹੇ ਇੰਨਸਾਨ ਨੂੰ ਸਮਾਜ਼ ਸਦਾ ਯਾਦ ਕਰਦਾ ਰਹੇਗਾ ਇਹਨਾਂ ਦੇ ਲਿਖੇ ਸਾਹਿਤ ਤੋਂ ਸਮਾਜ਼ ਸਦਾ ਸੇਧ ਲੈਂਦਾ ਰਹੇਗਾ।

# ਪੰਜਾਬੀ ਵਿਰਸੇ ਦਾ ਕੋਸ਼ : ਗਿਆਨੀ ਗੁਰਦਿੱਤ ਸਿੰਘ

ਆਧੁਨਿਕ ਪੰਜਾਬੀ ਵਾਰਤਕ ਦਾ ਮੂੰਹ-ਮੱਥਾ ਸ਼ਿੰਗਾਰਨ, ਸੰਵਾਰਨ ਤੇ ਨਿਖਾਰਨ ਵਿੱਚ 'ਮੇਰਾ ਪਿੰਡ' ਵਾਲੇ ਗਿਆਨੀ ਗੁਰਦਿੱਤ ਸਿੰਘ ਦੀ ਬੜੀ ਸਰਗਰਮ ਭੂਮਿਕਾ ਰਹੀ ਹੈ। ਉਨ੍ਹਾਂ ਨੂੰ ਇੱਕ ਸ.ਫ਼ਲ ਵਾਰਤਕਕਾਰ ਦੇ ਨਾਲ-ਨਾਲ ਜੀਵਨੀਕਾਰ, ਸਿੱਖ-ਇਤਿਹਾਸ ਦੇ ਸਕਾਲਰ, ਗੁਰਬਾਣੀ ਦੇ ਵਿਆਖਿਆਕਾਰ ਅਤੇ ਸ.ਫ਼ਲ ਸੰਪਾਦਕ ਹੋਣ ਦਾ ਵੀ ਮਾਣ ਪ੍ਰਾਪਤ ਹੈ। ਉਨ੍ਹਾਂ ਦਾ ਜਨਮ 24 ਫਰਵਰੀ 1923 ਈ. ਨੂੰ ਸ. ਹੀਰਾ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ ਪਿੰਡ ਮਿੱਠੇਵਾਲ, ਰਿਆਸਤ ਮਲੇਰਕੋਟਲਾ ਵਿਖੇ ਹੋਇਆ।

ਗਿਆਨੀ ਗੁਰਦਿੱਤ ਸਿੰਘ ਨੇ ਮੁੱਢਲੀ ਵਿੱਦਿਆ ਪਿੰਡ ਦੇ ਗੁਰਦੁਆਰੇ ਤੋਂ ਪ੍ਰਾਪਤ ਕੀਤੀ ਅਤੇ ਪੇਂਡੂ ਘਰੋਗੀ ਕੰਮ-ਧੰਦਿਆਂ ਦੇ ਨਾਲ-ਨਾਲ ਸਾਧੂਆਂ, ਸੰਤਾਂ, ਵਿਦਵਾਨਾਂ ਤੋਂ ਨੀਤੀ-ਸ਼ਾਸਤਰ, ਪਿੰਗਲ, ਕਾਵਿ ਨਾਲ ਸਬੰਧਤ ਗ੍ਰੰਥਾਂ ਦਾ ਅਧਿਐਨ ਕੀਤਾ; ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਅਰਥਾਂ ਅਤੇ ਵਿਆਖਿਆ ਨੂੰ ਸਮਝਿਆ। ਲਾਹੌਰ ਤੋਂ 1944-
45 ਵਿੱਚ ਗਿਆਨੀ ਪਾਸ ਕਰਨ ਪਿੱਛੋਂ ਹੋਰ ਜਾਣਨ ਦੀ ਜਗਿਆਸਾ ਹਿੱਤ 1943 ਤੋਂ 1947 ਤੱਕ ਪੰਜਾ ਸਾਹਿਬ ਤੋਂ ਪਟਨਾ ਅਤੇ ਬਨਾਰਸ ਤੱਕ ਦੀ ਯਾਤਰਾ ਕੀਤੀ। ਇਸ ਦੌਰਾਨ ਧਾਰਮਕ ਅਸਥਾਨਾਂ- ਲਾਹੌਰ, ਅੰਮ੍ਰਿਤਸਰ, ਪਟਿਆਲਾ ਦੀਆਂ ਲਾਇਬਰੇਰੀਆਂ ਅਤੇ ਕਾਸ਼ੀ ਦੀ ਨਾਗਰੀ ਪ੍ਰਚਾਰਿਣੀ ਸਭਾ ਲਾਇਬਰੇਰੀ ਵਿੱਚੋਂ ਪੁਰਾਤਨ ਹੱਥ ਲਿਖਤਾਂ, ਬੀੜਾਂ ਅਤੇ ਦੁਰਲੱਭ ਗ੍ਰੰਥਾਂ ਦੀ ਖੋਜ ਕੀਤੀ।

ਬੀਬੀ ਇੰਦਰਜੀਤ ਕੌਰ ਸੰਧੂ ਨਾਲ ਸ਼ਾਦੀ ਹੋਣ ਪਿੱਛੋਂ ਉਨ੍ਹਾਂ ਦੇ ਘਰ ਦੋ ਲਡ ?ਕੇ ਰੂਪਇੰਦਰ ਸਿੰਘ (1960) ਅਤੇ ਰਵੀ ਇੰਦਰ ਸਿੰਘ (1961) ਪੈਦਾ ਹੋਏ। ਸ਼ਾਇਦ ਬਹੁਤੇ ਪਾਠਕਾਂ ਨੂੰ ਪਤਾ ਨਾ ਹੋਵੇ ਕਿ ਸ੍ਰੀਮਤੀ ਸੰਧੂ 1975 ਤੋਂ 1977 ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ-ਚਾਂਸਲਰ ਰਹਿ ਚੁੱਕੇ ਹਨ ਅਤੇ ਉਹ ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਸਮੇਤ ਪੰਜਾਬ ਦੀਆਂ ਹੋਰਨਾਂ ਯੂਨੀਵਰਸਿਟੀਆਂ ਵਿਚ ਹੁਣ ਤੱਕ ਦੇ ਪਹਿਲੇ ਇਸਤ੍ਰੀ ਵੀਸੀ ਹੋ ਗੁਜ਼ਰੇ ਹਨ। ਸ੍ਰੀਮਤੀ ਸੰਧੂ ਭਾਰਤ ਸਰਕਾਰ ਦੇ ਸਿਲੈਕਸ਼ਨ ਕਮਿਸ਼ਨ ਦੇ ਸਾਬਕਾ ਚੇਅਰਮੈਨ ਵੀ ਰਹਿ ਚੁੱਕੇ ਹਨ।

ਉਚੇਰੀ ਸਿੱਖਿਆ ਹਾਸਲ ਨਾ ਕਰਨ ਦੇ ਬਾਵਜੂਦ ਗਿਆਨੀ ਜੀ ਨੇ ਪੰਜਾਬੀ ਸਾਹਿਤ ਅਤੇ ਗੁਰਬਾਣੀ/ਸਿੱਖ ਸਾਹਿਤ ਨਾਲ ਸਬੰਧਤ ਨਿੱਗਰ ਅਤੇ ਉੱਚਪੱਧਰੀ ਪੁਸਤਕਾਂ ਦੀ ਰਚਨਾ ਕੀਤੀ। ਜਿਨ੍ਹਾਂ ਦਾ ਮੁਕੰਮਲ ਵੇਰਵਾ ਇਸ ਪ੍ਰਕਾਰ ਹੈ:

* ਕਵਿਤਾ: ਅਛੋਹ ਸਿਖਰਾਂ, ਭਾਵਾਂ ਦੇ ਦੇਸ਼।
* ਖੋਜ ਅਤੇ ਆਲੋਚਨਾ: ਰਾਗ ਮਾਲਾ ਦੀ ਅਸਲੀਅਤ, ਪੰਜਾਬੀ ਤੇ ਗੁਰਮੁਖੀ ਲਿਪੀ ਦਾ ਸੰਖੇਪ ਇਤਿਹਾਸ, ਭੱਟ ਤੇ ਉਨ੍ਹਾਂ ਦੀ ਰਚਨਾ, ਮੁੰਦਾਵਣੀ।
* ਵਾਰਤਕ: ਮੇਰਾ ਪਿੰਡ (ਇਸ ਪੁਸਤਕ ਦਾ ਹਿੰਦੀ ਅਨੁਵਾਦ ਵੀ ਛਪ ਚੁੱਕਾ ਹੈ।) ਤਿੱਥ ਤਿਉਹਾਰ, ਮੇਰੇ ਪਿੰਡ ਦਾ ਜੀਵਨ।
* ਜੀਵਨੀ: ਭਾਈ ਲਾਲੋ ਦਰਸ਼ਨ, ਸਿੱਖ ਮਹਾਂਪੁਰਸ਼, ਸੰਖੇਪ ਜੀਵਨੀਆਂ (ਭਾਈ ਦਿੱਤ ਸਿੰਘ, ਰਾਗੀ ਹੀਰਾ ਸਿੰਘ, ਭਾਈ ਰਣਧੀਰ ਸਿੰਘ, ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ, ਅਕਾਲੀ ਕੌਰ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ, ਪ੍ਰਿੰ. ਤੇਜਾ ਸਿੰਘ, ਭਾਈ ਜਵਾਹਰ ਸਿੰਘ ਕਪੂਰ, ਸੰਤ ਹਰਚੰਦ ਸਿੰਘ ਲੌਂਗੋਵਾਲ, ਗਿਆਨ ਸਿੰਘ ਰਾੜੇਵਾਲਾ, ਸ. ਹੁਕਮ ਸਿੰਘ, ਮਹਾਰਾਜਾ ਅਸ਼ੋਕ, ਮਹਾਤਮਾ ਬੁੱਧ, ਕਿੱਕਰ ਸਿੰਘ ਪਹਿਲਵਾਨ)।
* ਸੱਭਿਆਚਾਰ ਤੇ ਇਤਿਹਾਸ: ਸਿੰਘ ਸਭਾ ਲਹਿਰ ਦੀ ਦੇਣ, ਪੰਜਾਬ ਦੇ ਤਖ਼ਤਾਂ ਦਾ ਇਤਿਹਾਸ, ਪੰਜਾਬੀ ਸੱਭਿਆਚਾਰ।
* ਧਰਮ ਤੇ ਫ਼ਲਸਫਾ: ਜੀਵਨ ਦਾ ਉਸਰੱਈਆ- ਸ੍ਰੀ ਗੁਰੂ ਨਾਨਕ ਦੇਵ ਜੀ, ਸਿੱਖ ਧਾਮ ਤੇ ਸਿੱਖ ਗੁਰਦੁਆਰੇ, ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ: ਭਗਤ ਬਾਣੀ ਭਾਗ।
* ਸੰਪਾਦਨ: ਅਮਰਨਾਮਾ, ਲੋਕ ਕਹਾਣੀਆਂ (ਤਿੰਨ ਜਿਲਦਾਂ)।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਪ੍ਰੋ. ਨਵ ਸੰਗੀਤ ਸਿੰਘ
(9417692015)

'ਮੇਰਾ ਪਿੰਡ' ਪੁਸਤਕ ਨੂੰ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦਾ ਕੋਸ਼ ਕਿਹਾ ਜਾ ਸਕਦਾ ਹੈ। ਪੰਜਾਬੀ ਸਾਹਿਤ ਵਿੱਚ ਇਹ ਪੁਸਤਕ 'ਕਲਾਸਿਕ' ਹੋਣ ਦਾ ਦਰਜਾ ਰੱਖਦੀ ਹੈ। ਪੰਜਾਬੀ ਸੱਭਿਅਤਾ, ਸੰਸਕ੍ਰਿਤੀ ਅਤੇ ਵਿਰਸੇ ਦਾ ਜੋ ਭਰਪੂਰ ਚਿੱਤਰਣ ਇਸ ਵਿੱਚ ਮਿਲਦਾ ਹੈ, ਉਹ ਆਪਣੀ ਮਿਸਾਲ ਆਪ ਹੈ। ਇਹ ਕਿਤਾਬ ਮੁਹਾਵਰਿਆਂ ਤੇ ਅਖੌਤਾਂ ਦਾ ਵਿਸ਼ਾਲ ਖ਼ਜ਼ਾਨਾ ਹੈ। ਲੇਖਕ ਨੇ ਆਪਣੀ ਵਿਲੱਖਣ ਸ਼ੈਲੀ ਰਾਹੀਂ ਪੇਂਡੂ ਲੋਕਾਂ ਦੀਆਂ ਮਨੌਤਾਂ, ਆਰਥਿਕ ਮੁਸ਼ਕਿਲਾਂ, ਵਹਿਮਾਂ-ਭਰਮਾਂ ਤੇ ਅਲੋਪ ਹੋ ਰਹੇ ਪੱਖਾਂ ਨੂੰ ਬੜੇ ਹੀ ਖ਼ੂਬਸੂਰਤ ਢੰਗ ਨਾਲ ਚਿਤਰਿਆ ਹੈ।

2003 ਵਿਚ 'ਮੇਰਾ ਪਿੰਡ' ਦੀ ਐਡੀਸ਼ਨ ਵਿੱਚ ਲੇਖਕ ਨੇ ਪੁਸਤਕ ਦਾ ਆਕਾਰ ਵੱਡਾ (24*15ਸੈਂ.ਮੀ.) ਕਰ ਦਿੱਤਾ ਅਤੇ ਇਸ ਨੂੰ ਆਪਣੀ ਪਤਨੀ ਨੂੰ ਸਮਰਪਿਤ ਕਰ ਦਿੱਤਾ। ਇਹ ਪੁਸਤਕ ਲੇਖਕ ਦੇ ਆਪਣੇ ਸਾਹਿਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਹੀ ਛਪਦੀ ਰਹੀ ਹੈ ਅਤੇ 2014 ਵਿੱਚ ਇਸ ਦਾ ਬਾਰ੍ਹਵਾਂ ਐਡੀਸ਼ਨ ਪ੍ਰਕਾਸ਼ਿਤ ਹੋਇਆ ਸੀ। ਵੱਡੇ ਆਕਾਰ ਵਿੱਚ ਪ੍ਰਕਾਸ਼ਿਤ ਇਸ ਪੁਸਤਕ ਦੇ ਕੁੱਲ 480 ਪੰਨੇ ਹਨ,ਜਿਸ ਵਿੱਚ ਪਰਵੇਸ਼, ਭੂਮਿਕਾ, ਪ੍ਰਸੰਸਾ, ਸੁਆਗਤ ਆਦਿ ਦੇ 18 ਪੰਨੇ ਵੱਖਰੇ ਹਨ।

ਪੁਸਤਕ ਵਿੱਚ ਪ੍ਰਕਾਸ਼ਿਤ ਲੇਖਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ- ਪਹਿਲੇ ਵਿੱਚ ਮੇਰੇ ਪਿੰਡ ਦਾ ਮੂੰਹ ਮੱਥਾ, ਮੇਰੇ ਵੱਡੇ ਵਡੇਰੇ, ਮੇਰਾ ਬਚਪਨ, ਮੇਰੇ ਪਿੰਡ ਦਾ ਆਂਢ ਗੁਆਂਢ, ਕੰਮ ਧੰਦੇ ਤੇ ਆਹਰ ਪਾਹਰ, ਮੇਰੇ ਪਿੰਡ ਦੇ ਇਸ਼ਟ, ਸੰਤਾਂ ਸਾਧਾਂ ਲਈ ਸ਼ਰਧਾ, ਹਾੜ੍ਹਾਂ ਦੇ ਦੁਪਹਿਰੇ, ਸਿਆਲਾਂ ਦੀਆਂ ਧੂਣੀਆਂ, ਮੇਰੇ ਪਿੰਡ ਦੇ ਗਾਲ੍ਹੜੀ, ਭਾਂਤ ਸੁਭਾਂਤੀ ਦੁਨੀਆਂ, ਵਹਿਮ ਭਰਮ, ਤਿੱਥ ਤਿਉਹਾਰ, ਤੀਆਂ, ਵੰਗਾਂ ਤੇ ਮਹਿੰਦੀ, ਤੀਆਂ ਦਾ ਗਿੱਧਾ ਤੇ ਤ੍ਰਿੰਞਣ ਸਿਰਲੇਖ ਹੇਠ ਕੁੱਲ 17 ਲੇਖ ਹਨ; ਜਦ ਕਿ ਦੂਜੇ ਭਾਗ ਵਿੱਚ ਜਨਮ ਤੋਂ ਲੈ ਕੇ ਮੌਤ ਤਕ ਦੀਆਂ ਰੀਤਾਂ ਨਾਲ ਸਬੰਧਤ ਕੁੱਲ 12 ਲੇਖ ਸੰਕਲਿਤ ਹਨ। ਅੰਤਿਕਾ ਵਿੱਚ (ਪੰਨੇ 463 ਤੋਂ 479 ਤੱਕ) ਗਿਆਰਾਂ ਪ੍ਰਸਿੱਧ ਲੇਖਕਾਂ (ਈਸ਼ਵਰ ਚਿੱਤਰਕਾਰ, ਦੇਵਿੰਦਰ ਸਤਿਆਰਥੀ,ਖੁਸ਼ਵੰਤ ਸਿੰਘ, ਐਨਸਾਈਕਲੋਪੀਡੀਆ ਬ੍ਰਿਟੈਨਿਕਾ, ਜੈਚੰਦਰ ਵਿੱਦਿਆਲੰਕਾਰ, ਡਾ ਹਰਿਭਜਨ ਸਿੰਘ, ਸੰਤ ਸਿੰਘ ਸੇਖੋਂ, ਨਾਨਕ ਸਿੰਘ, ਬਲਰਾਜ ਸਾਹਨੀ, ਗੁਰਬਚਨ ਸਿੰਘ ਤਾਲਿਬ ਅਤੇ ਡਾ ਜਸਪਾਲ ਸਿੰਘ) ਵੱਲੋਂ ਪੁਸਤਕ ਬਾਰੇ (ਕ੍ਰਮਵਾਰ ਵਾਰਤਕ ਦੇ ਮੈਦਾਨ ਵਿੱਚ ਝੰਡਾ, ਲੋਕ ਪਰੰਪਰਾ ਦਾ ਨਵਾਂ ਜਨਮ, ਡਿਲਾਇਟਫੁੱਲ ਐੱਸੇ, ਆਊਟਸਟੈਂਡਿੰਗ ਨਾਵਲ, ਇਤਿਹਾਸਕ ਮਹੱਤਵ, ਧੜਕਦਾ ਸੋਹਜ ਮਲੂਕ ਕਲਾ ਦ੍ਰਿਸ਼, ਇਕ ਵਿਅੰਗਭਰੀ ਵੰਗਾਰ, ਸੰਦਲੀ ਸ਼ਰਬਤ ਦਾ ਗਲਾਸ, ਅਜੋਕੇ ਭਾਰਤੀ ਸਾਹਿਤ ਭੰਡਾਰ ਦਾ ਅਦੁੱਤੀ ਸ਼ਾਹਕਾਰ, ਪੰਜਾਬੀ ਬੈਲੇ ਲੈਟਰ, ਲਾਈਫ ਐਜ਼ ਕਲਚਰਲ ਹਿਸਟਰੀ ਆਫ ਪੰਜਾਬ) ਵਿਚਾਰ ਪ੍ਰਗਟ ਕੀਤੇ ਗਏ ਹਨ।

1958-59 ਵਿੱਚ ਗਿਆਨੀ ਜੀ ਨੇ 'ਮੇਰਾ ਪਿੰਡ' ਦਾ ਪਹਿਲਾ ਭਾਗ ਲਿਖਿਆ ਅਤੇ ਪੁਸਤਕ ਛਪਦੇ-ਛਪਦੇ 1961 ਵਿਚ 'ਤਿੱਥ ਤਿਉਹਾਰ' ਤੇ 'ਮੇਰੇ ਪਿੰਡ ਦਾ ਜੀਵਨ' ਨੂੰ ਯੂਨੈਸਕੋ ਅਵਾਰਡ ਪ੍ਰਾਪਤ ਹੋਏ। ਉਨ੍ਹਾਂ ਨੂੰ ਮਿਲੇ ਹੋਰ ਸਨਮਾਨਾਂ ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਮੇਰਾ ਪਿੰਡ' ਨੂੰ ਪੁਰਸਕਾਰ, ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ: ਭਗਤ ਬਾਣੀ ਭਾਗ' ਤੇ ਪੰਦਰਾਂ ਹਜ਼ਾਰ ਰੁਪਏ ਦਾ ਪੁਰਸਕਾਰ ਅਤੇ 'ਗੁਰਮਤਿ ਅਚਾਰੀਆ' ਦੀ ਉਪਾਧੀ, ਗੁਰਦੁਆਰਾ ਐਸੋਸੀਏਸ਼ਨ ਵੂਲਰ, ਲੰਡਨ; ਸਿੱਖ ਕਲਚਰਲ ਸੁਸਾਇਟੀ ਵੈਨਕੂਵਰ ਕੈਨੇਡਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਅਮਰੀਕਾ ਵੱਲੋਂ ਸਨਮਾਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਨਰੇਰੀ ਫੈਲੋਸ਼ਿਪ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ 1998 ਲਈ 'ਕਰਤਾਰ ਸਿੰਘ ਧਾਲੀਵਾਲ ਅਵਾਰਡ', ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਸਾਹਿਤ ਸ਼ ?ਰੋਮਣੀ ਪੁਰਸਕਾਰ ਆਦਿ ਉਲੇਖਯੋਗ ਹਨ।

ਗਿਆਨੀ ਗੁਰਦਿੱਤ ਸਿੰਘ ਵੱਲੋਂ ਕੀਤੇ ਹੋਰ ਜ਼ਿਕਰਯੋਗ ਕਾਰਜਾਂ ਵਿੱਚ ਪੱਤਰ-ਪੱਤ੍ਰਿਕਾਵਾਂ ਦਾ ਸੰਪਾਦਨ ਵੀ ਸ਼ਾਮਲ ਹੈ। 1948 ਵਿੱਚ ਉਨ੍ਹਾਂ ਨੇ ਸਪਤਾਹਿਕ ਅਖ਼ਬਾਰ 'ਪ੍ਰਕਾਸ਼' ਪਟਿਆਲੇ ਤੋਂ ਸ਼ੁਰੂ ਕੀਤਾ, ਜੋ ਪਿੱਛੋਂ ਰੋਜ਼ਾਨਾ ਕਰ ਦਿੱਤਾ ਗਿਆ ਅਤੇ ਇਹ 1956 ਤੱਕ ਪਟਿਆਲੇ ਤੋਂ ਛਪਦਾ ਰਿਹਾ; 1956 ਤੋਂ 1964 ਤਕ ਇਹ ਚੰਡੀਗੜ੍ਹ ਤੋਂ ਛਪਣ ਲੱਗਾ; 1970 ਤੋਂ 1987 ਤਕ ਫਿਰ ਪਟਿਆਲੇ ਤੋਂ ਸਪਤਾਹਿਕ ਵਜੋਂ ਛਪਣ ਲੱਗਿਆ। ਪਟਿਆਲੇ ਤੋਂ ਹੀ ਉਨ੍ਹਾਂ ਨੇ ਇਕ ਮਾਸਿਕ ਪੱਤ੍ਰਿਕਾ 'ਜੀਵਨ ਸੰਦੇਸ਼' ਸ਼ੁਰੂ ਕੀਤੀ, ਜੋ 1950 ਤੋਂ 1953 ਤਕ ਜਾਰੀ ਰਹੀ। ਚੰਡੀਗੜ੍ਹ ਤੋਂ ਉਨ੍ਹਾਂ ਨੇ ਮਾਸਿਕ ਪੱਤ੍ਰਿਕਾ 'ਸਿੰਘ ਸਭਾ ਪੱਤ੍ਰਿਕਾ' ਸ਼ੁਰੂ ਕੀਤੀ, ਜਿਸ ਦੇ ਕਈ ਵਿਸ਼ੇਸ਼ ਅੰਕਾਂ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ।

1973 ਵਿੱਚ ਗਿਆਨੀ ਜੀ ਨੇ ਸਿੰਘ ਸਭਾ ਲਹਿਰ ਦੀ ਯਾਦ ਮਨਾਉਣ ਲਈ ਸ਼ ?ਰੋਮਣੀ ਕਮੇਟੀ ਵੱਲੋਂ ਸਿੰਘ ਸਭਾ ਸ਼ਤਾਬਦੀ ਕਮੇਟੀ ਦਾ ਕੰਮ ਆਪਣੇ ਜ਼ਿੰਮੇ ਲੈ ਕੇ ਅੰਮ੍ਰਿਤਸਰ ਰਹਿਣਾ ਸ਼ੁਰੂ ਕਰ ਦਿੱਤਾ। ਪਹਿਲਾਂ ਉਹ ਇਸ ਦੇ ਜਨਰਲ ਸਕੱਤਰ ਰਹੇ, ਫਿਰ 1983 ਤੋਂ 1992 ਤਕ ਕੇਂਦਰੀ ਸਿੰਘ ਸਭਾ ਦੀ ਪ੍ਰਧਾਨਗੀ ਦੇ ਰੂਪ ਵਿੱਚ ਕਾਰਜ ਕੀਤਾ। ਉਨ੍ਹਾਂ ਨੇ ਦਰਜਨਾਂ ਸਮਾਗਮ, ਵਿਚਾਰ ਸੰਮੇਲਨ, ਪਾਠਬੋਧ ਸਮਾਗਮ ਭਾਰਤ-ਭਰ ਦੇ ਵੱਡੇ ਸ਼ਹਿਰਾਂ ਅਤੇ ਸਿੱਖਾਂ ਦੇ ਮੁੱਖ ਕੇਂਦਰਾਂ ਤੇ ਆਯੋਜਿਤ ਕਰਵਾਏ। ਅਜਿਹੇ ਕਾਰਜਾਂ ਲਈ ਉਨ੍ਹਾਂ ਨੇ ਦਿੱਲੀ ਅਤੇ ਚੰਡੀਗਡ ? ?ਹ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ-ਕੇਂਦਰਾਂ ਦੀ ਸਥਾਪਨਾ ਕੀਤੀ, ਜੋ ਅੱਜ ਤੱਕ ਵੀ ਨਿਰੰਤਰ ਕਾਰਜਸ਼ੀਲ ਹਨ।

ਗਿਆਨੀ ਜੀ ਪੰਜਾਬ ਵਿਧਾਨ ਪ੍ਰੀਸ਼ਦ ਦੇ 1958 ਤੋਂ 1961 ਤੱਕ ਮੈਂਬਰ ਰਹੇ। ਇੱਥੇ ਰਹਿੰਦਿਆਂ ਉਨ੍ਹਾਂ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਲਈ ਦੋ ਪ੍ਰਸਤਾਵ ਕੀਤੇ ਪੇਸ਼ ਕੀਤੇ ਅਤੇ ਇਨ੍ਹਾਂ ਦੀ ਕਾਇਮੀ ਲਈ ਸਾਰਥਕ ਉਪਰਾਲੇ ਕੀਤੇ।

ਗਿਆਨੀ ਜੀ ਵੱਲੋਂ ਲਿਖੀ ਕਲਾਸਿਕ ਪੁਸਤਕ 'ਮੇਰਾ ਪਿੰਡ' ਪੰਜਾਬ ਦੇ ਸਕੂਲਾਂ ਲਈ ਸਪਲੀਮੈਂਟਰੀ ਰੀਡਰ (ਪੰਜਵੀਂ ਤੋਂ ਅੱਠਵੀਂ ਤਕ) ਪੁਸਤਕਾਂ ਦੇ ਰੂਪ ਵਿੱਚ ਨਿਸ਼ਚਿਤ ਕੀਤੀ ਗਈ; ਯੂਨੀਵਰਸਿਟੀਆਂ ਵਿੱਚ ਗਿਆਨੀ ਦੇ ਕੋਰਸ ਲਈ ਅਤੇ ਪੰਜਾਬ ਤੇ ਦਿੱਲੀ ਵਿੱਚ ਐਮ ਏ ਦੀਆਂ ਜਮਾਤਾਂ ਵਿੱਚ ਪੜ੍ਹੀ ਤੇ ਪੜ੍ਹਾਈ ਜਾ ਰਹੀ ਹੈ। ਐਮ ਫਿਲ ਅਤੇ ਪੀਐਚਡੀ ਪੱਧਰ ਦਾ ਖੋਜ- ਕਾਰਜ ਵੀ ਇਸ ਸੰਬੰਧੀ ਹੋ ਚੁੱਕਾ ਹੈ। ਸੋਸ਼ਿਆਲੋਜੀ ਤੇ ਖੋਜ ਕਰਨ ਵਾਲੇ ਵਿਦੇਸ਼ੀ ਵਿਦਵਾਨਾਂ ਨੇ ਵੀ ਇਸ ਕਿਤਾਬ ਨੂੰ ਆਪਣੇ ਪੱਖਾਂ ਤੋਂ ਪੜ੍ਹਿਆ ਅਤੇ ਵਿਚਾਰਿਆ ਹੈ।

ਗਿਆਨੀ ਜੀ ਜੀਵਨ-ਭਰ ਖੋਜ-ਕਾਰਜਾਂ ਵਿੱਚ ਰੁੱਝੇ ਰਹੇ ਅਤੇ ਅੰਤ 17 ਜਨਵਰੀ 2007 ਨੂੰ ਸਦੀਵੀ ਅਲਵਿਦਾ ਕਹਿ ਗਏ। ਉਨ੍ਹਾਂ ਦੀ ਸ਼ਖ਼ਸੀਅਤ, ਧਰਮ, ਸਾਹਿਤ, ਸਿਆਸਤ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਪਾਏ ਯੋਗਦਾਨ ਬਾਰੇ ਉਨ੍ਹਾਂ ਦੀ ਬਰਸੀ ਉੱਤੇ ਵਿਦਵਾਨਾਂ, ਪੱਤਰਕਾਰਾਂ ਤੇ ਉੱਘੀਆਂ ਸ਼ਖ਼ਸੀਅਤਾਂ ਦੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਲਿਖੇ ਲੇਖਾਂ ਅਤੇ ਤਸਵੀਰਾਂ ਨਾਲ ਸੁਸੱਜਿਤ 230 ਪੰਨਿਆਂ ਦੀ ਯਾਦਗਾਰੀ ਪੁਸਤਕ ÷ਗਿਆਨੀ ਗੁਰਦਿੱਤ ਸਿੰਘ 1923-2007÷ ਰਾਹੀਂ ਗਿਆਨੀ ਜੀ ਦੀ ਸ਼ਖ਼ਸੀਅਤ ਅਤੇ ਰਚਨਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

# ਜਾਨਵਰਾਂ ਦੇ ਅਧਿਕਾਰ ਬਨਾਮ ਮਨੁੱਖੀ ਸੁਰੱਖਿਆ

## ਅਵਾਰਾ ਕੁੱਤੇ, ਮਨੁੱਖੀ ਹਮਦਰਦੀ, ਅਤੇ ਜਨਤਕ ਸੁਰੱਖਿਆ: ਸੁਪਰੀਮ ਕੋਰਟ ਦੇ ਸਖ਼ਤ ਨਿਰੀਖਣ ਅਤੇ ਭਾਰਤ ਦੇ ਸਾਹਮਣੇ ਵਿਸ਼ਵਵਿਆਪੀ ਸਵਾਲ - ਇੱਕ ਵਿਸ਼ਵਵਿਆਪੀ ਵਿਆਪਕ ਵਿਸ਼ਲੇਸ਼ਣ

**☛ ਬਜ਼ੁਰਗਾਂ ਅਤੇ ਬੱਚਿਆਂ ਨੂੰ ਅਵਾਰਾ ਕੁੱਤਿਆਂ ਤੋਂ ਬਚਾਉਣ ਲਈ ਸਪੱਸ਼ਟ ਅਦਾਲਤੀ ਦਿਸ਼ਾ-ਨਿਰਦੇਸ਼, ਮੁਆਵਜ਼ਾ ਢਾਂਚੇ ਅਤੇ ਕੁੱਤਿਆਂ ਨੂੰ ਖੁਆਉਣ ਵਾਲਿਆਂ ਲਈ ਕਾਨੂੰਨੀ ਜ਼ਿੰਮੇਵਾਰੀ ਸਮੇਂ ਦੀ ਲੋੜ ਹੈ।**



ਭਾਰਤ ਵਿੱਚ ਅਵਾਰਾ ਕੁੱਤਿਆਂ ਦਾ ਮੁੱਦਾ ਨਵਾਂ ਨਹੀਂ ਹੈ, ਪਰ 13 ਜਨਵਰੀ, 2026 ਨੂੰ ਸੁਪਰੀਮ ਕੋਰਟ ਵਿੱਚ ਹੋਈ ਸੁਣਵਾਈ ਤੋਂ ਬਾਅਦ, ਇਹ ਮੁੱਦਾ ਜਨਤਕ ਸੁਰੱਖਿਆ, ਪ੍ਰਸ਼ਾਸਕੀ ਜਵਾਬਦੇਹੀ ਅਤੇ ਸੰਵਿਧਾਨਕ ਫਰਜ਼ ਦਾ ਇੱਕ ਗੰਭੀਰ ਮੁੱਦਾ ਬਣ ਗਿਆ ਹੈ, ਨਾ ਕਿ ਸਿਰਫ਼ ਜਾਨਵਰਾਂ ਦੇ ਪਿਆਰ ਜਾਂ ਹਮਦਰਦੀ ਦਾ ਸਵਾਲ। ਅਦਾਲਤ ਦੇ ਤਿੱਖੇ ਨਿਰੀਖਣਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਬਹਿਸ ਹੁਣ ਭਾਵਨਾਵਾਂ ਦੇ ਦੁਆਲੇ ਨਹੀਂ ਘੁੰਮੇਗੀ, ਸਗੋਂ ਜੀਵਨ ਦੇ ਅਧਿਕਾਰ, ਰਾਜ ਦੀ ਜ਼ਿੰਮੇਵਾਰੀ ਅਤੇ ਨਾਗਰਿਕ ਸੁਰੱਖਿਆ ’ਤੇ ਕੇਂਦਰਿਤ ਹੋਵੇਗੀ। ਜਦੋਂ ਕੋਈ ਨੌਂ ਸਾਲ ਦਾ ਬੱਚਾ ਅਵਾਰਾ ਕੁੱਤਿਆਂ ਦੇ ਹਮਲੇ ਵਿੱਚ ਆਪਣੀ ਜਾਨ ਗੁਆ ? ?ਦਿੰਦਾ ਹੈ, ਤਾਂ ਇਹ ਹੁਣ ਇੱਕ ਹਾਦਸਾ ਨਹੀਂ ਰਹਿੰਦਾ ਸਗੋਂ ਰਾਜ ਦੀ ਅਸਫਲਤਾ ਸਮਾਜਿਕ ਤਰਜੀਹਾਂ ਅਤੇ ਨੀਤੀ ਨਿਰਮਾਣ ਕਮਜ਼ੋਰੀਆਂ ਦਾ ਪ੍ਰਤੀਕ ਬਣ ਜਾਂਦਾ ਹੈ। ਸੁਪਰੀਮ ਕੋਰਟ ਨੇ 13 ਜਨਵਰੀ, 2026 ਨੂੰ ਆਪਣੀ ਸੁਣਵਾਈ ਵਿੱਚ ਸਪੱਸ਼ਟ ਤੌਰ ’ਤੇ ਕਿਹਾ ਕਿ ਜੇਕਰ ਅਵਾਰਾ ਕੁੱਤਿਆਂ ਦੇ ਕੱਟਣ ਜਾਂ ਹਮਲੇ ਜਾਰੀ ਰਹਿਣ, ਤਾਂ ਰਾਜ ਸਰਕਾਰਾਂ ਨੂੰ ਹਰੇਕ ਮਾਮਲੇ ਵਿੱਚ ਕਾਫ਼ੀ ਮੁਆਵਜ਼ਾ ਦੇਣਾ ਪੈ ਸਕਦਾ ਹੈ। ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ ਦਾ ਮੰਨਣਾ ਹੈ ਕਿ ਇਹ ਨਿਰੀਖਣ ਭਾਰਤ ਦੀ ਨਿਆਂ ਪ੍ਰਣਾਲੀ ਵਿੱਚ ਇੱਕ ਮੋੜ ਹੈ। ਅਦਾਲਤ ਨੇ ਇਹ ਵੀ ਸੰਕੇਤ ਦਿੱਤਾ ਕਿ ਨਾ ਸਿਰਫ਼ ਸਰਕਾਰ, ਸਗੋਂ ਉਹ ਵਿਅਕਤੀ ਅਤੇ ਸੰਗਠਨ ਜੋ ਜਨਤਕ ਥਾਵਾਂ ’ਤੇ ਕੁੱਤਿਆਂ ਨੂੰ ਖੁਆਉਂਦੇ ਹਨ ਅਤੇ ਫਿਰ ਕਿਸੇ ਵੀ ਨਤੀਜੇ ਦੀ ਜ਼ਿੰਮੇਵਾਰੀ ਲੈਣ ਤੋਂ ਇਨਕਾਰ ਕਰਦੇ ਹਨ, ਨੂੰ ਵੀ ਜਵਾਬਦੇਹ ਠਹਿਰਾਇਆ ਜਾ ਸਕਦਾ ਹੈ। ਇਹ ਪਹੁੰਚ ਨਿਆਂਪਾਲਿਕਾ ਦੇ ਇਸ ਵਿਚਾਰ ਨੂੰ ਉਜਾਗਰ ਕਰਦੀ ਹੈ ਕਿ ਫਰਜ਼ ਅਤੇ ਅਧਿਕਾਰਾਂ ਨੂੰ ਇੱਕ ਦੂਜੇ ਤੋਂ ਵੱਖਰਾ ਨਹੀਂ ਦੇਖਿਆ ਜਾ ਸਕਦਾ। ਸੁਪਰੀਮ ਕੋਰਟ ਦਾ ਸਭ ਤੋਂ ਮਹੱਤਵਪੂਰਨ ਨਿਰੀਖਣ ਇਹ ਸੀ ਕਿ ਅਵਾਰਾ ਕੁੱਤੇ ਕਿਸੇ ਵੀ ਵਿਅਕਤੀ ਜਾਂ ਸੰਗਠਨ ਦੀ ਨਿੱਜੀ ਜਾਇਦਾਦ ਨਹੀਂ ਹਨ। ਜੇਕਰ ਉਹ ਸੱਚਮੁੱਚ ਕਿਸੇ ਦੇ ਹਨ, ਤਾਂ ਉਨ੍ਹਾਂ ਨੂੰ ਜਨਤਕ ਸੜਕਾਂ ’ਤੇ ਛੱਡਣ ਦਾ ਕੋਈ ਨੈਤਿਕ ਜਾਂ ਕਾਨੂੰਨੀ ਅਧਿਕਾਰ ਨਹੀਂ ਹੋ ਸਕਦਾ। ਅਦਾਲਤ ਨੇ ਪੁੱਛਿਆ, ÷ਜਦੋਂ ਕੁੱਤੇ-ਪ੍ਰੇਮੀ ਸੰਗਠਨ ਜਾਂ ਵਿਅਕਤੀ ਕੁੱਤਿਆਂ ਨੂੰ ਖੁਆਉਂਦੇ ਹਨ ਅਤੇ ਉਨ੍ਹਾਂ ਦੀ ਰੱਖਿਆ ਕਰਦੇ ਹਨ, ਤਾਂ ਉਹ ਕੁੱਤੇ ਦੇ ਕੱਟਣ ਜਾਂ ਮੌਤ ਦੀ ਸਥਿਤੀ ਵਿੱਚ ਜ਼ਿੰਮੇਵਾਰੀ ਤੋਂ ਕਿਉਂ ਭੱਜਦੇ ਹਨ ?÷ ਇਹ ਸਵਾਲ ਸਿਰਫ਼ ਭਾਰਤ ਵਿੱਚ ਹੀ ਨਹੀਂ ਸਗੋਂ ਦੁਨੀਆ ਭਰ ਵਿੱਚ ਜਾਨਵਰਾਂ ਦੇ ਅਧਿਕਾਰਾਂ ਬਨਾਮ ਮਨੁੱਖੀ ਸੁਰੱਖਿਆ ’ਤੇ ਬਹਿਸ ਵਿੱਚ ਇੱਕ ਨਵਾਂ ਪਹਿਲੂ ਜੋੜਦਾ ਹੈ।

ਦੋਸਤੋ, ਜੇਕਰ ਅਸੀਂ ÷ਬੱਚੇ ਅਤੇ ਬਜ਼ੁਰਗ: ਸਭ ਤੋਂ ਕਮਜ਼ੋਰ, ਸਭ ਤੋਂ ਅਣਗੌਲਿਆ÷ ਦੇ ਮੁੱਦੇ ’ਤੇ ਵਿਚਾਰ ਕਰੀਏ। ਸੁਣਵਾਈ ਦੌਰਾਨ, ਸੁਪਰੀਮ ਕੋਰਟ ਨੇ ਬੱਚਿਆਂ ਅਤੇ ਬਜ਼ੁਰਗਾਂ ਦੀ ਸੁਰੱਖਿਆ ਬਾਰੇ ਡੂੰਘੀ ਚਿੰਤਾ ਪ੍ਰਗਟ ਕੀਤੀ, ਖਾਸ ਕਰਕੇ ਉਹ ਜੋ ਕਮਜ਼ੋਰ ਅਤੇ ਅਣਗੌਲਿਆ ਹਨ। ਅਦਾਲਤ ਨੇ ਕਿਹਾ ਕਿ ਇਹ ਸਮੂਹ ਹਮਲੇ ਦੀ ਸਥਿਤੀ ਵਿੱਚ ਆਪਣਾ ਬਚਾਅ ਕਰਨ ਜਾਂ ਜਲਦੀ ਜਵਾਬ ਦੇਣ ਵਿੱਚ ਅਸਮਰੱਥ ਹਨ। ਜਦੋਂ ਸਕੂਲ ਜਾਂਦੇ ਸਮੇਂ ਕੋਈ ਬੱਚਾ, ਸਵੇਰ ਦੀ ਸੈਰ ’ਤੇ ਕੋਈ ਬਜ਼ੁਰਗ ਵਿਅਕਤੀ, ਜਾਂ ਹਸਪਤਾਲ ਦੇ ਬਾਹਰ ਕੋਈ ਮਰੀਜ਼ ਅਵਾਰਾ ਕੁੱਤਿਆਂ ਦਾ ਸ਼ਿਕਾਰ ਹੋ ਜਾਂਦਾ ਹੈ, ਤਾਂ ਇਹ ਸਿਰਫ਼ ਇੱਕ ਹਾਦਸਾ ਨਹੀਂ ਹੈ ਸਗੋਂ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਹੈ। ਅਦਾਲਤ ਦੀ ਟਿੱਪਣੀ, ÷ਕੀ ਇਸ ਅਦਾਲਤ ਨੂੰ ਆਪਣੀਆਂ ਅੱਖਾਂ ਬੰਦ ਕਰ ਲੈਣੀਆਂ ਚਾਹੀਦੀਆਂ ਹਨ ?÷ ਦਰਸਾਉਂਦੀ ਹੈ ਕਿ ਨਿਆਂਪਾਲਿਕਾ ਹੁਣ ਇਸ ਮੁੱਦੇ ’ਤੇ ਨਿਰਪੱਖ ਦਰਸ਼ਕ ਨਹੀਂ ਰਹਿਣਾ ਚਾਹੁੰਦੀ। ਸੁਪਰੀਮ ਕੋਰਟ ਦੀਆਂ ਸਭ ਤੋਂ ਤਿੱਖੀਆਂ ਟਿੱਪਣੀਆਂ ਵਿੱਚੋਂ ਇੱਕ ਸੀ, ÷ਕੀ ਭਾਵਨਾਵਾਂ ਸਿਰਫ਼ ਕੁੱਤਿਆਂ ਲਈ ਦਿਖਾਈਆਂ ਜਾਂਦੀਆਂ ਹਨ, ਮਨੁੱਖਾਂ ਲਈ ਨਹੀਂ ?÷ ਇਹ ਸਵਾਲ ਭਾਰਤੀ ਸਮਾਜ ਦੇ ਦੋਹਰੇ ਮਾਪਦੰਡਾਂ ਨੂੰ ਉਜਾਗਰ ਕਰਦਾ ਹੈ, ਜਿੱਥੇ ਕੁੱਤਿਆਂ ਦੇ ਅਧਿਕਾਰਾਂ ’ਤੇ ਵਿਰੋਧ ਤੁਰੰਤ ਹੁੰਦੇ ਹਨ, ਪਰ ਬੱਚਿਆਂ ਦੀ ਮੌਤ ਉਸੇ ਤੀਬਰਤਾ ਨਾਲ ਨਹੀਂ ਹੁੰਦੀ। ਅਦਾਲਤ ਨੇ ਸਪੱਸ਼ਟ ਕੀਤਾ ਕਿ ਮਨੁੱਖੀ ਜੀਵਨ ਦੀ ਕੀਮਤ ਕਿਸੇ ਵੀ ਜਾਨਵਰ ਤੋਂ ਘੱਟ ਨਹੀਂ ਹੋ ਸਕਦੀ, ਭਾਵੇਂ ਇਹ ਮੁੱਦਾ ਸੰਵੇਦਨਸ਼ੀਲ ਹੋਵੇ। ਸੁਪਰੀਮ ਕੋਰਟ ਦੇ ਬੈਂਚ ਨੇ ਸਪੱਸ਼ਟ ਤੌਰ ’ਤੇ ਕਿਹਾ ਕਿ ਜੇਕਰ ਕੋਈ ਵਿਅਕਤੀ ਜਾਂ ਸਮੂਹ ਕੁੱਤਿਆਂ ਨੂੰ ਖੁਆਉਣਾ ਜਾਂ ਉਨ੍ਹਾਂ ਦੀ ਦੇਖਭਾਲ ਕਰਨਾ ਚਾਹੁੰਦਾ ਹੈ, ਤਾਂ ਉਨ੍ਹਾਂ ਨੂੰ ਆਪਣੇ ਘਰ, ਅਹਾਤੇ ਜਾਂ ਅਹਾਤੇ ਦੇ ਅੰਦਰ ਅਜਿਹਾ ਕਰਨਾ ਚਾਹੀਦਾ ਹੈ। ਕੁੱਤਿਆਂ ਨੂੰ ਜਨਤਕ ਸੜਕਾਂ ’ਤੇ ਛੱਡਣਾ, ਡਰ ਪੈਦਾ ਕਰਨਾ, ਹਮਲੇ ਦਾ ਜੋਖਮ ਵਧਾਉਣਾ, ਅਤੇ ਫਿਰ ਜ਼ਿੰਮੇਵਾਰੀ ਤੋਂ ਬਚਣਾ, ਹੁਣ ਸਵੀਕਾਰਯੋਗ ਨਹੀਂ ਹੈ। ਇਹ ਨਿਰੀਖਣ ਵਿਸ਼ਵਵਿਆਪੀ ਦ੍ਰਿਸ਼ਟੀਕੋਣ ਤੋਂ ਵੀ ਮਹੱਤਵਪੂਰਨ ਹੈ, ਜਿਵੇਂ ਕਿ ਵਿਕਸਤ ਦੇਸ਼ਾਂ ਵਿੱਚ, ਪਾਲਤੂ ਜਾਨਵਰਾਂ ਦੀ ਮਾਲਕੀ ਕਾਨੂੰਨ ਅਤੇ ਵਿਵਸਥਾ ਦੁਆਰਾ ਲਾਜ਼ਮੀ ਹੈ।

ਨਿਊਜ਼ਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਐਡਵੋਕੇਟ ਕਿਸ਼ਨ ਸੰਮੁਖਦਾਸ
ਭਵਨਾਨੀ, ਗੋਂਡੀਆ, ਮਹਾਰਾਸ਼ਟਰ
9284141425*

ਦੋਸਤੋ,ਸਾਥੀਓ, ਜੇਕਰ ਅਸੀਂ ਪ੍ਰਸ਼ਾਸਨਿਕ ਅਯੋਗਤਾ ਬਨਾਮ ਕਾਨੂੰਨ ਅਤੇ ਵਿਵਸਥਾ ਦੇ ਮੁੱਦੇ ’ਤੇ ਵਿਚਾਰ ਕਰਦੇ ਹਾਂ, ਤਾਂ ਅਦਾਲਤ ਨੇ ਸਪੱਸ਼ਟ ਕੀਤਾ ਕਿ ਇਹ ਸਿਰਫ਼ ਕਾਨੂੰਨ ਅਤੇ ਵਿਵਸਥਾ ਦਾ ਮਾਮਲਾ ਨਹੀਂ ਹੈ, ਸਗੋਂ ਪ੍ਰਸ਼ਾਸਨਿਕ ਅਯੋਗਤਾ ਦਾ ਮਾਮਲਾ ਹੈ। ਨਗਰ ਪਾਲਿਕਾਵਾਂ, ਸਥਾਨਕ ਸੰਸਥਾਵਾਂ ਅਤੇ ਰਾਜ ਸਰਕਾਰਾਂ ਸਾਲਾਂ ਤੋਂ ਇਸ ਸਮੱਸਿਆ ਨੂੰ ਨਜ਼ਰਅੰਦਾਜ਼ ਕਰ ਰਹੀਆਂ ਹਨ। ਅਦਾਲਤ ਨੇ ਨਿਯਮਤ ਸਰਵੇਖਣਾਂ ਦੀ ਘਾਟ, ਕੁੱਤਿਆਂ ਦੇ ਆਸਰਾ ਸਥਾਨਾਂ ਦੀ ਘਾਟ ਅਤੇ ਨਸਬੰਦੀ ਪ੍ਰੋਗਰਾਮਾਂ ਦੇ ਅਧੂਰੇ ਲਾਗੂਕਰਨ ਨੂੰ ਪ੍ਰਣਾਲੀਗਤ ਅਸਫਲਤਾਵਾਂ ਕਰਾਰ ਦਿੱਤਾ। ਇਸ ਤੋਂ ਪਹਿਲਾਂ, ਸੁਪਰੀਮ ਕੋਰਟ ਨੇ ਸਕੂਲਾਂ,ਹਸਪਤਾਲਾਂ ਰੇਲਵੇ ਸਟੇਸ਼ਨਾਂ, ਬੱਸ ਸਟੈਂਡਾਂ ਅਤੇ ਖੇਡ ਕੰਪਲੈਕਸਾਂ ਤੋਂ ਆਵਾਰਾ ਕੁੱਤਿਆਂ ਨੂੰ ਹਟਾਉਣ ਦੇ ਸਪੱਸ਼ਟ ਹੁਕਮ ਦਿੱਤੇ ਸਨ। ਅਦਾਲਤ ਨੇ ਕਿਹਾ ਸੀ ਕਿ ਇਨ੍ਹਾਂ ਥਾਵਾਂ ’ਤੇ ਕੁੱਤਿਆਂ ਦੀ ਮੌਜੂਦਗੀ ਪ੍ਰਸ਼ਾਸਨ ਦੀ ਅਸਫਲਤਾ ਦਾ ਸਬੂਤ ਹੈ। ਹੁਣ ਅਦਾਲਤ ਨੇ ਦੁਹਰਾਇਆ ਹੈ ਕਿ ਇਨ੍ਹਾਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਣੀ ਚਾਹੀਦੀ ਹੈ, ਨਹੀਂ ਤਾਂ ਨਗਰ ਪਾਲਿਕਾਵਾਂ ਜਵਾਬਦੇਹ ਹੋਣਗੀਆਂ।

ਦੋਸਤੋ, ਜੇਕਰ ਅਸੀਂ ਕੁੱਤਿਆਂ ਦੇ ਕੱਟਣ ਨੂੰ ਰੋਕਥਾਮਯੋਗ ਜੋਖਮ ਮੰਨਦੇ ਹਾਂ, ਤਾਂ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਰੋਕਥਾਮਯੋਗ ਜੋਖਮ ਘੋਸ਼ਿਤ ਕੀਤਾ ਹੈ, ਭਾਵ ਕਿ ਜੇਕਰ ਪ੍ਰਸ਼ਾਸਨ ਅਤੇ ਸਮਾਜ ਮਿਲ ਕੇ ਕੰਮ ਕਰਨ, ਤਾਂ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕਦਾ ਹੈ। ਜਦੋਂ ਕਿਸੇ ਖੇਤਰ ਵਿੱਚ ਕੁੱਤਿਆਂ ਦੇ ਕੱਟਣ ਦੀਆਂ ਘਟਨਾਵਾਂ ਵਾਰ-ਵਾਰ ਵਾਪਰਦੀਆਂ ਹਨ, ਤਾਂ ਇਹ ਪ੍ਰਸ਼ਾਸਨਿਕ ਉਦਾਸੀਨਤਾ ਦਾ ਸਪੱਸ਼ਟ ਸੰਕੇਤ ਹੈ।

ਦੋਸਤੋ, ਜੇਕਰ ਅਸੀਂ ਵਿਚਾਰ ਕਰੀਏ ਕਿ ਦੁਨੀਆ ਅੰਤਰਰਾਸ਼ਟਰੀ ਪੱਧਰ ’ਤੇ ਕੀ ਕਰਦੀ ਹੈ, ਤਾਂ ਅਮਰੀਕਾ, ਯੂਰਪ, ਜਾਪਾਨ ਅਤੇ ਆਸਟ ?ਰੇਲੀਆ ਵਰਗੇ ਦੇਸ਼ਾਂ ਵਿੱਚ ਅਵਾਰਾ ਕੁੱਤਿਆਂ ਦੀ ਸਮੱਸਿਆ ਲਗਭਗ ਨਾ-ਮਾਤਰ ਹੈ। ਪਾਲਤੂ ਜਾਨਵਰਾਂ ਦੇ ਮਾਲਕੀ ਲਾਇਸੈਂਸ, ਭਾਰੀ ਜੁਰਮਾਨੇ ਅਤੇ ਆਸਰਾ ਪ੍ਰਣਾਲੀਆਂ ਬਹੁਤ ਸਖ਼ਤ ਹਨ।ਭਾਰਤ ਵਿੱਚ, ਇੱਕ ਭਾਵਨਾਤਮਕ ਪਹੁੰਚ ਨੇ ਲੰਬੇ ਸਮੇਂ ਤੋਂ ਵਿਹਾਰਕ ਹੱਲਾਂ ਨੂੰ ਰੋਕਿਆ ਹੈ। ਸੰਵਿਧਾਨ ਅਤੇ ਜੀਵਨ ਦਾ ਅਧਿਕਾਰ। ਭਾਰਤੀ ਸੰਵਿਧਾਨ ਦੀ ਧਾਰਾ 21 ਜੀਵਨ ਅਤੇ ਨਿੱਜੀ ਆਜ਼ਾਦੀ ਦੀ ਗਰੰਟੀ ਦਿੰਦੀ ਹੈ। ਜਦੋਂ ਰਾਜ ਬੱਚਿਆਂ ਅਤੇ ਨਾਗਰਿਕਾਂ ਨੂੰ ਸੜਕਾਂ ’ਤੇ ਸੁਰੱਖਿਅਤ ਰੱਖਣ ਵਿੱਚ ਅਸਫਲ ਰਹਿੰਦਾ ਹੈ, ਤਾਂ ਇਹ ਇੱਕ ਸੰਵਿਧਾਨਕ ਅਸਫਲਤਾ ਹੈ। ਸੁਪਰੀਮ ਕੋਰਟ ਦੇ ਨਿਰੀਖਣ ਦਰਸਾਉਂਦੇ ਹਨ ਕਿ ਅਦਾਲਤ ਹੁਣ ਇਸ ਮੁੱਦੇ ਨੂੰ ਮੌਲਿਕ ਅਧਿਕਾਰਾਂ ਦੀ ਉਲੰਘਣਾ ਵਜੋਂ ਦੇਖ ਰਹੀ ਹੈ। 20 ਜਨਵਰੀ, 2026 ਨੂੰ ਅਗਲੀ ਸੁਣਵਾਈ ਸਿਰਫ਼ ਇੱਕ ਤਾਰੀਖ ਨਹੀਂ ਹੈ, ਸਗੋਂ ਇੱਕ ਸੁਣਵਾਈ ਹੈ ਜੋ ਨੀਤੀ, ਜਵਾਬਦੇਹੀ ਅਤੇ ਭਵਿੱਖ ਦੀ ਦਿਸ਼ਾ ਨਿਰਧਾਰਤ ਕਰੇਗੀ। ਇਹ ਸੰਭਾਵਨਾ ਹੈ ਕਿ ਅਦਾਲਤ ਕੁੱਤਿਆਂ ਨੂੰ ਪਾਲਣ ਵਾਲਿਆਂ ਲਈ ਸਪੱਸ਼ਟ ਦਿਸ਼ਾ-ਨਿਰਦੇਸ਼, ਮੁਆਵਜ਼ਾ ਢਾਂਚਾ ਅਤੇ ਕਾਨੂੰਨੀ ਜ਼ਿੰਮੇਵਾਰੀ ਸਥਾਪਤ ਕਰੇਗੀ।

ਇਸ ਲਈ, ਜੇਕਰ ਅਸੀਂ ਉਪਰੋਕਤ ਬਿਆਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਦਇਆ ਅਤੇ ਜ਼ਿੰਮੇਵਾਰੀ ਮੁੱਖ ਨਹੀਂ ਹਨ, ਸਗੋਂ ਦਇਆ ਅਤੇ ਜ਼ਿੰਮੇਵਾਰੀ ਦੀ ਜ਼ਰੂਰਤ ਹੈ। ਸੁਪਰੀਮ ਕੋਰਟ ਦਾ ਸੰਦੇਸ਼ ਸਪੱਸ਼ਟ ਹੈ: ਦਇਆ ਜ਼ਰੂਰੀ ਹੈ, ਪਰ ਅਰਾਜਕਤਾ ਅਸਵੀਕਾਰਨਯੋਗ ਹੈ। ਅਵਾਰਾ ਕੁੱਤਿਆਂ ਦੀ ਦੇਖਭਾਲ ਜ਼ਰੂਰੀ ਹੈ, ਪਰ ਮਨੁੱਖੀ ਜਾਨਾਂ ਦੀ ਕੀਮਤ ’ਤੇ ਨਹੀਂ। ਹੁਣ, ਭਾਰਤ ਨੂੰ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਕੀ ਉਹ ਭਾਵਨਾਵਾਂ ਦੇ ਨਾਮ ’ਤੇ ਜੋਖਮ ਲੈਣਾ ਜਾਰੀ ਰੱਖੇਗਾ, ਜਾਂ ਅੰਤਰਰਾਸ਼ਟਰੀ ਮਾਪਦੰਡਾਂ ਦੇ ਅਨੁਸਾਰ ਇੱਕ ਸੰਤੁਲਿਤ, ਮਨੁੱਖੀ ਅਤੇ ਸੁਰੱਖਿਅਤ ਮਾਡਲ ਅਪਣਾਏਗਾ। ਇਹ ਬਹਿਸ ਸਿਰਫ਼ ਕੁੱਤਿਆਂ ਬਾਰੇ ਨਹੀਂ ਹੈ; ਇਹ ਸੱਭਿਅਕ ਸਮਾਜ ਦੀਆਂ ਤਰਜੀਹਾਂ ਬਾਰੇ ਹੈ।



# ਕਹਾਣੀ : ਮੈਂ ਪਵਿੱਤਰ ਹਾਂ

ਬਲਵਿੰਦਰ ਬਾਲਮ ਗੁਰਦਾਸਪੁਰ

ਸਾਹਿਬ ਕੁੜੀ ਬੜੀ ਸੋਹਣੀ ਏਂ, ਭਰਵੇਂ ਸ਼ਰੀਰ ਦੀ ਕੁੜੀ ਏ ਜਨਾਬ, ਕਿੰਨਾ ਰੰਗ ਰੂਪ ਚੜਿਆ ਹੋਇਆ ਏ ਸਾਲੀ ਨੂੰ। ਜਨਾਬ ਤੁਸੀਂ ਤਾਂ ਇਸ ਤਰ੍ਹਾਂ ਦੇ ਗਦਰੇ ਰਸਦਾਰ ਸਰੀਰ ਦੀਆਂ ਕੁੜੀਆਂ ਹੀ ਪਸੰਦ ਕਰਦੇ ਹੋ, ਜਨਾਬ ਚੁੱਕ ਲਈਏ, ਫਿਰ ਮੌਕਾ ਨਹੀਂ ਜੇ ਮਿਲਣਾ ਜਨਾਬ। ਜੀਪ ਵਿੱਚ ਬੈਠੇ ਹਵਲਦਾਰ ਨੇ ਪੁਲਿਸ ਇੰਸਪੈਕਟਰ ਨੂੰ ਸਵਾਦ ਲਗਾ ਕੇ ਕਿਹਾ।

ਜੀਪ 'ਚੋਂ ਦੂਰੋਂ ਹੀ ਹਵਲਦਾਰ ਦੀ ਨਜ਼ਰ ਉਸ ਕੁੜੀ 'ਤੇ ਜਾ ਪਈ ਸੀ। ਸਰਦੀਆਂ ਦੇ ਮਜ਼ੇਦਾਰ ਦਿਨ ਸਨ। ਸੂਰਜ ਅੰਬਰ ਦੇ ਆਲ੍ਹਣੇ ਵਿੱਚ ਜਾ ਵੜਿਆ ਸੀ। ਰਾਤ ਹੋਰ ਡੂੰਘੀ ਹੁੰਦੀ ਜਾ ਰਹੀ ਸੀ।

ਇਕ ਨਵ-ਵਿਆਹੁਤਾ ਜੋੜਾ ਹੱਥ ਵਿੱਚ ਇੱਕ ਛੋਟਾ ਜਿਹਾ ਅਟੈਚੀ ਫੜੀ ਨਿੱਕੀਆਂ ਨਿੱਕੀਆਂ ਸੋਹਣੀਆਂ ਸੋਹਣੀਆਂ ਸਰਗੋਸੀਆਂ ਕਰਦਾ ਹੋਇਆ ਪੈਦਲ ਹੀ ਆਪਣੇ ਪਿੰਡ ਨੂੰ ਜਾ ਰਿਹਾ ਸੀ। ਪਿੰਡ ਦੀ ਦੂਰੀ ਲਗਭਗ ਇੱਕ ਕਿਲੋਮੀਟਰ ਹੀ ਹੋਵੇਗੀ। ਉਹ ਬੱਸੋਂ ਉੱਤਰ ਕੇ ਥੋੜ੍ਹੀ ਹੀ ਦੂਰ ਜਾ ਰਹੇ ਸਨ ਕਿ ਇੱਕ ਲਾਗੋ ਦੀ ਪੁਲਿਸ ਦੀ ਜੀਪ ਹੌਲੀ ਜਿਹੀ ਲੰਘੀ।

ਇੰਸਪੈਕਟਰ ਨੇ ਡਰਾਈਵਰ ਨੂੰ ਜੋਸ਼ ਵਿਚ ਆ ਕੇ ਕਿਹਾ, ਜੀਪ ਮੋੜ ਲੈ ਤੇ ਬਾਹਾਂ ਉੱਪਰ ਖਿੱਚ ਕੇ ਦੋ ਤਿੰਨ ਲੰਬੀਆਂ ਲੰਬੀਆਂ ਆਕੜਾਂ ਝੰਬ ਲਈਆਂ। ਡਰਾਈਵਰ ਨੇ ਜੀਪ ਉਸ ਵਿਆਹੇ ਜੋੜੇ ਦੇ ਅੱਗੇ ਜਾ ਕੇ ਖੜੀ ਕਰ ਦਿੱਤੀ। ਹਵਲਦਾਰ ਅਤੇ ਇੰਸਪੈਕਟਰ ਥੱਲੇ ਉਤਰੇ ਅਤੇ ਉਸ ਲੜਕੇ ਨੂੰ ਕਹਿਣ ਲੱਗੇ ਓਏ ਕਿੱਥੇ ਜਾਣਾ ਤੁਸੀਂ।

ਜਨਾਬ ਆਪਣੇ ਸਹੁਰਿਆਂ ਤੋਂ ਆ ਰਿਹਾ ਹਾਂ। ਆਪਣੇ ਪਿੰਡ ਚੱਲਿਆ ਹਾਂ ਜਨਾਬ। ਕੁਝ ਦਿਨ ਪਹਿਲਾਂ ਹੀ ਸਾਡੀ ਸ਼ਾਦੀ ਹੋਈ ਹੈ ਸਹੁਰਿਆਂ ਤੋਂ ਆ ਰਿਹਾ ਹਾਂ ਜਨਾਬ।

ਓਏ ਸਾਲਿਆ ਸਮਗਲਿੰਗ ਕਰਦਾ ਏਂ, ਤੂੰ ਫੀਮ ਵੇਚਦਾ ਏਂ, ਏਨੇ ਨੇਰੇ ਸਹੁਰਿਆਂ ਤੋਂ ਆ ਰਿਹਾ ਏਂ। ਸਾਲਾ ਕੁੱਤਾ ਹਰਾਮਜ਼ਾਦਾ ਨਾ ਹੋਵੇ ਤਾਂ।

ਜਨਾਬ ਇਸ ਅਟੈਚੀ ਵਿੱਚ ਸਿਰਫ ਕੱਪੜੇ ਹੀ ਹਨ ਜਨਾਬ ਹੋਰ ਕੁਝ ਨਈ ਏ।

ਉਹ ਤਾਂ ਚਲ ਥਾਣੇ ਜਾ ਕੇ ਪਤਾ ਲੱਗੂ ਕਿ ਵਿਚ ਕੀ ਹੈ ?

ਜਨਾਬ ਮੇਰਾ ਕਸੂਰ ਕੀ ਏ ? ਮੈਂ ਕੋਈ ਫੀਮ ਨਹੀਂ ਵੇਚਦਾ, ਕੋਈ ਸਮਗਲਿੰਗ ਨਹੀਂ ਕਰਦਾ। ਜਨਾਬ ਮੇਰਾ ਟੈਚੀ ਫੋਲ ਲਵੋ।

ਹਰਾਮਜਾਦਿਆ ਸਾਨੂੰ ਹੁਣੇ ਹੁਣੇ ਵਾਇਰਲੈਸ ਆਈ ਹੈ ਕਿ ਵਿਉਹਤਾ ਜੋੜਾ ਆ ਰਿਹਾ ਹੈ, ਉਸ ਦੇ ਕੋਲ ਫੀਮ ਹੈ ਉਨਾਂ ਸਾਰਾ ਹੁਲੀਆ ਦੱਸਿਆ ਹੈ ਕਿ ਉਹ ਫੀਮ ਵੇਚਦਾ ਹੈ।

ਜਨਾਬ ਐਸੀ ਕੋਈ ਗੱਲ ਨਹੀਂ ਤੁਹਾਨੂੰ ਗਲਤ ਫਹਿਮੀ ਹੋਈ ਏ। ਮੇਰੇ ਪਿੰਡ ਤੋਂ ਪੁੱਛ ਲਵੋ। ਮੈਂ ਪ੍ਰੀਤਮ ਸਿੰਘ ਹਾਂ ਜਨਾਬ। ਮੈਂ ਰੇਹੜਾ ਚਲਾਉਂਦਾ ਹਾਂ ਜਨਾਬ। ਮੇਰੇ ਮਾਤਾ ਪਿਤਾ ਭੈਣ ਭਰਾ ਸਭ ਘਰ ਵਿੱਚ ਹਨ ਤੁਸੀਂ ਪਿੰਡ ਤੋਂ ਪਤਾ ਕਰ ਲਵੋ।

ਹਰਾਮਜ਼ਾਦਿਆ ਇਹ ਤਾਂ ਥਾਣੇ ਜਾ ਕੇ ਹੀ ਪਤਾ ਲੱਗੂ ਕਿੱਦਾਂ ਬਕ-ਬਕ ਕਰਦਾ ਏ ਸਾਲਾ। ਸਾਨੂੰ ਸਾਲਿਆ ਕੋਈ ਗਲਤ ਸੂਚਨਾ ਮਿਲੀ ਏ ? ਉਨ੍ਹੇ ਪੰਜ-ਸੱਤ ਚਪੇੜਾਂ ਪ੍ਰੀਤਮ ਸਿੰਘ ਦੇ ਮੂੰਹ ਤੇ ਜੜ ਦਿੱਤੀਆਂ। ਉਸਦੀ ਪੱਗ ਲੈ ਕੇ ਔਹ ਗਈ ਤੇ ਉਹ ਹੇਠਾਂ ਡਿੱਗ ਪਿਆ। ਉਨ੍ਹਾਂ ਨੇ ਲੱਤਾਂ-ਬਾਹਾਂ ਦੀ ਵਾਛੜ ਨਾਲ ਉਸ ਦੀ ਖੂਬ ਸੇਵਾ ਕਰ ਦਿੱਤੀ।

ਪ੍ਰੀਤਮ ਸਿੰਘ ਦੀ ਪਤਨੀ ਰਾਜ ਕੌਰ ਨੇ ਬੜੇ ਤਰਲੇ ਵਾਸਤੇ ਪਾਏ, ਲਿਲਕੜੀਆਂ ਕੱਢੀਆਂ ਪਰ ਰਿਸਪੈਕਟਰ 'ਤੇ ਹਵਸ਼ ਦਾ ਭੂਤ ਸਵਾਰ ਹੋ ਚੁੱਕਿਆ ਸੀ ਉਸਨੇ ਰਾਜ ਕੌਰ ਦੇ ਤਿੰਨ-ਚਾਰ ਚਪੇੜਾਂ ਜੜ ਦਿੱਤੀਆਂ ਤੇ ਉਹ ਥੱਲੇ ਡਿੱਗ ਪਈ।

ਇੰਸਪੈਕਟਰ ਨੇ ਹਵਲਦਾਰ ਤੇ ਸਿਪਾਹੀ ਨੂੰ ਕਿਹਾ, ਚੁੱਕ ਕੇ ਜੀਪ ਵਿੱਚ ਸੁੱਟ ਲਵੋ ਦੋਨਾਂ ਨੂੰ, ਥਾਣੇ ਲੈ ਚੱਲੋ, ਵੇਖਦੇ ਹਾਂ ਸਾਲਾ ਕਿਵੇਂ ਨਹੀਂ ਬਕਦਾ।

ਸਿਪਾਹੀਆਂ ਨੇ ਦੋਵਾਂ ਨੂੰ ਰੋਂਦਿਆਂ ਕੁਰਲਾਉਂਦਿਆਂ ਹੋਇਆਂ ਜੀਪ ਵਿੱਚ ਸੁੱਟ ਲਿਆ। ਦੋਵੇਂ ਜਣੇ ਤਰਲੇ ਮਿਨਤਾਂ ਹਾੜੇ ਕੱਢਦੇ ਰਹੇ। ਰਾਜ ਕੌਰ ਵਾਸਤੇ ਪਾਉਂਦੀ ਰਹੀ ਰੱਬ ਦਾ ਵਾਸਤਾ ਛੱਡ ਦਿਓ ਸਾਨੂੰ ਅਸੀਂ ਨਿਰਦੋਸ਼ ਹਾਂ ਪਰ ਸਿਪਾਹੀ ਉਸ ਨੂੰ ਗੰਦੀਆਂ ਗਾਲਾਂ ਕੱਢਦੇ ਜਾ ਰਹੇ ਸੀ। ਥਾਣੇ ਵਿੱਚ ਲਿਜਾ ਕੇ ਇੰਸਪੈਕਟਰ ਨੇ ਦੋਵਾਂ ਨੂੰ ਬੁਰੀ ਹਾਲਤ ਵਿੱਚ ਹਵਾਲਾਤ ਵਿੱਚ ਬੰਦ ਕਰ ਦਿੱਤਾ। ਰਾਜ ਕੌਰ ਦਾ ਜੂੜਾ ਖੁੱਲ ਚੁੱਕਾ ਸੀ। ਵਾਲ ਖਿਲਰ ਚੁੱਕੇ ਸਨ। ਬੁਰੇ ਹਾਲਾਂ ਵਿੱਚ ਦੋਵੇਂ ਰੋਈ ਜਾ ਰਹੇ ਸਨ ਤੇ ਵਾਸਤੇ ਪਾਈ ਜਾ ਰਹੇ ਸਨ ਕਿ ਅਸੀਂ ਬੇਕਸੂਰ ਹਾਂ। ਇੰਸਪੈਕਟਰ ਨੇ ਹਵਲਦਾਰ ਨੂੰ ਆਵਾਜ਼ ਮਾਰ ਕੇ ਕਿਹਾ, ਵੱਡਾ ਜਿਹਾ ਪੈੱਗ ਬਣਾ ਕੇ ਲਿਆ। ਉਸਨੇ ਆਪਣੀ ਗੋਗੜ ਤੋਂ ਬੈਲਟ ਉਤਾਰ ਲਈ ਲਗਭਗ 55 ਸਾਲਾਂ ਦੇ ਇੰਸਪੈਕਟਰ ਨੇ ਆਪਣੇ ਸਾਰੇ ਕੱਪੜੇ ਢਿੱਲੇ ਕਰ ਲਏ ਤੇ ਗਰਮ ਲਹੂ ਵਿੱਚ ਉਬਲਦਾ ਹੋਇਆ ਲੱਤਾਂ ਪਸਾਰ ਤੇ ਕੁਰਸੀ ਤੇ ਬੈਠ ਗਿਆ।

ਹਵਲਦਾਰ ਵੱਡਾ ਪੈੱਗ ਬਣਾ ਕੇ ਲੈ ਆਇਆ। ਜਨਾਬ ਮਾਲ ਬਹੁਤ ਵਧੀਆ ਏ, ਖਿੱਚ ਦਿਓ ਜਨਾਬ, ਇਹ ਮੌਕਾ ਬਾਰ ਬਾਰ ਨਹੀਂ ਮਿਲਦਾ। ਜਨਾਬ ਪਹਿਲੇ ਮਾਲ ਨਾਲੋਂ ਫਿਰ ਇਹ ਮਾਲ ਵੱਖਰਾ ਹੀ ਹੈ ਤਾਜਮ ਤਾਜਾ ਜਨਾਬ।

ਇੰਸਪੈਕਟਰ ਨੇ ਚੂਹੇ ਹਰਕਤ ਵਾਲੀ ਮੁਦਰਾ ਵਿੱਚ ਆਪਣੀਆਂ ਮੁੱਛਾਂ ਅਕੜਾ ਕੇ, ਇੱਕ ਡੀਕ ਵਿੱਚ ਹੀ ਪੈੱਗ ਮੁਕਾ ਦਿੱਤਾ। ਉਸ ਦੀਆਂ ਅੱਖਾਂ ਦੇ ਡੋਰੇ ਤੰਦੂਰ ਵਾਂਗ ਭਖਣ ਲੱਗੇ।

ਹਵਲਦਾਰ ਨੇ ਕਿਹਾ। ਜਨਾਬ ਇੱਕ ਪੈੱਗ ਹੋਰ ਆਵੇ ?

ਅਜੇ ਨਹੀਂ ਪਹਿਲਾਂ ਉਹਨਾਂ ਦੀ ਤਸੱਲੀ ਤਾਂ ਕਰ ਲਵਾਂ।

ਇੰਸਪੈਕਟਰ ਨੇ ਜਾਂਦਿਆਂ ਹੀ ਮੁੰਡੇ ਨੂੰ ਜੂੜੇ ਤੋਂ ਫੜ ਲਿਆ, ਸਾਲਿਆ, ਕਿੱਥੇ ਆ ਟੈਚੀ ਤੇਰਾ ਓਏ ?

ਜਨਾਬ ਉਹ ਤੁਹਾਡੇ ਕੋਲ ਹੀ ਹੈ, ਜਨਾਬ ਉਸ ਵਿੱਚ ਕੋਈ ਫੀਮ ਨਹੀਂ ਏ।

ਹਵਲਦਾਰ ਨੇ ਅਟੈਚੀ ਵਿੱਚ ਫੀਮ ਰੱਖ ਦਿੱਤੀ ਸੀ।

ਜਨਾਬ ਮੈਂ ਨਿਰਦੋਸ਼ ਹਾਂ, ਜਾਣ ਦਿਓ ਜਨਾਬ। ਜਨਾਬ ਸਾਡੇ ਘਰ ਦੇ ਉਡੀਕਦੇ ਹੋਣੇ ਨੇ।

ਰਾਜ ਕੌਰ ਨੇ ਇੰਸਪੈਕਟਰ ਦੇ ਪੈਰ੍ਹ ਫੜ ਲਏ। ਉਸਨੇ ਰਾਜ ਕੌਰ ਦੀ ਠੋਡੀ ਫੜ ਕੇ ਉੱਪਰ ਨੂੰ ਚੁੱਕ ਕੇ, ਉਸਦਾ ਸੁੰਦਰ ਮੁਖੜਾ ਨਿਹਾਰਿਆ, ਜਿਸਮ ਵਿਚਲੀਆਂ ਗੋਲਾਈਆਂ ਉਸਦਾ ਨਸ਼ਾ ਹੋਰ ਤੇਜ਼ ਕਰ ਗਈਆਂ।

ਰਾਜ ਕੌਰ ਸਮਝ ਗਈ ਸੀ ਕਿ ਕੋਈ ਮਾੜਾ ਭਾਣਾ ਵਾਪਰਣ ਵਾਲਾ ਏ। ਉਸਨੇ ਬੜੇ ਵਾਸਤੇ ਪਾਏ।

ਇੰਸਪੈਕਟਰ ਨੇ ਪ੍ਰੀਤਮ ਨੂੰ ਨੰਗ-ਧੜੰਗ ਕਰਕੇ ਪੁੱਠਿਆਂ ਲੰਮਾ ਪਾ ਕੇ ਖੂਬ ਛਿਤੋੜ ਫੇਰੀ ਤੇ ਉਹ ਬੇਹੋਸ਼ ਹੋ ਗਿਆ।

ਰਾਜ ਕੌਰ ਰੋ ਰੋ ਕੇ ਤਰਲੇ ਮਿੰਨਤਾਂ ਕਰ ਰਹੀ ਸੀ।

ਇੰਸਪੈਕਟਰ ਨੇ ਹਵਲਦਾਰ ਨੂੰ ਇਸ਼ਾਰਾ ਕੀਤਾ ਤੇ ਉਹ ਵੱਡਾ ਪੈੱਗ ਹੋਰ ਬਣਾ ਕੇ ਲੈ ਆਇਆ। ਉਸਨੇ ਗਟਾਗਟ ਪੂਰਾ ਅੰਦਰ ਸੁੱਟ ਲਿਆ। ਬੁੱਲ੍ਹਾਂ ਤੇ ਲੱਗੇ ਪੈਗ ਨੂੰ ਪੁੱਠੇ ਹੱਥ ਨਾਲ ਸਾਫ ਕਰਦਿਆਂ ਹਵਲਦਾਰ ਨੂੰ ਇਸ਼ਾਰੇ ਨਾਲ ਸਮਝਾਇਆ ਤੇ ਹਵਲਦਾਰ ਪ੍ਰੀਤਮ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਧਰੂ ਕੇ ਦੂਸਰੇ ਕਮਰੇ ਵਿੱਚ ਲੈ ਗਿਆ ਰਾਜ ਕੌਰ ਇੰਸਪੈਕਟਰ ਦੇ ਪੈਰ ਫੜ ਕੇ ਵਾਸਤੇ ਪਾ ਰਹੀ ਸੀ। ਪਰ ਉਸ 'ਤੇ ਕਾਮ ਦਾ ਭੂਤ ਸਵਾਰ ਸੀ। ਉਸਨੂੰ ਮਹਿਕਮੇ ਦਾ ਕੋਈ ਡਰ ਭੈਅ ਨਹੀਂ ਸੀ। ਉਸਦੇ ਹੱਥ ਬਹੁਤੇ ਲੰਬੇ ਸਨ, ਮਨਿਸਟੀ ਤੱਕ। ਉਸ ਦੀਆਂ ਵਾਗਾਂ ਖੁੱਲੀਆਂ ਤੇ ਵਰਾਸ਼ਾਂ ਕੰਨਾਂ ਨੂੰ ਛੂਹਦੀਆਂ ਸਨ।

ਇੰਸਪੈਕਟਰ ਨੇ ਨਸ਼ੇ ਵਿੱਚ ਕਿਹਾ, ਤੇਰੇ ਵਰਗਾ ਤਾਂ ਕੂਲਾ ਮਾਲ ਕਦੀ ਕਦੀ ਮਿਲਦਾ ਏ, ਤੇਰੇ 'ਤੇ ਕੇਸ ਨਹੀਂ ਪਾਵਾਂਗਾ ਤੈਨੂੰ ਛੱਡ ਦਿਆਂਗਾ ਚਿੰਤਾ ਨਾ ਕਰ। ਤੂੰ ਕਿਸੇ ਨਾਲ ਕੋਈ ਗੱਲ ਕੀਤੀ ਤਾਂ ਤੇਰੇ ਘਰ ਵਾਲੇ ਨੂੰ ਜਾਨੋ ਮਾਰ ਦਿਆਂਗਾ ਸੁਣਿਆ।

ਇੰਸਪੈਕਟਰ ਨੇ ਰਾਜ ਕੌਰ ਦੇ ਜ਼ਬਰਦਸਤੀ ਕੱਪੜੇ ਲਾ ਸੁੱਟੇ ਉਸਦੇ ਚੀਕ ਚਹਾੜੇ 'ਚ ਇੰਸਪੈਕਟਰ ਨੇ ਆਪਣੀ ਕਾਮ ਦੀ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ ਪਰ ਗੁੱਥਮ ਗੁੱਥੀ ਤੋਂ ਅੱਗੇ ਨਾ ਜਾ ਸਕਿਆ ਤੇ ਸ਼ਾਂਤ ਹੋ ਕੇ ਆਪਣੇ ਕਮਰੇ ਵਿੱਚ ਚਲਾ ਗਿਆ।

ਉਹ ਆਪਣੀ ਇੱਜਤ ਦੇ ਟੁਕੜੇ ਟੁਕੜੇ ਸਮੇਟਦੀ ਹੋਈ ਪ੍ਰੀਤਮ ਦੇ ਲਾਗੇ ਜਾ ਕੇ ਉੱਚੀ ਉੱਚੀ ਰੋਈ ਜਾ ਰਹੀ ਸੀ। ਪ੍ਰੀਤਮ ਨੂੰ ਪਤਾ ਲੱਗ ਗਿਆ ਸੀ ਪਰ ਕੀਤਾ ਕੀ ਜਾ ਸਕਦਾ ਸੀ।

ਪ੍ਰੀਤਮ ਨੇ ਕੱਪੜੇ ਪਾਏ ਤੇ ਸਾਰੀ ਰਾਤ ਦੋਵੇਂ ਸਿਸਕ ਸਿਸਕ ਹੁਬਕ ਹੁਬਕ ਕੇ ਰੋਂਦੇ ਰਹੇ, ਪਰਮਾਤਮਾ ਨੂੰ ਕੋਸਦੇ ਰਹੇ।

ਅਗਲੇ ਦਿਨ ਪ੍ਰੀਤਮ ਜੇਲ ਵਿੱਚ ਸੀ ਰਾਜ ਕੌਰ ਨੂੰ ਡਰਾਤਮਕਾ ਕੇ ਛੱਡ ਦਿੱਤਾ ਗਿਆ।

ਇਸਪੈਕਟਰ ਨੇ ਰਾਜ ਕੌਰ ਨੂੰ ਕਿਹਾ ਅਗਰ ਕੋਈ ਭਿਣਕ ਕੱਢੀ ਤਾਂ ਇਹਨੂੰ ਜੇਲ੍ਹ ਵਿੱਚ ਹੀ ਮਰਵਾ ਦੇਵਾਂਗਾ। ਪੁਲਿਸ ਮੁਕਾਬਲਾ ਬਣਾ ਕੇ ਮਾਰ ਦੂੰ। ਪਿੰਡ 'ਚ ਬਾਹਰ ਕਿਸੇ ਨਾਲ ਗੱਲ ਨਾ ਕਰੀ ਜੇ ਇਸ ਦੀ ਜ਼ਿੰਦਗੀ ਚਾਹੁੰਦੀ ਏ ਤਾਂ ? ਪਿੰਡ ਜਾ ਕੇ ਇਹ ਕਹਿਣਾ ਕਿ ਉਸ ਕੋਲੋਂ ਫੀਮ ਫੜੀ ਗਈ ਸੀ ਤੇ ਪੁਲਿਸ ਨੇ ਉਸ 'ਤੇ ਕੇਸ ਪਾ ਕੇ ਉਸਨੂੰ ਜੇਲ ਵਿੱਚ ਭੇਜ ਦਿੱਤਾ ਹੈ। ਰਾਜ ਕੌਰ ਪਹਿਲਾਂ ਹੀ ਇੰਸਪੈਕਟਰ ਮੱਖਣ ਸਿੰਘ ਦੀ ਬਦਮਾਸ਼ੀ ਤੇ ਦਹਿਸ਼ਤ ਤੋਂ ਭਲੀਭਾਂਤੀ ਜਾਣੂ ਸੀ। ਉਸਨੇ ਕਈਆਂ ਲੜਕੀਆਂ ਦੀ ਇੱਜਤ ਨਾਲ ਖਿਲਵਾੜ ਕੀਤਾ ਸੀ ਤੇ ਕਈ ਜਾਇਜ਼ ਤੇ ਨਾਜਾਇਜ਼ ਕਤਲ ਕਰਵਾਏ ਸਨ। ਉਸ ਦੀ ਸਰਕਾਰੀ ਦੁਬਾਰੇ ਪਹੁੰਚ ਸੀ।

ਰਾਜ ਕੌਰ ਨੇ ਪਿੰਡ ਜਾ ਕੇ ਪ੍ਰੀਤਮ ਸਿੰਘ ਦੇ ਮਾਪਿਆਂ ਭਰਾਵਾਂ ਨੂੰ ਦੱਸਿਆ ਕਿ ਉਨਾਂ ਪ੍ਰੀਤਮ ਸਿੰਘ ਕੋਲੋਂ ਫੀਮ ਫੜੀ ਗਈ ਏ। ਉਹ ਜੇਲ੍ਹ ਵਿੱਚ ਹਨ।

ਇੰਸਪੈਕਟਰ ਨੇ ਪ੍ਰੀਤਮ ਸਿੰਘ ਨੂੰ ਵੀ ਧਮਕੀ ਦੇ ਕੇ ਕਿਹਾ, ਜੇ ਤੂੰ ਸਾਡੇ ਖਿਲਾਫ ਕੋਈ ਗੱਲ ਕੀਤੀ ਤਾਂ ਮੁਕਾਬਲਾ ਬਣਾ ਕੇ ਮਰਵਾ ਦੂੰ।

ਪ੍ਰੀਤਮ ਸਿੰਘ ਦੇ ਭਰਾਵਾਂ ਨੇ ਜਮਾਨਤ ਕਰਵਾ ਲਈ।

ਖੈਰ, ਕੇਸ ਦੌਰਾਨ ਉਸਨੂੰ ਕੁਝ ਮਹੀਨਿਆਂ ਦੀ ਸਜ਼ਾ ਹੋ ਗਈ। ਉਹ ਸਜ਼ਾ ਕੱਟ ਕੇ ਆ ਗਿਆ ਸੀ।

ਪ੍ਰੀਤਮ ਸਿੰਘ ਤੇ ਰਾਜ ਕੌਰ ਦੋਵੇਂ ਘਰ ਦੇ ਕਮਰੇ ਵਿੱਚ ਬੈਠੇ ਚੁੱਪ ਚਾਪ ਆਪਣੀ ਕਿਸਮਤ 'ਤੇ ਰੋ ਰਹੇ ਸਨ।

ਰਾਜ ਕੌਰ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ। ਸੋਹਣੀ ਸੁਨੱਖੀ ਉੱਚੀ ਲੰਬੀ ਭਰਵੇਂ ਸਰੀਰ ਦੀ ਕੁੜੀ ਸੀ ਗਰੀਬ ਘਰ ਦੀ ਹੋਣ ਕਰਕੇ ਉਹ ਮੁਸ਼ਕਿਲ ਨਾਲ ਦੱਸ ਜਮਾਤਾਂ ਹੀ ਪਾਸ ਕਰ ਸਕੀ ਸੀ। ਮੈਟ੍ਰਿਕ ਵਿੱਚ ਉਹ ਫਸਟ ਡਿਵੀਜ਼ਨ ਵਿਚ ਪਾਸ ਹੋਈ ਸੀ।

ਪ੍ਰੀਤਮ ਸਿੰਘ ਨੇ ਪਲੱਸ ਟੂ ਕੀਤੀ ਸੀ, ਫਸਟ ਡਿਵੀਜ਼ਨ ਵਿਚ। ਬੜਾ ਹੁਸ਼ਿਆਰ ਸੀ ਪੜ੍ਹਣ ਲਿਖਣ ਵਿੱਚ ਪਰ ਘਰ ਦੀਆਂ ਤੰਗੀਆਂ ਤੁਰਸੀਆਂ ਕਰਕੇ ਅੱਗੇ ਨਹੀਂ ਪੜ੍ਹ ਸਕਿਆ। ਦੋਵਾਂ ਦੀ ਸੁੰਦਰ ਜੋੜੀ ਦੀਆਂ ਪਿੰਡ ਵਿੱਚ ਸਿਫਤਾਂ ਸਨ। ਪ੍ਰੀਤਮ ਸਿੰਘ ਤੇ ਉਸਦੀ ਪਤਨੀ ਸਵੇਰ ਸ਼ਾਮ ਪਾਠ ਕਰਨ ਵਾਲੇ ਗੁਰਸਿੱਖ ਸਨ। ਪ੍ਰੀਤਮ ਸਿੰਘ ਇਲਾਕੇ ਵਿੱਚ ਘੋੜੇ ਵਾਲਾ ਰੇਹੜਾ ਚਲਾਉਂਦਾ ਸੀ। ਜੱਦੀ ਪੁਸ਼ਟੀ ਕੰਮ ਸੀ ਉਸਦਾ। ਸਾਰੇ ਪਿੰਡ ਵਿੱਚ ਪ੍ਰੀਤਮ ਸਿੰਘ ਦੀਆਂ ਸਿਫਤਾਂ ਸਨ। ਸਾਊ ਮੁੰਡਾ ਸੀ ਉਹ। ਭਰਵਾਂ ਗੁੰਦਵਾਂ ਸਰੀਰ ਸੀ ਪ੍ਰੀਤਮ ਸਿੰਘ ਦਾ।

ਰਾਤ ਸੌਂਦਿਆਂ ਰਾਜ ਕੌਰ ਨੇ ਮਾਯੂਸੀ ਵਿੱਚ ਪ੍ਰੀਤਮ ਸਿੰਘ ਨੂੰ ਧਰਵਾਸ ਦਿੰਦੇ ਹੋਏ ਕਿਹਾ, ''ਮੈਂ ਕਿਹਾ ਜੀ, ਤੁਸੀਂ ਦਿਲ ਨਾ ਛੱਡੋ। ਤੁਸੀਂ ਉਸ ਵਾਹਿਗੁਰੂ 'ਤੇ ਵਿਸ਼ਵਾਸ ਰੱਖੋ, ਪਾਠ ਕਰਦੇ ਰਹੋ ਜੋ ਹੋਣਾ ਸੀ ਹੋ ਗਿਆ, ਕਿਸ ਨੇ ਸੁਣਨੀਂ ਏ। ਮੈਂ ਕਿਹਾ ਸਾਡੇ ਗੁਰੂਆਂ ਨੇ ਜ਼ੁਲਮ ਦਾ ਟਾਕਰਾ ਕੀਤਾ। ਦੁਸ਼ਮਣਾਂ ਤੋਂ ਬਦਲਾ ਲਿਆ। ਮੱਸਾ ਰੰਗੜ ਦਾ ਸਿਰ ਵੱਢ ਕੇ ਲਿਆਂਦਾ ਸੀ ਦਲੇਰ ਜੋਧਿਆਂ, ਗੁਰੂ ਦੇ ਸਿੱਖਾਂ ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ। ਇਨ੍ਹਾਂ ਦਲੇਰ ਸਿੰਘਾਂ ਦਾ ਇਤਿਹਾਸ ਵੀ ਅਸਾਂ ਪੜ੍ਹਿਆ ਹੈ। ਸਾਡੇ ਘਰ ਵਿੱਚ ਉਨ੍ਹਾਂ ਗੁਰੂਆਂ ਦੇ ਚਿੰਨ੍ਹ ਹਨ। ਉਨ੍ਹਾਂ ਦੀਆਂ ਜੀਵਣੀਆਂ ਅਸੀਂ ਪੜ੍ਹੀਆਂ। ਮੈਂ ਚਾਹੁੰਦੀ ਤਾਂ ਖੁਦਕੁਸ਼ੀ ਕਰ ਸਕਦੀ ਸਾਂ। ਆਪਣੇ ਆਪ ਨੂੰ ਖਤਮ ਕਰ ਸਕਦੀ ਸਾਂ। ਸਿਰਫ ਤੁਹਾਡੇ ਕਰਕੇ ਜੀਂਦਾ ਹਾਂ। ਵੇਖ ਮੈਂ ਬਿਲਕੁਲ ਪਵਿੱਤਰ ਹਾਂ, ਪਵਿੱਤਰ ਰਹਾਂਗੀ। ਪਰ ਮੈਂ ਪਵਿੱਤਰ ਤਾਂ ਹੀ ਹੋ ਸਕਦੀ ਹਾਂ ਜੇ ਤੁਸੀਂ ਮੇਰਾ ਇੱਕ ਕੰਮ ਕਰੋਗੇ ਤਾਂ।

ਪ੍ਰੀਤਮ ਸਿੰਘ ਨੇ ਉਸਨੂੰ ਕਿਹਾ, ''ਰਾਜ ਕੌਰ ਤੂੰ ਤੇ ਨਿਰਦੋਸ਼ ਏ, ਮੇਰੇ ਲਈ ਤਾਂ ਪਵਿੱਤਰ ਏ ਤੂੰ। ਤੇਰਾ ਬੜਾ ਜਿਗਰਾ ਏ, ਹੋਰ ਕੋਈ ਕੁੜੀ ਹੁੰਦੀ ਤਾਂ ਕਦੋਂ ਦੀ ਖੁਦਕੁਸ਼ੀ ਕਰ ਗਈ ਹੁੰਦੀ ਪਰ ਤੇਰਾ ਜਿਗਰਾ ਵੇਖ ਕੇ ਮੈਨੂੰ ਹੋਰ ਤਾਕਤ ਮਿਲੀ ਏ। ਤੂੰ ਮੈਨੂੰ ਗੱਲ ਦੱਸ ਮੈਂ ਤੇਰੇ ਤੇਰੀ ਹਰ ਗੱਲ ਮੰਨਾਂਗਾ।''

''ਸਰਦਾਰ ਜੀ, ਮੈਨੂੰ ਸਿਰਫ ਮੱਖਣ ਦਾ ਸਿਰ ਚਾਹੀਦਾ। ਜਿੱਦਾਂ ਮਰਜ਼ੀ ਹੋਵੇ। ਕੋਈ ਐਸੀ ਜੁਗਤ ਲੜਾਈਏ ਕਿ ਹਿੰਗ ਲੱਗੇ ਨਾ ਫਟਕੜੀ ....। ਮੱਖਣ ਸਾਡੇ ਨਾਲੋਂ ਜਿਆਦਾ ਨਹੀਂ ਪੜਿਆ ਲਿਖਿਆ। ਉਹ ਸਿਪਾਹੀ ਤੋਂ ਇੰਸਪੈਕਟਰ ਬਣਿਆ ਏ। ਨਿਰਦੋਸ਼ ਮੁੰਡਿਆਂ ਨੂੰ ਮਾਰ-ਮਾਰ ਕੇ।

ਮੈਂ ਤੁਹਾਨੂੰ ਤਰਕੀਬ ਦੱਸਦੀ ਹਾਂ। ਤੁਸੀਂ ਜੇਲ ਵਿੱਚ ਰਹੇ ਸਾਰੇ ਪਿੰਡ ਨੂੰ ਪਤਾ ਹੈ ਕਿ ਤੁਸੀਂ ਨਿਰਦੋਸ਼ ਹੋ ਪਰ ਕੀ ਕੀਤਾ ਸਕਦਾ ਸੀ ? ਮੱਖਣ ਸਿੰਘ ਤੋਂ ਸਾਰਾ ਇਲਾਕਾ ਡਰਦਾ ਏ। ਉਸ ਵੱਲ ਕੋਈ ਮੂੰਹ ਨਹੀਂ ਕਰ ਸਕਦਾ।

ਦਿਨ ਬੀਤਦੇ ਗਏ। ਪ੍ਰੀਤਮ ਸਿੰਘ ਨੇ ਸਾਰਾ ਭੇਦ ਆਪਣੇ ਦਿਲ ਵਿੱਚ ਹੀ ਰੱਖਿਆ। ਕਿਸੇ ਨਾਲ ਜ਼ਿਕਰ ਨਹੀਂ ਕੀਤਾ। ਸਵੇਰੇ ਸ਼ਾਮ ਉਹ ਪਾਠ ਕਰਦੇ ਤੇ ਵਾਹਿਗੁਰੂ ਕੋਲੋਂ ਇਨਸਾਫ ਮੰਗਦੇ।

ਰਾਜ ਕੌਰ ਤੇ ਪ੍ਰੀਤਮ ਸਿੰਘ ਨੇ ਕਈਆਂ ਦਿਨਾਂ ਬਾਅਦ ਇੱਕ ਯੋਜਨਾ ਬਣਾ ਲਈ ਸੀ। ਇਸ ਯੋਜਨਾ ਨੂੰ ਅੰਜਾਮ ਦੇਣ ਲਈ ਰਸਤੇ ਲੱਭਣੇ ਸ਼ੁਰੂ ਕਰ ਦਿੱਤੇ।

ਮੱਖਣ ਸਿੰਘ ਉਨ੍ਹਾਂ ਦੇ ਪਿੰਡ ਤੋਂ ਲਗਭਗ 15 ਕਿਲੋਮੀਟਰ ਦੂਰ ਵਾਲੇ ਪਿੰਡ ਦਾ ਰਹਿਣ ਵਾਲਾ ਸੀ। ਉਹ ਹਰ ਸ਼ਨੀਵਾਰ ਸ਼ਾਮ ਨੂੰ ਪਿੰਡ ਆਉਂਦਾ ਸੀ ਅਤੇ ਸਵੇਰੇ ਤੜਕੇ ਇਕੱਲਾ ਹੀ ਸੈਰ ਕਰਨ ਜਾਂਦਾ ਸੀ। ਮੱਖਣ ਦੇ ਘਰ ਪਰਿਵਾਰ ਬਾਰੇ ਸਾਰੀ ਜਾਣਕਾਰੀ ਇਕ ਦੋ ਮਹੀਨਿਆਂ ਵਿੱਚ ਇਕੱਠੀ ਕਰ ਲਈ ਸੀ।

ਪ੍ਰੀਤਮ ਸਿੰਘ ਨੇ ਹੁਣ ਇੱਕ ਭੱਠੇ ਤੋਂ ਇੱਟਾਂ ਲਿਆਉਣ ਦਾ ਕੰਮ ਸ਼ੁਰੂ ਕਰ ਲਿਆ ਸੀ। ਉਹ ਭੱਠੇ ਦੇ ਆਰਡਰ ਮੁਤਾਬਿਕ ਇੱਟਾਂ ਪਿੰਡ-ਪਿੰਡ ਪਹੁੰਚਾਉਂਦਾ ਸੀ। ਮੱਖਣ ਸਿੰਘ ਦੇ ਪਿੰਡ ਵੱਲ ਵੀ ਫੇਰੇ ਲਗਾਉਣ ਲੱਗ ਪਿਆ ਸੀ। ਉਸ ਨੇ ਮੱਖਣ ਸਿੰਘ ਦੇ ਆਉਣ ਜਾਣ ਦੀ ਸਾਰੀ ਸੂਅ ਰੱਖੀ। ਉਸ ਨੇ ਵੇਖਿਆ ਕਿ ਉਹ ਹਰ ਸ਼ਨੀਵਾਰ ਰਾਤ ਨੂੰ ਘਰ ਆਉਂਦਾ ਹੈ। ਐਤਵਾਰ ਦੁਪਹਿਰੇ ਜਾਂਦਾ ਹੈ। ਸਵੇਰੇ ਪੰਜ ਵਜੇ ਦੇ ਕਰੀਬ ਕੱਲਾ ਹੀ ਸੈਰ ਕਰਦਾ ਹੈ। ਏਦਾਂ ਕੁਝ ਮਹੀਨੇ ਲੰਘ ਗਏ। ਇਕ ਦਿਨ ਪ੍ਰੀਤਮ ਸਿੰਘ ਨੇ ਪੂਰੀ ਸੂਅ ਰੱਖੀ। ਉਸਨੇ ਪਤਾ ਕੀਤਾ ਕਿ ਅੱਜ ਸ਼ਨੀਵਾਰ ਦੀ ਸ਼ਾਮ ਨੂੰ ਉਹ ਘਰ ਆ ਚੁੱਕਾ ਹੈ, ਸਵੇਰੇ ਸੈਰ 'ਤੇ ਜਾਵੇਗਾ। ਪ੍ਰੀਤਮ ਸਿੰਘ ਨੇ ਰਾਤੀਂ ਇੱਟਾਂ ਦਾ ਫੇਰਾ ਰੇਅੜੇ ਉੱਪਰ ਲੱਦ ਲਿਆਂਦਾ ਸੀ। ਰਾਤ ਉਨ੍ਹਾਂ ਦੋਵਾਂ ਨੇ ਰੇਹੜੇ ਉੱਪਰ ਲੱਧੀਆਂ ਇੱਟਾਂ ਨੂੰ ਵਿਚਕਾਰੋਂ ਇਧਰ-ਉਧਰ ਕਰਕੇ ਇੱਕ ਖਾਲੀ ਜਗ੍ਹਾ ਬਣਾ ਲਈ। ਇੱਕ ਦੋ ਬੋਰੀਆਂ ਤਹਿ ਲਗਾ ਕੇ ਰੱਖ ਦਿੱਤੀਆਂ ਅਤੇ ਇੱਕ ਲੰਬਾ ਤੇਜ਼ ਤਿੱਖਾ ਦਰਾਟ ਵਿੱਚ ਲੁਕਾ ਕੇ ਰੱਖ ਲਿਆ। ਇਹ ਦਰਾਟ ਪ੍ਰੀਤਮ ਸਿੰਘ ਨੇ ਸਪੈਸ਼ਲ ਬਣਵਾਇਆ ਸੀ। ਤੇਜ ਤਿੱਖੀ ਧਾਰ ਨਾਲ ਦਰਾਟ ਏਨਾਂ ਤੇਜ ਸੀ ਕਿ ਇੱਕ ਰੁੱਖ ਤੇ ਤਣੇ ਵਿੱਚ ਵੱਜੇ ਤਾਂ ਇੱਕੋ ਟੱਕ ਨਾਲ ਰੁੱਖ ਦੇ ਆਰ ਪਾਰ ਹੋ ਜਾਏ।

ਦੋਵੇਂ ਸਵੇਰੇ ਤੜਕੇ ਉੱਠੇ, ਗੁਰਦੁਆਰੇ ਗਏ, ਪਾਠ ਕੀਤਾ। ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਦੋਵੇਂ ਤੜਕੇ ਰੇਹੜੇ 'ਤੇ ਬੈਠ ਕੇ ਘਰੋਂ ਨਿਕਲ ਤੁਰੇ ਪੌਣੇ ਕੁ ਪੰਜ ਵਜੇ ਦੇ ਕਰੀਬ ਮੱਖਣ ਸਿੰਘ ਦੀ ਕੋਠੀ ਤੋਂ ਥੋੜ੍ਹੀ ਦੂਰ ਜਾ ਕੇ ਹਨੇਰੇ ਵਿੱਚ ਰੇਹੜਾ ਖੜਾ ਕਰ ਦਿੱਤਾ ਤੇ ਘੋੜੇ ਦੀਆਂ ਲਗਾਮਾਂ ਆਦਿ ਕੱਸਣ ਲੱਗ ਪਿਆ। ਪੂਰੇ 5 ਵਜੇ ਮੱਖਣ ਸਿੰਘ ਇਕੱਲਾ ਹੀ ਘਰੋਂ ਨੇ ਬਾਹਰ ਨਿਕਲਿਆ। ਚਾਰੇ ਪਾਸੇ ਸੁੰਨਮਸਾਨ, ਚੁੱਪ ਚਾਂ ਪਸਰੀ ਪਈ ਸੀ। ਹੱਥ 'ਚ ਲਿਸ਼ਕਦੀ ਸਟਿਕ ਤੇ ਚਿੱਟਾ ਕੁੜਤਾ ਪਜਾਮਾ ਪਾਇਆ, ਮੱਖਣ ਸਿੰਘ ਸਹਿ-ਸੁਭਾਵਕ ਆਪਣੀ ਮਸਤ ਤੋਰੇ ਆਰਾਮ ਨਾਲ ਤੁਰਿਆ ਜਾ ਰਿਹਾ ਸੀ।

ਪ੍ਰੀਤਮ ਸਿੰਘ ਤੇ ਰਾਜ ਕੌਰ ਦੋਵਾਂ ਨੇ ਹਿੰਮਤ ਸਮੇਟ ਕੇ ਰੇਅੜਾ ਤੋਰ ਲਿਆ। ਮੱਖਣ ਸਿੰਘ ਆਪਣੀ ਚਾਲੇ ਤੁਰਿਆ ਜਾ ਰਿਹਾ ਸੀ। ਪਿੰਡ ਦੇ ਬਾਹਰ ਥੋੜ੍ਹੀ ਦੂਰ ਜਾ ਕੇ ਪ੍ਰੀਤਮ ਸਿੰਘ ਨੇ ਦਰਾਟ ਆਪਣੇ ਸੱਜੇ ਹੱਥ ਵਿੱਚ ਘੁੱਟ ਕੇ ਫੜ ਲਿਆ। ਰਾਜ ਕੌਰ ਦਲੇਰੀ ਨਾਲ ਬੈਠੀ ਰਹੀ। ਹੌਲੀ ਜਿਹੀ ਰੇਅੜਾ ਲਾਗੇ ਕਰਦਿਆਂ ਪ੍ਰੀਤਮ ਸਿੰਘ ਨੇ ਦਿਲ ਹੀ ਦਿਲ ਵਿੱਚ ਲਲਕਾਰਾ ਮਾਰਦੇ ਹੋਏ ਕਿਹਾ, ਓਏ ਪਾਪੀਆ ਤੇਰੀ ਐਸੀ ਕੀ ਤੈਸੀ ਸਾਲਿਆ ... ਜਦ ਮੱਖਣ ਸਿੰਘ ਨੇ ਉਸ ਵੱਲ ਵੇਖਿਆ ਤਾਂ ਪ੍ਰੀਤਮ ਸਿੰਘ ਨੇ ਪੂਰੀ ਜਾਨ ਲਗਾ ਕੇ ਇੰਨੀ ਤੇਜ਼ੀ ਨਾਲ ਦਰਾਟ ਉਸਦੀ ਗਰਦਨ 'ਤੇ ਮਾਰਿਆ ਕਿ ਉਸਦਾ ਸਿਰ ਲਹਿ ਕੇ ਔਹ ਗਿਆ। ਉਸਦੀ ਚੀਕ ਵੀ ਨਾ ਨਿਕਲਣ ਦਿੱਤੀ। ਪ੍ਰੀਤਮ ਸਿੰਘ ਨੇ ਜਲਦੀ ਜਲਦੀ ਉਸ ਦਾ ਸਿਰ ਬੋਰੀ ਵਿੱਚ ਲਪੇਟ ਕੇ ਚੁੱਕ ਲਿਆ ਤੇ ਇੱਟਾਂ ਵਿੱਚ ਕੀਤੀ ਖਾਲੀ ਜਗ੍ਹਾ ਵਿੱਚ ਰੱਖ ਲਿਆ ਰੇਹੜਾ ਅਸਮਾਨ ਨਾਲ ਗੱਲਾਂ ਕਰਨ ਲੱਗਾ ਕਿਸੇ ਨੂੰ ਕੋਈ ਖਬਰ ਨਹੀਂ ਲੱਗੀ ਪੰਜ ਛੇ ਕਿਲੋਮੀਟਰ ਦੂਰ ਜਾ ਕੇ ਨਹਿਰ ਦੇ ਕਿਨਾਰੇ ਜਾ ਕੇ ਰਾਜ ਕੌਰ ਨੇ ਮੱਖਣ ਸਿੰਘ ਦਾ ਸਿਰ ਕੱਢਿਆ ਤੇ ਦਰਾਟ ਨਾਲ ਉਸਦਾ ਸਿਰ ਨਿੱਕੇ ਨਿੱਕੇ ਟੁਕੜੇ ਕਰਕੇ ਨਹਿਰ ਵਿੱਚ ਸੁੱਟ ਦਿੱਤਾ ਤੇ ਦੋਵੇਂ ਘਰ ਆ ਗਏ। ਰਾਜ ਕੌਰ ਘਰ ਦੇ ਅੰਦਰ ਗਈ ਤੇ ਪ੍ਰੀਤਮ ਸਿੰਘ ਇਟਾਂ ਦਾ ਫੇਰਾ ਲੈ ਕੇ ਕਿਸੇ ਦੇ ਘਰ ਸੁੱਟਣ ਲਈ ਚਲਾ ਗਿਆ ਇਲਾਕੇ ਵਿੱਚ ਖਬਰ ਫੈਲ ਗਈ ਕਿ ਮੱਖਣ ਸਿੰਘ ਦਾ ਕੋਈ ਸਿਰ ਵੱਢ ਕੇ ਲਿਆ ਗਿਆ ਏ। ਉਸ ਦੇ ਸਿਰ ਵੱਢਣ ਦੀ ਖਬਰ ਸੁਣ ਕੇ ਇਲਾਕੇ ਵਿੱਚ ਠੰਢ ਪੈ ਗਈ। ਖੁਦ ਪੁਲਿਸ ਨੇ ਕੋਈ ਵੱਡੀ ਕਾਰਵਾਈ ਨਾ ਕੀਤੀ ਸਿਰਫ ਕਾਨੂੰਨੀ ਵਿਖਾਵੇ ਮਾਤਰ ਸਾਰੀ ਕਾਰਵਾਈ ਕੀਤੀ। ਪੁਲਿਸ ਨੇ ਨੱਠ ਭੱਜ ਕੀਤੀ ਪਰ ਕੋਈ ਸੂਅ ਨਾ ਲੱਗੀ। ਲੋਕਾਂ ਨੇ ਸੁੱਖ ਦਾ ਸਾਹ ਲਿਆ। ਕਈ ਲੋਕ ਕਹਿੰਦੇ ਸੁਣੇ ਗਏ ਕਿ ਕਿਸੇ ਮਾਂ ਦੇ ਬਹਾਦੁਰ ਪੁੱਤਰ ਨੇ ਜ਼ੁਰਰਤ ਨਾਲ ਕੰਮ ਕੀਤਾ ਏ। ਇਲਾਕੇ ਦਾ ਕਲੰਕ ਮੁਕਾ ਦਿੱਤਾ ਏ। ਇੱਕ ਮਹਾਂ ਰਾਕਸ਼ਸ ਦਾ ਅੰਤ ਕਰ ਦਿੱਤਾ ਏ। ਸ਼ਾਮ ਨੂੰ ਪ੍ਰੀਤਮ ਸਿੰਘ ਰੋਜ਼ ਦੀ ਤਰ੍ਹਾਂ ਰੇਹੜਾ ਲੈ ਕੇ ਘਰ ਆਉਂਦਾ ਹੈ। ਰਾਜ ਕੌਰ ਨਵੀਂ ਵਿਆਹੀ ਦੁਲਹਨ ਵਾਂਗ ਸੱਜੀ ਪਈ ਸੀ। ਉਸ ਦੇ ਦਿਲ ਵਿੱਚ ਕੋਈ ਤੈਅ ਨਹੀਂ ਸੀ। ਹੁਣ ਤਾਂ ਭਾਵੇਂ ਉਸਨੂੰ ਮੌਤ ਵੀ ਆ ਜਾਵੇ ਕੋਈ ਪਰਵਾਹ ਨਹੀਂ। ਭਾਵੇਂ ਫਾਂਸੀ ਹੀ ਹੋ ਜਾਵੇ ਕੋਈ ਪ੍ਰਵਾਹ ਨਹੀਂ। ਉਸ ਦੇ ਚਿਹਰੇ 'ਤੇ ਵੱਖਰਾ ਨੂਰ ਸੀ। ਗੁਰੂਆਂ ਦੀਆਂ ਤਸਵੀਰਾਂ ਅੱਗੇ ਦੇਸੀ ਘਿਓ ਦੀ ਜੋਤ ਜਗ ਰਹੀ ਸੀ ਜਿਵੇਂ ਇਹ ਤਸਵੀਰਾਂ ਉਸ ਨੂੰ ਆਸ਼ੀਰਵਾਦ ਸ਼ੁਭਕਾਮਨਾਵਾਂ ਦੇ ਰਹੀਆਂ ਹੋਣ। ਖੁਸ਼ੀ ਖੁਸ਼ੀ ਨਾਲ ਰਾਤ ਦੀ ਰੋਟੀ ਬਣਾਈ ਅਤੇ ਨਹਾਂ ਧੋ ਕੇ ਵਧੀਆ ਕੱਪੜੇ ਪਾ ਕੇ ਸਜ ਧੱਜ ਕੇ ਕਮਰੇ ਵਿੱਚ ਦਾਖਿਲ ਹੋਈ ਤਾਂ ਰਾਜ ਕੌਰ ਨਵ ਵਿਆਹੀ ਦੁਲਹਨ ਵਾਂਗੂ ਸਰਮਾਅ ਕੇ ਪ੍ਰੀਤਮ ਸਿੰਘ ਦੇ ਗਲ ਲੱਗ ਕੇ ਬੁੱਲਾਂ ਵਿੱਚ ਦਲੇਰੀ ਨਾਲ ਹਾਸਾ ਹੱਸਦੀ ਹੋਈ ਕਹਿਣ ਲੱਗੀ, ''ਸਰਦਾਰ ਜੀ, ਮੈਂ ਪਵਿੱਤਰ ਹਾਂ। ਸਰਦਾਰ ਜੀ ਮੈਂ ਪਵਿੱਤਰ ਹਾਂ''। ਪ੍ਰੀਤਮ ਸਿੰਘ ਨੇ ਰਾਜ ਕੌਰ ਨੂੰ ਕੁੱਟ ਕੇ ਗਲੇ ਲਗਾ ਲਿਆ।

# ਕੀ ਵਿਗਿਆਨ ਇਨਸਾਨ ਦੀ ਡੇਢ ਗੁਣੀ ਕਰ ਸਕਦਾ ਹੈ ?

ਬਲਰਾਜ ਸਿੰਘ ਸਿੱਧੂ ਏ.ਆਈ.ਜੀ.
ਪੰਡੋਰੀ ਸਿੱਧਵਾਂ 9501100062

ਲੰਬੀ ਅਤੇ ਸਿਹਤਮੰਦ ਉਮਰ ਭੋਗਣਾ ਇਨਸਾਨ ਦਾ ਮੁੱਢ ਕਦੀਮ ਤੋਂ ਹੀ ਸੁਪਨਾ ਰਿਹਾ ਹੈ।ਪ੍ਰਚੀਨ ਕਾਲ ਵਿੱਚ ਅਨੇਕਾਂ ਬਾਦਸ਼ਾਹਾਂ ਅਤੇ ਅਮੀਰਾਂ ਨੇ ਅਮਰ ਹੋਣ ਦੀ ਕੋਸ਼ਿਸ਼ ਕੀਤੀ ਜਿਨ੍ਹਾਂ ਵਿੱਚੋਂ ਸਭ ਤੋਂ ਪ੍ਰਸਿੱਧ ਕਹਾਣੀ ਚੀਨ ਦੇਪਹਿਲੇ ਸਮਰਾਟ ਕਿਨ ਸ਼ੀ ਹੁਆਂਗ (259 ਤੋਂ 210 ਬੀ.ਸੀ.) ਦੀ ਹੈ।ਕਿਨ ਸ਼ੀ ਹੁਆਂਗ ਉਹ ਵਿਅਕਤੀ ਸੀ ਜਿਸ ਨੇ ਪਹਿਲੀ ਵਾਰ ਚੀਨ ਨੂੰ ਇਕਮੁੱਠ ਕੀਤਾ ਤੇ ਮਹਾਨ ਦੀਵਾਰ ਦੀ ਉਸਾਰੀ ਕਰਵਾਈ। ਉਹ ਮਰਨ ਤੋਂ ਐਨਾ ਡਰਦਾ ਸੀ ਕਿ ਉਸ ਨੇ ਦਰਬਾਰ ਵਿੱਚ ਮੌਤ ਬਾਰੇ ਕਿਸੇ ਵੀ ਤਰਾਂ ਦੀ ਗੱਲ ਕਰਨ ਦੀ ਮਨਾਹੀ ਕਰ ਦਿੱਤੀ। ਉਸ ਨੇਐਲਾਨ ਕਰਵਾ ਦਿੱਤਾ ਸੀ ਕਿ ਜੋ ਵੀ ਉਸ ਨੂੰ ਅਮਰ ਹੋਣ ਦੀ ਦਵਾਈ ਬਣਾ ਕੇ ਦੇਵੇਗਾ, ਉਸ ਨੂੰ ਉਸ ਦੇ ਵਜ਼ਨ ਦੇ ਬਰਾਬਰ ਸੋਨਾ ਇਨਾਮ ਵਿੱਚ ਦਿੱਤਾ ਜਾਵੇਗਾ। ਇਨਾਮ ਦੇ ਲਾਲਚ ਕਾਰਨ ਦਰਬਾਰੀ ਨੀਮ ਹਕੀਮਾਂ ਨੇ ਉਸ ਨੂੰ ਅਜਿਹੀਆਂ ਉਲਟੀਆਂ ਸਿੱਧੀਆਂ ਦਵਾਈਆਂ ਦਿੱਤੀਆਂ ਕਿ ਸਿਰਫ 49 ਸਾਲ ਦੀ ਉਮਰ ਵਿੱਚ ਹੀ ਉਸ ਦੀ ਮੌਤ ਹੋ ਗਈ।

ਪਰ ਵਿਗਿਆਨ ਦੀ ਤਰੱਕੀ ਕਾਰਨ ਹੁਣ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਅੱਜ ਕਲ੍ਹ ਪੈਦਾ ਹੋ ਰਹੇ ਬੱਚੇ ਸ਼ਾਇਦ 120, 125 ਸਾਲ ਤੱਕ ਜ਼ਿੰਦਾ ਰਹਿ ਸਕਣਗੇ। ਸੰਸਾਰ ਦੇ ਅਨੇਕਾਂ ਅਰਬਪਤੀ ਇਸ ਖੇਤਰ ਵਿੱਚ ਕੰਮ ਕਰ ਰਹੀਆਂ ਮੈਡੀਸਨ ਕੰਪਨੀਆਂ ਨੂੰ ਕਰੋੜਾਂ ਡਾਲਰਾਂ ਦਾ ਫੰਡ ਮੁਹੱਈਆ ਕਰਵਾ ਰਹੇ ਹਨ। ਅੱਤ ਅਧੁਨਿਕ ਲੈਬਾਰਟਰੀਆਂ ਇਨਸਾਨੀ ਸੈੱਲਾਂ ਨੂੰ ਪੁੱਠਾ ਗੇੜਾ ਦੇ ਕੇ ਜਵਾਨੀ ਵੱਲ ਮੋੜਨ ਲਈ ਦਿਨ ਰਾਤ ਪ੍ਰਯੋਗ ਕਰ ਰਹੀਆਂ ਹਨ। ਐਮਾਜ਼ਾਨ ਦੇ ਚੇਅਰਮੈਨ ਜੈੱਫ ਬੈਉਜ਼ ਅਤੇ ਉਪਨ ਏ.ਆਈ. (ਆਰਟੀਫੀਸ਼ਲ ਇੰਟੈਲੀਜੈਂਸ) ਦੇ ਚੇਅਰਮੈਨ ਸੈਮ ਐਲਟਮੈਨ ਨੇ ਇਸ ਖੇਤਰ ਵਿੱਚ ਕੰਮ ਕਰਨ ਵਾਲੀਆਂ ਸਟਾਰਟ ਅੱਪਸ (ਨਵੀਆਂ ਸਥਾਪਿਤ ਹੋ ਰਹੀਆਂ ਕੰਪਨੀਆਂ) ਦੀ ਦਿਲ ਖੋਲ੍ਹ ਕੇ ਆਰਥਿਕ ਮਦਦ ਕਰ ਰਹੇ ਹਨ। ਸਾਊਦੀ ਅਰਬ ਦੇ ਸ਼ਾਹੀ ਪਰਿਵਾਰ ਨੇ ਵੀ 2021 ਵਿੱਚ ਉਮਰ ਵਧਾਉਣ ਵਾਸਤੇ ਰਿਸਰਚ ਕਰਨ ਲਈ ਹੈਵੂਲਿਊਸ਼ਨ ਨਾਮਕ ਕੰਪਨੀ ਸਥਾਪਿਤ ਕੀਤੀ ਹੈ। ਇੰਨਫੋਸਿਸ ਦੇ ਸਹਿਬਾਨੀ ਕਰਿਸ ਗੋਪਾਲਾਕ੍ਰਿਸ਼ਨਨ ਨੇ ਇੰਡੀਅਨ ਇੰਸਟੀਚਿਊਟ ਆਫ ਸਾਇੰਸਜ਼ ਨੂੰ 675 ਕਰੋੜ ਰੁਪਏ ਦਾ ਦਾਨ ਕੀਤਾ ਹੈ ਤਾਂ ਜੋ ਉਹ ਬਰੇਨ ਰਿਸਰਚ ਵਾਸਤੇ ਸੈਂਟਰ ਸਥਾਪਿਤ ਕਰ ਸਕਣ। ਇਸ ਸੈਂਟਰ ਦਾ ਮੁੱਖ ਕੰਮ ਦਿਮਾਗੀ ਬਿਮਾਰੀਆਂ ਦੇ ਇਲਾਜ਼ ਅਤੇ ਬੁਢਾਪੇ ਵਿੱਚ ਸਿਹਤਮੰਦ ਰਹਿਣ ਦੇ ਤਰੀਕੇ ਖੋਜਣਾ ਹੈ।

ਲੋਕਾਂ ਵਿੱਚ ਲੰਬੀ ਉਮਰ ਭੋਗਣ ਦੀ ਐਨੀ ਲਾਲਸਾ ਹੈ ਕਿ 2023 ਵਿੱਚ ਬਿੱਲ ਗਿਲਫੋਰਡ ਅਤੇ ਡਾਕਟਰ ਪੀਟਰ ਅੱਟਾ ਵੱਲੋਂ ਇਸ ਸਬੰਧੀ ਲਿਖੀ ਗਈ ਆਊਟਲਾਈਨ ਨਾਮਕ ਕਿਤਾਬ ਨੇ ਵਿਕਰੀ ਦੇ ਅਗਲੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। 2023 ਵਿੱਚ ਨੈੱਟਫਲਿਕਸ ਨੇ ਇੱਕ ਸੁਪਰ ਹਿੱਟ ਡਾਕੂਮੈਂਟਰੀ ਤਿਆਰ ਕੀਤੀ ਸੀ ਜਿਸ ਵਿੱਚ ਉਨ੍ਹਾਂ ਇਲਾਕਿਆਂ ਦੇ ਲੋਕਾਂ ਦੇ ਰਹਿਣ ਸਹਿਣ ਅਤੇ ਖਾਣ ਪੀਣ ਬਾਰੇ ਦੱਸਿਆ ਗਿਆ ਸੀ ਜਿਨ੍ਹਾਂ ਦੀ ਉਮਰ ਕੁਦਰਤੀ ਤੌਰ 'ਤੇ ਲੰਬੀ ਤੇ ਸਿਹਤਮੰਦ ਹੁੰਦੀ ਹੈ। ਇਸ ਡਾਕੂਮੈਂਟਰੀ ਦੇ ਰਿਲੀਜ਼ ਹੋਣ ਤੋਂ ਬਾਅਦ ਲੋਕਾਂ ਨੇ ਇਸ ਵਿੱਚ ਵਿਖਾਏ ਗਏ ਇਟਲੀ ਤੇ ਜਪਾਨ ਦੇ ਸ਼ਹਿਰਾਂ ਕਾਸਟੇਲਸਾਰਡੋ ਅਤੇ ਉਕੀਨਾਵਾ ਵੱਲ ਵਹੀਰਾਂ ਘੱਤ ਦਿੱਤੀਆਂ ਸਨ। 2023 -24 ਵਿੱਚ ਉਥੇ ਐਨੇ ਟੂਰਿਸਟ ਪਹੁੰਚੇ ਜਿੰਨੇ ਪਿਛਲੇ ਦਸਾਂ ਸਾਲਾਂ ਵਿੱਚ ਵੀ ਨਹੀਂ ਆਏ ਸਨ। ਅਮਰੀਕਾ ਦਾ ਨਿਊਰੋ ਸਰਜਨ ਡਾ. ਐਂਡਰਿਊ ਹੀਊਬਰਮੈਨ 2021 ਤੋਂ ਸਿਹਤਮੰਦ ਜ਼ਿੰਦਗੀ, ਦਿਮਾਗੀ ਬਿਮਾਰੀਆਂ ਅਤੇ ਲੰਬੀ ਉਮਰ ਬਾਰੇ ਹਿਊਬਰਮੈਨ ਲੈਬ ਨਾਮਕ ਇੱਕ ਲੜੀਵਾਰ ਪ੍ਰੋਗਰਾਮ ਪੇਸ਼ ਕਰ ਰਿਹਾ ਹੈ। ਲੋਕ ਉਸ ਦੁਆਰਾ ਦੱਸੇ ਗਏ ਲੰਬੀ ਉਮਰ ਭੋਗਣ ਦੇ ਉਪਾਵਾਂ ਦੇ ਐਨੇ ਦੀਵਾਨੇ ਹਨ ਕਿ ਸਿਰਫ ਯੂ ਟਿਊਬ ਉੱਪਰ ਹੀ ਉਸ ਦੇ 50 ਲੱਖ ਤੋਂ ਵੱਧ ਸਬਸਕਰਾਈਬਰ ਹਨ।




ਲੱਗਦਾ ਹੈ ਕਿ ਲੋਕਾਂ ਦੀਆਂ ਉਮੀਦਾਂ ਨੂੰ ਜਲਦੀ ਹੀ ਬੂਰ ਪੈਣ ਵਾਲਾ ਹੈ ਕਿਉਂਕਿ ਕਈ ਕੰਪਨੀਆਂ ਨੇ ਅਜਿਹੇ ਪ੍ਰੋਡਕਟ ਬਣਾ ਲਏ ਹਨ ਜੋ ਵਾਕਿਆ ਹੀ ਜਵਾਨੀ ਨੂੰ ਕੁਝ ਸਾਲ ਹੋਰ ਟਿਕਾਈ ਰੱਖਣ ਵਿੱਚ ਸਹਾਈ ਹੋ ਰਹੇ ਹਨ। ਵੈਸੇ ਵੀ ਮੈਡੀਕਲ ਖੇਤਰ ਦੀਆਂ ਖੋਜਾਂ ਪੋਲੀਓ, ਤਬਦਿਕ ਤੇ ਯੈਲੋ ਫੀਵਰ ਆਦਿ ਦੀ ਵੈਕਸੀਨ ਕਾਰਨ ਆਮ ਇਨਸਾਨ ਦੀ ਔਸਤ ਉਮਰ ਪਹਿਲਾਂ ਨਾਲੋਂ ਦੁਗਣੀ ਹੋ ਗਈ ਹੈ। ਸੰਨ 1900 ਵਿੱਚ ਇਹ ਸਿਰਫ 32 ਸਾਲ ਹੁੰਦੀ ਸੀ ਤੇ ਹੁਣ 71 ਸਾਲ ਹੋ ਗਈ ਹੈ। ਪਰ ਅੱਜ ਵੀ ਵਿਸ਼ਵ ਪੱਧਰ 'ਤੇ 110 ਸਾਲ ਤੋਂ ਵੱਧ ਉਮਰ ਭੋਗਣ ਵਾਲੇ ਬਜ਼ੁਰਗਾਂ ਦੀ ਗਿਣਤੀ 200 ਤੋਂ ਵੱਧ ਨਹੀਂ ਹੈ। ਲੰਬੀ ਅਤੇ ਸਿਹਤਮੰਦ ਉਮਰ ਭੋਗਣਾ ਹੌਲੀ ਹੌਲੀ ਸੱਚ ਬਣਦਾ ਜਾ ਰਿਹਾ ਹੈ। ਜਿਵੇਂ ਮਨੁੱਖ ਨੇ ਚੰਦ ਅਤੇ ਮਾਰਸ ਗ੍ਰਹਿ 'ਤੇ ਪਹੁੰਚਣ ਵਰਗੇ ਅਸੰਭਵ ਕੰਮ ਸੰਭਵ ਕਰ ਵਿਖਾਏ ਹਨ, ਉਸ ਤੋਂ ਲੱਗਦਾ ਹੈ ਕਿ ਇਹ ਸੁਪਨਾ ਵੀ ਆਖਰਸੱਚ ਹੋ ਜਾਵੇਗਾ।

ਉਮਰ ਦਾ ਜਲਦੀ ਜਾਂ ਹੌਲੀ ਵਧਣਾ ਕਿਸੇ ਵਿਅਕਤੀ ਦੇ ਜੀਨਜ਼, ਵਾਤਾਵਰਣ ਅਤੇ ਲਾਈਫ ਸਟਾਈਲ ਆਦਿ 'ਤੇ ਨਿਰਭਰ ਕਰਦਾ ਹੈ। ਇਨਸਾਨੀ ਸਰੀਰ ਸੈੱਲਾਂ ਦਾ ਬਣਿਆ ਹੈ ਜਿਨ੍ਹਾਂ ਨੂੰ ਵਿਗਿਆਨੀ ਆਪਣੀ ਮਨਮਰਜ਼ੀ ਮੁਤਾਬਕ ਢਾਲਣ ਲਈ ਨਿਰੰਤਰ ਖੋਜਕਾਰਜ ਕਰ ਰਹੇ ਹਨ। ਅਮਰੀਕਾ ਦੇ ਇੱਕ ਅਮੀਰ ਵਿਅਕਤੀ ਬਰਾਇਨ ਜਾਹਨਸਨ ਦਾ ਦਾਅਵਾ ਹੈ ਕਿ ਉਸ ਦਾ ਸਰੀਰ ਆਮ ਲੋਕਾਂਨਾਲੋਂ ਅੱਧੀ ਰਫਤਾਰ ਨਾਲ ਬੁੱਢਾ ਹੋ ਰਿਹਾ ਹੈ।ਪਰ ਇਸ ਸਫਲਤਾ ਲਈ ਉਹ ਸਖਤ ਰੁਟੀਨ ਦੀ ਪਾਲਣਾ ਕਰਦਾ ਹੈ। ਰੋਜ਼ਾਨਾ ਤਿੰਨ ਚਾਰ ਘੰਟੇ ਵਰਜਿਸ਼ ਕਰਦਾ ਹੈ ਤੇ 100 ਦੇ ਕਰੀਬ ਹੈਲਥ ਸਪਲੀਮੈਂਟ ਲੈਂਦਾ ਹੈ। ਇਸ ਤੋਂ ਇਲਾਵਾ ਉਹ ਆਪਣੇ 20 ਸਾਲਾਂ ਦੇ ਬੇਟੇ ਤੋਂ ਲਿਆ ਗਿਆ ਪਲਾਜ਼ਮਾਂ ਵੀ ਆਪਣੇ ਖੂਨ ਵਿੱਚ ਪਵਾਉਂਦਾ ਹੈ।ਪਰ ਕੋਈ ਆਮ ਇਨਸਾਨ ਉਸ ਦੀ ਰੀਸ ਨਹੀਂ ਕਰ ਸਕਦਾ ਕਿਉਂਕਿ ਜਵਾਨੀ ਨੂੰ ਕਾਇਮ ਰੱਖਣ ਲਈ ਉਹ ਹਰ ਸਾਲ ਕਰੀਬ 20 ਲੱਖ ਡਾਲਰ (ਕਰੀਬ 18 ਕਰੋੜ ਰੁਪਏ) ਖਰਚ ਕਰਦਾ ਹੈ। ਡਾਕਟਰੀ ਜਾਂਚ ਵਿੱਚ ਪਾਇਆ ਗਿਆ ਕਿ ਉਸ ਦਾ ਤਰੀਕਾ ਸੱਚ ਮੁਚ ਹੀ ਕੰਮ ਕਰ ਰਿਹਾ ਹੈ।

ਇਨਸਾਨੀ ਸੈੱਲ ਆਪਣੇ ਆਪ ਦੀ ਖੁਦ ਮੁਰੰਮਤ ਕਰ ਸਕਦਾ ਹੈ। ਪਰ ਜਿਉਂ ਜਿਉਂ ਉਮਰ ਵਧਦੀ ਹੈ, ਉਸ ਦੀ ਇਹ ਕਾਬਲੀਅਤ ਘਟਦੀ ਜਾਂਦੀ ਹੈ।ਉਮਰ ਵਧਾਉਣ ਦੇ ਖੋਜ ਕਾਰਜਾਂ ਵਿੱਚ ਇਸ ਸਮੇਂ ਉਵਫੈਡੋ ਮੈਡੀਕਲ ਯੂਨੀਵਰਸਿਟੀ (ਸਪੇਨ) ਦਾ ਵਿਗਿਆਨੀ ਡਾ. ਕਾਰਲੋਜ਼ ਲੋਪੇਜ਼ ਸਭ ਤੋਂ ਅੱਗੇ ਹੈ। ਪਿਛਲੇ ਮਹੀਨੇ ਅਮਰੀਕਾ ਵਿੱਚ ਹੋਈ ਇੱਕ ਵਿਗਿਆਨਕ ਕਾਨਫਰੰਸ ਵਿੱਚ ਉਸ ਨੇ ਆਪਣਾ ਖੋਜ ਪੱਤਰ ਪੜ੍ਹਿਆ ਜਿਸ ਤੋਂ ਪਤਾ ਲੱਗਾ ਕਿ ਉਸ ਦੀ ਟੀਮ ਮਨੁੱਖੀ ਸੈੱਲਾਂ ਦੇ ਬੁੱਢਿਆਂ ਹੋਣ ਦੀ ਰਫਤਾਰ ਨੂੰ ਘੱਟ ਕਰਨ ਦੇ ਕਾਫੀ ਨਜ਼ਦੀਕ ਪਹੁੰਚ ਚੁੱਕੀ ਹੈ। ਉਸ ਦੇ ਦੱਸਿਆ ਸੈੱਲ ਦੀ ਸੰਰਚਨਾ ਬਦਲਣੀ ਸੰਭਵ ਹੈ ਤੇ ਉਸ ਦੀ ਬੁੱਢੇ ਹੋਣ ਦੀ ਰਫਤਾਰ ਘੱਟ ਕੀਤੀ ਜਾ ਸਕਦੀ ਹੈ।ਇਹ ਇਸ ਤਰਾਂ ਹੀ ਹੈ ਜਿਵੇਂ ਕਿਸੇ ਮੋਬਾਈਲ ਫੋਨ ਜਾਂ ਕੰਪਿਊਟਰ ਵਿੱਚ ਨਵਾਂ ਸਾਫਟਵੇਅਰ ਪਾ ਦਿੱਤਾ ਜਾਵੇ। ਪਰ ਕੀ ਇਹ ਅੱਪਡੇਟ ਕੀਤੇ ਹੋਏ ਸੈੱਲ ਇਨਸਾਨੀ ਦਿਮਾਗ ਨਾਲ ਤਾਲ ਮੇਲ ਬਿਠਾ ਸਕਣਗੇ ? ਇਸ ਸਵਾਲ ਦਾ ਜਵਾਬ ਲੱਭਣ ਲਈ ਬਾਂਦਰਾਂ ਅਤੇ ਚੂਹਿਆਂ 'ਤੇ ਤਜ਼ਰਬੇ ਕੀਤੇ ਜਾ ਰਹੇ ਹਨ। ਇਸ ਵੇਲੇ ਚੱਲ ਰਹੇ ਇਹ ਸਾਰੇ ਖੋਜ ਕਾਰਜ ਜਪਾਨੀ ਸਟੈਂਮਸੈਲ ਵਿਗਿਆਨੀ ਸ਼ਿਨੀਆ ਯਾਮਸਨਾਕਾ ਦੀ ਖੋਜ (ਐਪੀਜੈਨੇਟਿਕ ਰੀਪ੍ਰੋਗਰਾਮਿੰਗ) 'ਤੇ ਅਧਾਰਿਤ ਹਨ। ਸਭ ਤੋਂ ਪਹਿਲਾਂ ਉਸ ਨੇ ਪੁਰਾਣੇ ਇਨਸਾਨੀਸੈੱਲਾਂ ਨੂੰ ਜਵਾਨ ਸੈੱਲਾਂ ਨਾਲ ਬਦਲਣ ਵਿੱਚ ਸਫਲਤਾ ਹਾਸਲ ਕੀਤੀ ਸੀ ਜਿਸ ਲਈ ਉਸ ਨੂੰ 2012 ਵਿੱਚ ਨੋਬਲ ਇਨਾਮ ਮਿਲਿਆ ਸੀ।2023 ਵਿੱਚਐਪੀਜੈਨੇਟਿਕ ਰੀਪ੍ਰੋਗਰਾਮਿੰਗ ਨਾਲ ਚੂਹਿਆਂ ਦੀ ਉਮਰ ਵਿੱਚ 30% ਤੱਕ ਦਾ ਵਾਧਾ ਦਰਜ਼ ਕੀਤਾ ਗਿਆ ਸੀ।ਪਰ ਇਹ ਥੈਰੇਪੀ ਬਹੁਤ ਹੀ ਗੁੰਝਲਦਾਰ ਹੈ ਤੇ ਇਸ ਨਾਲ ਕੈਂਸਰ ਹੋਣ ਦਾ ਖਤਰਾ ਬਹੁਤ ਵਧ ਜਾਂਦਾ ਹੈ। ਇਸ ਲਈ ਇਸ ਵਿੱਚ ਅੱਗੇ ਹੋਰ ਜਿਆਦਾ ਖੋਜਬੀਣ ਕੀਤੀ ਜਾ ਰਹੀ ਹੈ।

ਸੋਚਣ ਵਾਲੀ ਗੱਲ ਇਹ ਹੈ ਕਿ ਉਮਰ ਵਿੱਚ ਵਾਧਾ ਸਾਡੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਢਾਂਚੇ 'ਤੇ ਕੀ ਅਸਰ ਪਾਵੇਗਾ ?ਇਸ ਤੋਂ ਇਲਾਵਾ ਸਭ ਤੋਂ ਵੱਡੀ ਮੁਸ਼ਕਿਲ ਇਹ ਵੀ ਹੋਵੇਗੀ ਕਿ ਉਧਾਰੇ ਲਏ ਗਏ 25 - 30 ਸਾਲ ਦੇ ਵਾਧੂ ਵਕਤ ਨੂੰ ਕਿਸ ਤਰਾਂ ਬਤੀਤ ਕੀਤਾ ਜਾਵੇ ਕਿਉਂਕਿ ਇਸ ਨਾਲ ਜੈਨਰੇਸ਼ਨ ਗੈਪ ਬਹੁਤ ਵਧ ਜਾਵੇਗਾ। ਅਫਸਰ 80 - 90 ਸਾਲ ਦੇ ਹੋਣਗੇ ਤੇ ਨਵੇਂ ਰੰਗਰੂਟ 19 -20 ਸਾਲ ਦੇ।ਭਾਰਤ ਵਿੱਚ ਤਾਂ ਹਾਲਾਤ ਹੋਰ ਵੀ ਬੁਰੇ ਹੋਣਗੇ ਜਿੱਥੇ ਅਜੇ ਵੀ ਥੋੜ੍ਹਾ ਬਹੁਤਾ ਸਾਂਝੇ ਪਰਿਵਾਰ ਦਾ ਰਿਵਾਜ਼ ਬਚਿਆ ਹੋਇਆ ਹੈ। ਬੱਚਿਆਂ ਨੂੰ ਪਤਾ ਹੀ ਨਹੀਂ ਲੱਗਣਾ ਕਿ ਘਰ ਵਿੱਚ ਘੁੰਮ ਫਿਰ ਰਹੇ ਇਨ੍ਹਾਂ ਬੁੱਢਿਆਂ ਨਾਲ ਉਨ੍ਹਾਂ ਦਾ ਕੀ ਰਿਸ਼ਤਾ ਹੈ ? ਸਾਡੇ ਲੀਡਰ ਤਾਂ ਪਹਿਲਾਂ ਹੀ ਵਾਹ ਲੱਗਦੇ ਗੱਦੀ ਨਹੀਂ ਛੱਡਦੇ, ਫਿਰ ਤਾਂ ਉਹ 100 ਸਾਲ ਦੀ ਉਮਰ ਤੱਕ ਸੱਤਾ ਨੂੰ ਚੰਬੜੇ ਰਹਿਣਗੇ। ਉਸ ਸਮੇਂ ਤੱਕ ਵੋਟਰਾਂ ਦੀ ਪੰਜਵੀਂ ਪੀੜ੍ਹੀ ਆ ਜਾਵੇਗੀ ਕਿਉਂਕਿ ਗਰੀਬ ਆਦਮੀ ਤਾਂ ਇਹ ਸਹੂਲਤ ਲੈ ਹੀ ਨਹੀਂ ਸਕਦਾ।

ਜਦੋਂ ਤੱਕ ਵਿਗਿਆਨੀ ਕਿਸੇ ਠੋਸ ਨਤੀਜੇ 'ਤੇ ਨਹੀਂ ਪਹੁੰਚਦੇ, ਉਦੋਂ ਤੱਕ ਸਾਡੇ ਕੋਲ ਲੰਬੀ ਅਤੇ ਸਿਹਤਮੰਦ ਜ਼ਿੰਦਗੀ ਜੀਉਣ ਦਾ ਸਭ ਤੋਂ ਵੱਡਾ ਮੰਤਰ ਇਹ ਹੈ ਕਿਪੌਸ਼ਟਿਕ ਖਾਣਾ ਖਾਉ, ਪੂਰੀ ਨੀਂਦ ਲਉ, ਚਿੰਤਾ ਤੋਂ ਬਚੋ ਤੇ ਕਸਰਤ ਕਰੋ। ਫਿਲਹਾਲ ਸਿਹਤਮੰਦ ਜ਼ਿੰਦਗੀ ਜਿਉਣ ਦਾ ਇਸ ਤੋਂ ਵਧੀਆ ਹੋਰ ਕੋਈ ਉਪਾਅਨਹੀਂ ਹੈ।

# ਅਨੇਕਾਂ ਸੰਸਥਾਵਾਂ ਨਾਲ ਜੁੜੇ ਰਹੇ ਰਾਸਟਰੀ ਅਵਾਰਡ ਪ੍ਰਾਪਤ ਕਰਤਾ ਜਿਲ੍ਹਾ ਯੂਥ ਕੋਆਰਡੀਨੇਟਰ ਸ਼੍ਰ. ਸੁਖਦਰਸ਼ਨ ਸਿੰਘ

ਮੇਜਰ ਸਿੰਘ ਨਾਭਾ
ਮੋ. 9463553962



ਰੋਪੜ ਜਿਲ੍ਹੇ ਦਾ ਮਾਣ ਰਹੇ ਸ਼੍ਰ. ਸੁਖਦਰਸ਼ਨ ਸਿੰਘ ਨੇ ਸਿੱਖਿਆ ਵਿਭਾਗ ਵਿੱਚ ਆਪਣੀ ਸਰਵਿਸ ਬਤੌਰ ਲੈਕਚਰਾਰ ਅਮਰਗੜ੍ਹ (ਸੰਗਰੂਰ) ਵਿਖੇ ਨਿਭਾਉਂਦੇ ਹੋਏ ਨੌਜਵਾਨਾਂ ਨੂੰ ਕੁਰਾਹੇ ਪੈਣ ਤੋਂ ਰੋਕਣ ਲਈ ਮੌਕਾ ਮਿਲਿਆ ਜਿਸ ਸਦਕਾ ਉਨ੍ਹਾਂ ਆਪਣੀਆਂ ਸੇਵਾਵਾਂ ਪਹਿਲਾਂ ਡੈਪੂਟੇਸ਼ਨ ਤੇ ਬਤੌਰ ਯੂਥ ਕੋਆਰਡੀਨੇਟਰ ਅਗਸਤ ੧੯੭੯ 'ਚ ਜਿਲ੍ਹਾ ਫਰੀਦਕੋਟ ਵਿਖੇ ਤਕਰੀਬਨ ਇੱਕ ਸਾਲ ਸੇਵਾ ਨਿਭਾਈ ਅਤੇ ਫਿਰ ਬਦਲੀ ਕਰਵਾਕੇ ਰੋਪੜ ਦੇ ਨਹਿਰੂ ਯੁਵਕ ਕੇਂਦਰ ਵਿਖੇ ਸੇਵਾਵਾਂ ਨਿਭਾਉਣੀਆਂ ਸ਼ੁਰੂ ਕੀਤੀਆਂ ਅਤੇ ਬਾਅਦ ਵਿੱਚ ਪੱਕੇ ਤੌਰ ਤੇ ਕੇਂਦਰ ਸਰਕਾਰ ਵਲੋਂ ਕਲਾਸ ਵਨ ਕਾਡਰ'ਚ ਇਸੇ ਪੋਸਟ ਉੱਪਰ ਰੈਗੂਲਰ ਨਿਯੁਕਤੀ ਹੋ ਗਈ ।ਉਨ੍ਹਾਂ ਨੇ ਹਜ਼ਾਰਾਂ ਨੌਜਵਾਨਾਂ ਨੂੰ ਅੰਤਰਰਾਜੀ ਕੈਂਪਾਂ ਵਿੱਚ ਸਮੂਲੀਅਤ ਕਰਵਾ ਕੇ ਨੈਤਿਕ ਸਿੱਖਿਆ ਅਤੇ ਸਮਾਜਿਕ ਸੰਸਕਾਰਾਂ ਦੀ ਸਿੱਖਿਆ ਦਿਵਾ ਕੇ ਉਨ੍ਹਾਂ ਦੀ ਜ਼ਿੰਦਗੀ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਨਿਜਾਤ ਦਿਵਾ ਕੇ ਨਵਾਂ ਰੂਪ ਦਿਵਾਇਆ ।ਉਹ ਰੋਪੜ ਦੇ ਇਲਾਕੇ ਵਿੱਚ ਇੱਕ ਸਮਾਜ ਸੇਵਕ ਦੇ ਤੌਰ ਤੇ ਜਾਣੇ ਜਾਂਦੇ ਸਨ । ਉਨ੍ਹਾਂ ਨੇ ਜਿਲ੍ਹੇ ਦੇ ਉੱਚ ਅਧਿਕਾਰੀਆਂ ਨਾਲ ਵਧੀਆ ਸਬੰਧ ਬਣਾਏ ਹੋਏ ਸਨ ।ਨਿਯਮਾਂ ਅਨੁਸਾਰ ਜਨਵਰੀ ੧੯੯੪ ਨੂੰ ਸੇਵਾ ਮੁਕਤ ਹੋਣ ਤੋਂ ਪਹਿਲਾਂ ਉਨ੍ਹਾਂ ਦੀ ਕਾਬਲੀਅਤ ਦੇਖਦੇ ਹੋਏ ਉਨ੍ਹਾਂ ਨੂੰ ਜਿਲ੍ਹਾ ਰੈਡ ਕਰਾਸ ਸੋਸਾਇਟੀ ਰੋਪੜ ਦੇ ਸਕੱਤਰ ਦੀ ਨਿਯੁਕਤੀ ਮਿਲ ਗਈ ।ਇਥੇ ਉਨ੍ਹਾਂ ਨੇ ਸੰਨ ੨੦੦੩ ਤੱਕ ਲੋੜਵੰਦਾਂ ਦੀ ਹਰ ਸੰਭਵ ਮਦਦ ਕੀਤੀ ।ਨਸ਼ਾ ਛਡਾਊ ਮੁਹਿੰਮ ਤਹਿਤ ਉਹ ਪੁਲਿਸ ਵਿਭਾਗ ਨਾਲ ਮਿਲ ਕੇ ਵੱਖ-ਵੱਖ ਪ੍ਰੋਗਰਾਮਾਂ 'ਚ ਲੈਕਚਰ ਦਿੰਦੇ ।ਵੂਮੈਨ ਸੈੱਲ ਵਲੋਂ ਔਰਤਾਂ ਦੇ ਮਸਲਿਆਂ ਨੂੰ ਸੁਲਝਾਉਣ ਵਾਲੇ ਬੋਰਡ ਦੇ ਉਹ ਹੁਣ ਤੱਕ ਮੈਂਬਰ ਰਹੇ ।ਸਮਾਜ ਸੁਧਾਰ ਵਿਸ਼ਿਆਂ ਉੱਪਰ ਭਾਸ਼ਣ ਦੇਣ ਲਈ ਸਮਾਜ ਸੇਵੀ ਸੰਸਥਾਵਾਂ ਦੇ ਸੱਦੇ ਉੱਪਰ ਜਾ ਲਈ ਤੱਤਪਰ ਰਹਿੰਦੇ । ਉਨ੍ਹਾਂ ਅੰਦਰ ਸਮਾਜ ਸੁਧਾਰ / ਸੇਵਾ ਦਾ ਜਨੂੰਨ ਸ਼ੁਰੂ ਤੋਂ ਹੀ ਭਰਿਆ ਹੋਇਆ ਸੀ ।ਉਨ੍ਹਾਂ ਨੇ ਆਪਣੇ ਮਿਸ਼ਨ ਨੂੰ ਸਮਰਪਿਤ ਹੋ ਕੇ ਏਨੇ ਵਧੀਆ ਕੰਮ ਕੀਤੇ ਜਿਸ ਸਦਕਾ ਉਨ੍ਹਾਂ ਨੇ ਰਾਸਟਰੀ , ਨੈਸਨਲ ਅਵਾਰਡ ਅਤੇ ਹੋਰ ਬਹੁਤ ਸਾਰੇ ਸਨਮਾਨ ਪ੍ਰਾਪਤ ਕੀਤੇ ਜਿਸ ਸਦਕਾ ਅੱਜ ਵੀ ਉਨ੍ਹਾਂ ਨੂੰ ਹਲਕੇ ਦੇ ਲੋਕ ਯਾਦ ਕਰਦੇ ਹਨ । ਉਨ੍ਹਾਂ ਦਾ ਜਨਮ ਸਵਃ ਸ੍ਰ. ਗੁਰਦਿੱਤ ਸਿੰਘ ਦੇ ਘਰ ਮਾਤਾ ਸਵਃ ਸਰਦਾਰਨੀ ਗੁਰਬਚਨ ਕੌਰ ਦੀ ਕੁੱਖੋਂ ੧ ਜਨਵਰੀ ੧੯੩੭ ਨੂੰ ਪਾਕਿਸਤਾਨ ਵਿਖੇ ਪਿੰਡ 'ਸੁੱਖਾ ਸਿੰਘ ਦਾ ਬਾੜਾ' (ਸੇਖੂਪੁਰਾ) ਵਿੱਚ ਹੋਇਆ ।ਪਰਿਵਾਰ ਨੇ ਸੰਤਾਲੀ ਦੇ ਉਜਾੜੇ ਦਾ ਸੰਤਾਪ ਭੋਗਦੇ ਹੋਏ ਹੁਸ਼ਿਆਰਪੁਰ ਦੇ ਪਿੰਡ ਨੰਗਲ ਵਾਦਾਂ ਵਿਖੇ ਪਹਿਲਾਂ ਰਹਿਣਾ ਸ਼ੁਰੂ ਕੀਤਾ ਫਿਰ ਬਾਅਦ 'ਚ ਪਿੰਡ ਦੰਦਰਾਲਾ ਢੀਂਡਸਾ ਜਿਲ੍ਹਾ ਪਟਿਆਲਾ ਦੇ ਨੰਬਰਦਾਰ ਸ੍ਰ. ਹਰੀ ਸਿੰਘ ਦੇ ਅਚਾਨਕ ਉਨ੍ਹਾਂ ਦੇ ਪਿਤਾ ਜੀ ਨੂੰ ਮਿਲਣ ਕਰਕੇ ਆਪਣੇ ਪਿੰਡ ਆਉਣ ਦੀ ਬੇਨਤੀ ਕੀਤੀ ਜੋ ਉਨ੍ਹਾਂ ਸਵੀਕਾਰ ਕੇ ਪਿੰਡ ਦੰਦਰਾਲਾ ਢੀਂਡਸਾ ਵਿਖੇ ਰਿਹਾਇਸ਼ ਕਰ ਲਈ । ਜੁਲਾਹਾ ਸਿੱਖ ਨਾਲ ਸਬੰਧਿਤ ਉਨ੍ਹਾਂ ਦੇ ਪਿਤਾ ਜੀ ਨੇ ਗਰੀਬੀ ਨੂੰ ਹੰਢਾਉਂਦਿਆਂ ਹੱਥ-ਖੱਡੀ ਦਾ ਕੰਮ ਕਰਕੇ ਆਪਣੇ ਬੱਚਿਆਂ ਦੀ ਸਲੀਕੇ ਨਾਲ ਪਰਵਰਿਸ਼ ਕਰਨ ਦੇ ਨਾਲ ਉਚੇਰੀ ਪੜ੍ਹਾਈ ਤੱਕ ਪੜ੍ਹਾਇਆ ਜਿਸ ਸਦਕਾ ਸ਼੍ਰ. ਸੁਖਦਰਸ਼ਨ ਸਿੰਘ ਨੇ ਕੁਝ ਕਲਾਸਾਂ ਪਾਕਿਸਤਾਨ 'ਚ ਪਾਸ ਕਰ ਕਰਕੇ ਮੈਟ੍ਰਿਕ ਏਧਰ ਆ ਕੇ ਚੰਗੇ ਨੰਬਰਾਂ 'ਚ ਪਾਸ ਕਰ ਲਈ ।ਉੱਚ ਅਹੁੱਦਾ ਪ੍ਰਾਪਤ ਕਰਕੇ ਉਨ੍ਹਾਂ ਪਿੰਡ ਅਤੇ ਮਾਪਿਆਂ ਦਾ ਨਾਂ ਉੱਚਾ ਕੀਤਾ ।ਸ੍ਰ. ਸੁਖਦਰਸ਼ਨ ਸਿੰਘ ਨੇ ਆਪਣੇ ਛੋਟੇ ਭਰਾ ਸੁਖਜੀਤ ਸਿੰਘ , ਪ੍ਰਿਤਪਾਲ ਸਿੰਘ ਅਤੇ ਭੈਣ ਸੁਖਵਿੰਦਰ ਕੌਰ ਦੀ ਹਮੇਸ਼ਾ ਹਰ ਸੰਭਵ ਮਦਦ ਕੀਤੀ । ਉਨ੍ਹਾਂ ਆਪਣੇ ਬੱਚਿਆਂ ਨੂੰ ਉਚੇਰੀ ਵਿੱਦਿਆ ਦੇ ਕੇ ਚੰਗੇ ਰੁਤਬੇ ਪ੍ਰਾਪਤ ਕਰਨ ਦੇ ਯੋਗ ਬਣਾਇਆ। ਉਨ੍ਹਾਂ ਦੀ ਵੱਡੀ ਬੇਟੀ ਡਾ. ਪਵਨਪ੍ਰੀਤ ਕੌਰ ਹੈਲਥ ਵਿਭਾਗ ਵਿੱਚ ਡਾਇਰੈਕਟਰ (ਪ੍ਰੋਕਿਉਰਮੈਂਟ / ਖਰੀਦ ) ਸੇਵਾਵਾਂ ਨਿਭਾ ਰਹੀ ਹੈ । ਬੇਟੀ ਡਾ. ਅਮਨਦੀਪ ਕੌਰ ਆਸਟ੍ਰੇਲੀਆ ਵਿਖੇ ਰਹਿ ਰਹੀ ਹੈ ਜਿਸ ਦਾ ਬੇਟਾ ਸਹਿਜਵੀਰ ਸਿੰਘ ਮੈਡੀਕਲ ਦੀ ਪੜ੍ਹਾਈ ਕਰ ਰਿਹਾ ਹੈ । ਬੇਟਾ ਇੰਜੀਃ ਗਗਨਦੀਪ ਸਿੰਘ ਵੀ ਆਸਟ੍ਰੇਲੀਆ ਵਿਖੇ ਰਹਿ ਰਿਹਾ ਹੈ ।ਪਿੰਡ ਦੰਦਰਾਲਾ ਢੀਂਡਸਾ ਦੇ ਭਲੇ ਲਈ ਉਹ ਹਮੇਸ਼ਾ ਸੋਚਦੇ ਰਹਿੰਦੇ ਸਨ । ਉਹ ਨਿਮਰਤਾ ਦੇ ਪੁੰਜ , ਮਿਹਨਤੀ , ਸਮਾਜ ਸੇਵਕ ਸਰਬੱਤ ਦਾ ਭਲਾ ਸੋਚਣ ਵਾਲੇ ਨੇਕ ਇਨਸਾਨ ਸਨ ।ਪਿਛਲੇ ਦਿਨੀਂ ਸੰਖੇਪ ਜਿਹੀ ਬਿਮਾਰੀ ਕਾਰਨ ਉਹ ਇਸ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਏ ।ਬਹੁਤ ਸਾਰੇ ਉਨ੍ਹਾਂ ਦੀ ਸੋਚ ਵਾਲੇ ਕੰਮ ਅਧੂਰੇ ਰਹਿਣ ਕਾਰਨ ਸਮਾਜ ਅਤੇ ਪਰਿਵਾਰ ਨੂੰ ਬਹੁਤ ਘਾਟਾ ਪਿਆ ਹੈ ।ਉਨ੍ਹਾਂ ਦੀ ਨਮਿੱਤ ਅੰਤਿਮ ਅਰਦਾਸ ਗੁਰੂਦੁਆਰਾ ਸਿੰਘ ਸਭਾ , ਬੇਲਾ ਚੌਂਕ ਰੋਪੜ ਵਿਖੇ ੭ ਜੂਨ ੨੦੨੪ ਦਿਨ ਸੁਕਰਵਾਰ ਨੂੰ ਦੁਪਿਹਰ ਬਾਅਦ ੧੨ ਵਜੇ ਤੋਂ ੧ ਵਜੇ ਤੱਕ ਹੋਵੇਗੀ । ਪ੍ਰਮਾਤਮਾ ਪਰਿਵਾਰ ਦੀ ਫੁੱਲਵਾੜੀ ਨੂੰ ਹਮੇਸ਼ਾ ਚੜ੍ਹਦੀਕਲਾ ਤੰਦਰੁਸਤੀਆਂ ਬਖਸ਼ਣ ।

# ਪੰਜਾਬੀ ਲੋਕ ਜੀਵਨ ਵਿੱਚ ਘੜਾ



ਡਾ. ਪ੍ਰਿਤਪਾਲ ਸਿੰਘ ਮਹਿਰੋਕ
98885 -10185

ਮਨੁੱਖ ਦੀ ਘੜੇ ਨਾਲ ਬਹੁਤ ਪੁਰਾਣੀ ਸਾਂਝ ਹੈ।ਇਸ ਸਾਂਝ ਦੇ ਮੁੱਢ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਕਿ ਇਹ ਕਦੋਂ ਤੋਂ ਜੁੜੀ ਚਲੀ ਆ ਰਹੀ ਹੈ। ਇਸ ਸਾਂਝ ਦੀ ਪੁਰਾਤਨਤਾ ਤੇ ਇਸਦੇ ਪਿਛੋਕੜ ਬਾਰੇ ਵੀ ਕੋਈ ਅਨੁਮਾਨ ਲਗਾਉਣਾ ਕਠਿਨ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਘੜਾ ਮਨੁੱਖ ਵੱਲੋਂ ਸਿਰਜੀ ਗਈ ਮਹੱਤਵਪੂਰਨ ਵਸਤੂ ਹੈ। ਘੜੇ ਦੀ ਸਿਰਜਣਾ ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚੋਂ ਕੁਝ ਅਹਿਮ ਲੋੜਾਂ ਦੀ ਪੂਰਤੀ ਕਰਨ ਲਈ ਇਕ ਸੰਦ ਵਜੋਂ ਕੀਤੀ ਗਈ ਹੋਵੇਗੀ। ਘੜੇ ਦਾ ਮਨੁੱਖੀ ਸਮਾਜ ਤੇ ਲੋਕ ਸੱਭਿਆਚਾਰ ਵਿਚ ਇਸ ਹੱਦ ਤੱਕ ਮਹੱਤਵ ਪਾਇਆ ਜਾਂਦਾ ਹੈ ਕਿ ਉਹ ਮਹਿਜ਼ ਇਕ ਵਸਤੂ ਨਾ ਰਹਿ ਕੇ ਆਪਣੀ ਕਾਇਆ ਅੰਦਰ, ਆਪਣੀ ਰੂਪ ਬਣਤਰ ਅੰਦਰ, ਆਪਣੇ ਵਜੂਦ ਅੰਦਰ ਤੇ ਆਪਣੇ ਗੁਣਾਂ ਆਦਿ ਸਦਕਾ ਬਹੁਤ ਡੂੰਘੇ ਅਰਥ ਗ੍ਰਹਿਣ ਕਰ ਜਾਂਦਾ ਹੈ। ਇਸੇ ਲਈ ਮਨੁੱਖ ਉਸ ਨੂੰ ਬਹੁਅਰਥੀ ਪ੍ਰਤੀਕ ਦੇ ਤੌਰ 'ਤੇ ਸਵੀਕਾਰ ਕਰਦਾ ਆਇਆ ਹੈ।

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ ÷ ਮਿੱਟੀ ਦੇ ਸਾਧਾਰਨ ਜਿਹੇ ਘੜੇ ਨਾਲ ਪੰਜਾਬੀਆਂ ਦੀ ਵੰਨ-ਸੁਵੰਨੀ ਸੱਭਿਆਚਾਰਕ ਪਛਾਣ ਤੇ ਲੋਕਧਾਰਾ ਜੁੜੀ ਹੋਈ ਹੈ। ਵਿਆਹ ਦੇ ਸਮੇਂ ਜਦੋਂ ਕੰਨਿਆ ਨੂੰ ਛੰਦੜੀਆਂ 'ਤੇ ਬਿਠਾਇਆ ਜਾਂਦਾ ਹੈ ਤਾਂ ਉਸ ਕੋਲ ਤਿੰਨ ਘੜੋਲੀਆਂ ਰੱਖੀਆਂ ਜਾਂਦੀਆਂ ਹਨ। ਵਿਆਹ ਨਾਲ ਸਬੰਧਤ ਕੁਝ ਹੋਰ ਗੀਤਾਂ-ਰਸਮਾਂ ਜਿਹਾ ਕਿ ਘੜੋਲੀ ਭਰਨੀ, ਘੜਾ-ਘੜੋਲੀ ਖੇਡਣਾ ਆਦਿ ਵੇਲੇ ਘੜੇ ਤੇ ਜਲ ਦਾ ਹੀ ਸ਼ਗਨ ਕੀਤਾ ਜਾਂਦਾ ਹੈ। ਪੰਜਾਬੀ ਲੋਕਧਾਰਾ ਵਿਚ ਘੜਾ ਜੀਵ ਦੇ ਸਰੀਰ ਦਾ ਬੋਧ ਵੀ ਕਰਵਾਉਂਦਾ ਹੈ, ਟੁੱਟਾ ਘੜਾ ਕਾਲ ਦਾ ਚਿੰਨ੍ਹ ਹੈ।÷( ਪੰਜਾਬੀ ਲੋਕਧਾਰਾ ਵਿਸ਼ਵਕੋਸ਼,ਪੰਨਾ1277 )।ਪੋ. ਜਲੌਰ ਸਿੰਘ ਖੀਵਾ ਅਨੁਸਾਰ-÷ ਸਾਧਾਰਨ ਅਰਥਾਂ ਵਿੱਚ ਘੜਾ ਮਿੱਟੀ ਤੋਂ ਤਿਆਰ ਕੀਤਾ ਹੋਇਆ ਅਜਿਹਾ ਭਾਂਡਾ ਹੈ ਜਿਸਦੀ ਵਿਹਾਰਕ ਵਰਤੋਂ ਰਸੋਈ ਨਾਲ ਸਬੰਧਿਤ ਹੈ, ਪਰ ਕਲਾਤਮਿਕ ਤੇ ਦਾਰਸ਼ਨਿਕ ਪੱਖੋਂ @ਘੜਾ@ ਸ਼ਬਦ ਦੇ ਅਰਥ ਬਹੁਤ ਉਚੇਰੇ ਤੇ ਡੂੰਘੇਰੇ ਹਨ।ਕਲਾਤਮਿਕ ਪੱਖੋਂ ਇਹ ਕਿਸੇ ਕੁੰਭਕਾਰ ਦੀ ਸਿਰਜਣਾਤਮਿਕ ਤੇ ਸੁਹਜਾਤਮਿਕ ਸੂਝ ਦਾ ਕ੍ਰਿਸ਼ਮਾ ਹੈ।÷ ਘੜਾ ਅਤੇ ਘੜੇ ਦਾ ਪਾਣੀ ਬਹੁਤੀਆਂ ਹਾਲਤਾਂ ਵਿਚ ਬੇਸ਼ੱਕ ਹੁਣ ਸਮਾਜ ਦੇ ਕੁਝ ਹਿੱਸੇ ਦੇ ਜੀਵਨ ਦਾ ਭਾਗ ਨਹੀਂ ਰਿਹਾ, ਫਿਰ ਵੀ ਘੜੇ ਦਾ ਮਹੱਤਵ ਇਸ ਸਮਾਜ ਅਤੇ ਸੱਭਿਆਚਾਰ ਦੇ ਚੇਤਿਆਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਵਸਿਆ ਹੋਇਆ ਹੈ। ਘੜੇ ਦੇ ਪਰਿਵਾਰ ਵਿਚ ਮਟਕਾ, ਮੱਟੀ, ਝਾਰੀ, ਘੜੋਲੀ, ਮੱਟ, ਸੁਰਾਹੀ, ਘੜੀ, ਮੱਘੀ, ਝੱਜਰ, ਝੱਕਰਾ, ਚਾਟੀ, ਤੌੜੀ, ਕੁੱਜਾ, ਕੁੱਜੀ ਆਦਿ ਵੀ ਪਾਣੀ ਰੱਖਣ/ ਸਾਂਭਣ ਵਾਲੇ ਮਿੱਟੀ ਦੇ ਬਰਤਨ ਹਨ। ਇਨ੍ਹਾਂ ਵਿਚੋਂ ਕਈ ਬਰਤਨਾਂ ਵਿਚ ਕੋਈ ਜਿਣਸ ਪਾ ਕੇ ਵੀ ਰੱਖ ਲਈ ਜਾਂਦੀ ਹੈ। ਘੜੇ ਦੇ ਬੋਲ-ਬਾਲੇ ਦਾ ਜ਼ਮਾਨਾ ਬੀਤ ਚੁੱਕਿਆ ਹੈ, ਪਰ ਘੜਾ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਬਣਿਆ ਚਲਿਆ ਆ ਰਿਹਾ ਹੈ। ਪੰਜਾਬ ਦੀਆਂ ਲੋਕ ਗਾਥਾਵਾਂ ਵਿਚ ਘੜੇ ਦਾ ਜ਼ਿਕਰ ਕਿਸੇ ਨਾ ਕਿਸੇ ਰੂਪ ਵਿਚ ਹੁੰਦਾ ਆਇਆ ਹੈ। ਸੋਹਣੀ ਮਹੀਂਵਾਲ ਦੇ ਕਿੱਸੇ ਵਿਚ ਘੜਾ ਇਕ ਪਾਤਰ ਵਜੋਂ ਪੇਸ਼ ਹੋਇਆ ਕਿਆਸਿਆ ਜਾਂਦਾ ਹੈ। ਕੱਚਾ ਘੜਾ ਆਪਣੇ ਨਾਲ ਡੂੰਘੇ ਅਰਥ ਜੋੜੀ ਬੈਠਾ ਹੈ।

* ਘੜਿਆ ਵੇ ਮਿੱਟੀ ਦਿਆ ਘੜਿਆ  
ਤੂੰ ਚੜ੍ਹਿਆ ਢਾਕ ਮਹਿਬੂਬ ਦੀ ਕਿਹੜੀ ਆਸੇ ?  
* ਘੜਾ ਵੱਜਦਾ ਘੜੋਲੀ ਵੱਜਦੀ  
ਕਿਤੇ ਗਾਗਰ ਵੱਜਦੀ ਸੁਣ ਮੁੰਡਿਆ  
* ਮੈਨੂੰ ਪਾਰ ਲੰਘਾ ਦੇ ਵੇ  
ਘੜਿਆ ਮਿੰਨਤਾਂ ਤੇਰੀਆਂ ਕਰਦੀ  
* ਨਦੀ ਆਰ ਸੋਹਣੀਏਂ  
ਨਦੀ ਪਾਰ ਸੋਹਣੀਏਂ  
ਘੜਾ ਚੁੱਕ ਲੈ ਦੰਦਾਂ ਦੇ  
ਭਾਰ ਸੋਹਣੀਏਂ।  
*ਥਾਲੀ ਉੱਤੇ ਥਾਲੀ, ਥਾਲੀ ਉੱਤੇ ਛੰਨਾ  
ਘੜਾ ਦੰਦਾਂ ਨਾਲ ਚੁੱਕੇਂ  
ਤੈਨੂੰ ਤਾਂ ਮਜਾਜਣ ਮੰਨਾ...

ਪੰਜਾਬੀ ਸੱਭਿਆਚਾਰ ਵਿਚ ਘੜਾ ਅਜਿਹੇ ਪ੍ਰਤੀਕ ਵਜੋਂ ਪੇਸ਼ ਹੁੰਦਾ ਆਇਆ ਹੈ, ਜਿਸ ਤੋਂ ਕਈ ਤਰ੍ਹਾਂ ਦੇ ਅਰਥਾਂ ਦਾ ਸੂਚਕ ਬਣ ਕੇ ਪ੍ਰਗਟ ਹੁੰਦਾ ਹੈ। ਘੜਾ ਮਨੁੱਖ ਨੂੰ ਆਪਣੀ ਮਿੱਟੀ ਦੀ ਅਵਸਥਾ ਤੋਂ ਲੈ ਕੇ ਟੁੱਟਣ ਤਕ ਵਿਭਿੰਨ ਅਰਥਾਂ ਦਾ ਬੋਧਕ ਬਣਦਾ ਹੈ।

ਘੜਾ ਮਨੁੱਖ ਨੂੰ ਸੱਚੀ-ਸੁੱਚੀ ਜੀਵਨ ਜਾਚ ਨਾਲ ਜੁੜਨ ਦਾ ਸੰਕੇਤ ਦਿੰਦਾ ਹੈ। ਜੀਵਨ ਦੀ ਹਰੇਕ ਸਥਿਤੀ ਵਿਚ ਵਿਸ਼ੇਸ਼ ਕਰਕੇ ਦੁੱਖਾਂ ਦੇ ਸਮੇਂ ਕਸ਼ਟਦਾਇਕ ਸਥਿਤੀ ਵਿਚ ਵੀ ਹੌਸਲਾ ਨਾ ਹਾਰਨ ਦਾ ਸੰਦੇਸ਼ ਦਿੰਦਾ ਹੈ। ਮਨੁੱਖਾ ਜੀਵਨ ਵੀ ਤਾਂ ਘੜੇ ਦੀ ਨਿਆਈਂ ਹੈ। ਘੜੇ ਵਾਂਗ ਮਨੁੱਖ ਵੀ ਤਪਦਾ ਹੈ, ਘੜੇ ਵਾਂਗ ਮਨੁੱਖੀ ਸਰੀਰ ਵੀ ਨਾਸ਼ਵਾਨ ਹੈ। ਮਨੁੱਖ ਦੀ ਅੰਤਿਮ ਯਾਤਰਾ ਸਮੇਂ ਵੀ ਘੜਾ ਮਨੁੱਖ ਦਾ ਸਾਥ ਨਿਭਾਉਂਦਾ ਹੈ। ਘੜਾ ਭੰਨ੍ਹਣ ਦੀ ਰਸਮ ਮਨੁੱਖੀ ਸਰੀਰ ਦੀ ਨਾਸ਼ਵਾਨਤਾ ਦੀ ਪ੍ਰਤੀਕ ਹੁੰਦੀ ਹੈ। ਕੱਚੇ ਘੜੇ ਨੇ ਸੋਹਣੀ ਨੂੰ ਅਮਰ ਬਣਾ ਦਿੱਤਾ ਹੈ। ਕੱਚਾ ਘੜਾ ਮਨੁੱਖ ਨੂੰ ਕਿਸੇ ਵਾਸਤੇ ਕੁਰਬਾਨੀ ਕਰਨ, ਨੇਕੀ ਕਮਾਉਣ, ਕਿਸੇ ਦੇ ਕੰਮ ਆਉਣ, ਕੀਤੇ ਹੋਏ ਕੌਲ-ਕਰਾਰ ਨੂੰ ਨਿਭਾਉਣ ਦਾ ਪ੍ਰਤੀਕ ਬਣਦਾ ਹੈ। ਕੱਚਾ ਘੜਾ ਦਗ਼ਾ ਕਮਾਉਣ, ਧੋਖਾ ਦੇਣ ਦਾ ਪ੍ਰਤੀਕ ਬਣ ਕੇ ਵੀ ਉੱਭਰਦਾ ਹੈ।

ਪਛਵਾੜੇ ਖੂਹ ਮਾਹੀਆ  
ਘੜਾ ਸਾਡਾ ਡੁੱਬਦਾ ਨਹੀਓਂ  
ਸਾਡਾ ਤਰਸਦਾ ਰੂਹ ਮਾਹੀਆ...

ਪੰਜਾਬ ਦੀਆਂ ਕਈ ਲੋਕ ਕਹਾਣੀਆਂ ਵਿਚ ਘੜਾ ਮਹੱਤਵਪੂਰਨ ਤੇ ਉਪਯੋਗੀ ਵਸਤੂ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਸਮਾਜ ਅਤੇ ਲੋਕ ਸਾਹਿਤ ਵਿਚ ਮਿੱਟੀ, ਘੜਾ, ਕੱਚਾ ਘੜਾ, ਤਿੜਕਿਆ ਘੜਾ, ਟੁੱਟਿਆ ਘੜਾ ਵਿਭਿੰਨ ਤਰ੍ਹਾਂ ਦੇ ਪ੍ਰਤੀਕਾਂ ਵਜੋਂ ਜਾਣਿਆ ਜਾਂਦਾ ਹੈ।

ਘੜਿਆਂ ਵਿਚ ਭਰ ਕੇ ਰੱਖੇ ਪਾਣੀ ਨੂੰ ਪੀਣ ਵਾਲੇ ਸਮੇਂ ਹੁਣ ਬੀਤੇ ਦੀ ਬਾਤ ਬਣ ਕੇ ਰਹਿ ਗਏ ਹਨ। ਪਿਛਲੇ ਕੁਝ ਸਾਲਾਂ ਤੋਂ ਮਿੱਟੀ ਦੇ ਭਾਂਡਿਆਂ ਦੀ ਵਰਤੋਂ ਕਰਨ ਵੱਲ ਲੋਕਾਂ ਦਾ ਰੁਝਾਨ ਮੁੜ ਵਧ ਰਿਹਾ ਹੈ। ਫਰਿੱਜ ਦੇ ਪਾਣੀ ਦੀ ਥਾਂ 'ਤੇ ਕੁਝ ਲੋਕ ਮਿੱਟੀ ਦੇ ਘੜੇ ਦਾ ਪਾਣੀ ਪੀਣ ਨੂੰ ਤਰਜੀਹ ਦੇਣ ਲੱਗੇ ਹਨ। ਕਈਆਂ ਨੂੰ ਡਾਕਟਰ ਮਿੱਟੀ ਦੇ ਘੜੇ ਦਾ ਪਾਣੀ ਪੀਣ ਦੀ ਸਲਾਹ ਦੇਣ ਲੱਗੇ ਹਨ। ਕਹਿੰਦੇ ਹਨ ਘੜੇ ਦਾ ਪਾਣੀ ਸਿਹਤ ਲਈ ਗੁਣਕਾਰੀ ਹੁੰਦਾ ਹੈ। ਵਿਗਿਆਨੀਆਂ ਅਨੁਸਾਰ ਜਦੋਂ ਮਿੱਟੀ ਪਾਣੀ ਦੇ ਸੰਪਰਕ ਵਿਚ ਆਉਂਦੀ ਹੈ ਤਾਂ ਪ੍ਰਦੂਸ਼ਿਤ ਪਾਣੀ ਵਿਚਲੇ ਨਾਇਟਰੇਟ ਅੰਸ਼ ਵੱਖ ਹੋ ਜਾਂਦੇ ਹਨ। ਇਹ ਕੁਦਰਤੀ ਕਿਰਿਆ ਸਿਰਫ਼ ਘੜੇ ਦੇ ਪਾਣੀ ਵਿਚ ਹੀ ਹੁੰਦੀ ਹੈ। ਇਸ ਪੱਖ ਤੋਂ ਘੜੇ ਦਾ ਪਾਣੀ ਪੀਣ ਵਾਸਤੇ ਸ਼ੁੱਧ ਸਮਝਿਆ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਘੜੇ ਦੇ ਪਾਣੀ ਦੀ ਲਗਾਤਾਰ ਵਰਤੋਂ ਕਰਨ ਨਾਲ ਸਰੀਰ ਵਿਚ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵਿਚ ਵਾਧਾ ਹੁੰਦਾ ਹੈ। ਘੜੇ ਦਾ ਪਾਣੀ ਪੀਣ ਨਾਲ ਪਾਚਣ ਪ੍ਰਣਾਲੀ ਵੀ ਠੀਕ ਤੇ ਚੁਸਤ-ਦਰੁਸਤ ਰਹਿੰਦੀ ਹੈ। ਘੜੇ ਦਾ ਪਾਣੀ ਗਲੇ 'ਤੇ ਮਾੜਾ ਪ੍ਰਭਾਵ ਨਹੀਂ ਪਾਉਂਦਾ। ਘੜੇ ਦਾ ਪਾਣੀ ਕੁਦਰਤੀ ਤੌਰ 'ਤੇ ਠੰਢਾ ਹੁੰਦਾ ਹੈ ਤੇ ਕੁਦਰਤੀ ਗੁਣਾਂ ਨਾਲ ਭਰਪੂਰ ਹੁੰਦਾ ਹੈ। ਸਮੇਂ ਦਾ ਗੇੜ ਅਤੇ ਵਕਤ ਦੀਆਂ ਲੋੜਾਂ ਕਾਰਨ ਹੁਣ ਮਿੱਟੀ ਦੇ ਭਾਂਡਿਆਂ ਦੀ ਥਾਂ 'ਤੇ ਰਸੋਈ ਵਿਚ ਸਟੀਲ, ਪਿੱਤਲ, ਨੌਨ-ਸਟਿੱਕ, ਅਲੂਮੀਨੀਅਮ ਤੇ ਹੋਰ ਧਾਤਾਂ ਦੇ ਬਰਤਨਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਬਜ਼ੁਰਗਾਂ ਅਨੁਸਾਰ ਮਿੱਟੀ ਦੇ ਭਾਂਡੇ ਵਿਚ ਜਮਾਏ ਗਏ ਦਹੀਂ ਨੂੰ ਗੁਣਾਂ ਦੇ ਹਿਸਾਬ ਨਾਲ ਬਿਹਤਰ ਸਮਝਿਆ ਜਾਂਦਾ ਹੈ। ਵੇਖਣ ਵਿਚ ਆਉਂਦਾ ਹੈ ਕਿ ਲੋਕ ਜੀਵਨ ਤੇ ਲੋਕ ਸਾਹਿਤ ਵਿਚ ਘੜੇ ਬਣਾਉਣ ਵਾਲੇ ਕਾਰੀਗਰ ਨੂੰ ਬਹੁਤ ਉੱਚਾ ਦਰਜਾ ਦਿੱਤਾ ਗਿਆ ਹੈ। ਮਾਣ-ਸਤਿਕਾਰ ਵਜੋਂ ਉਸ ਨੂੰ ਸਿਰਜਕ ਕਿਹਾ ਜਾਂਦਾ ਹੈ। ਵਧੀਆ ਕਾਰੀਗਰ ਆਪਣੇ ਹੱਥੀਂ ਬਣਾਏ ਘੜਿਆਂ ਨੂੰ ਵੇਲ-ਬੂਟਿਆਂ, ਆਕ੍ਰਿਤੀਆਂ ਆਦਿ ਨਾਲ ਸਜਾਉਂਦੇ ਹਨ ਤੇ ਰੰਗਾਂ ਨਾਲ ਸ਼ਿੰਗਾਰਦੇ ਹਨ। ਹੁਣ ਘੜੇ ਤੇ ਮਿੱਟੀ ਦੇ ਹੋਰ ਬਰਤਨ ਬਣਾਉਣ ਵਾਲੇ ਕਾਰੀਗਰ ਘਟ ਰਹੇ ਹਨ। ਉਨ੍ਹਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਉਚਿੱਤ ਮੁੱਲ ਨਹੀਂ ਮਿਲਦਾ। ਇਸੇ ਕਰਕੇ ਹੀ ਇਸ ਪਿਤਾ-ਪੁਰਖੀ ਲੋਕ ਕਿੱਤੇ ਨੂੰ ਨਵੀਂ ਪੀੜ੍ਹੀ ਅਪਣਾਉਣ ਤੋਂ ਮੂੰਹ ਮੋੜ ਰਹੀ ਹੈ।

ਹੁਣ ਦੇ ਸਮਿਆਂ ਵਿਚ ਵੀ ਗਰਮੀ ਦੇ ਮੌਸਮ ਵਿਚ ਘੜਿਆਂ ਦੀ ਮੰਗ ਵਧ ਜਾਂਦੀ ਹੈ। ਭਾਵੇਂ ਕਿ ਕਾਰੀਗਰਾਂ ਨੇ ਮਿੱਟੀ ਦੇ ਵਾਟਰ ਕੂਲਰ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਘੜੇਨੁਮਾ ਵਾਟਰ ਕੂਲਰਾਂ ਵਿਚੋਂ ਪਾਣੀ ਦੀ ਨਿਕਾਸੀ ਲਈ ਅਗਲੇ ਪਾਸੇ ਇਕ ਟੂਟੀ ਲਗਾ ਦਿੱਤੀ ਗਈ ਹੈ। ਉਂਜ ਕਾਰੀਗਰਾਂ ਦੀ ਘਾਟ ਕਾਰਨ ਇਸ ਕਿੱਤੇ ਨੂੰ ਢਾਹ ਲੱਗੀ ਹੈ, ਪਰ ਪੰਜਾਬੀ ਲੋਕ ਗੀਤਾਂ ਵਿਚ ਘੜੇ ਦੀ ਗੱਲ ਕਿਸੇ ਨਾ ਕਿਸੇ ਪ੍ਰਸੰਗ ਵਿਚ ਹੁੰਦੀ ਰਹਿਣੀ ਹੈ:

*ਲੋਕਾਂ ਦੀਆਂ ਕੁੜੀਆਂ ਤਾਂ ਦੋ ਦੋ ਘੜੇ ਚੁੱਕਦੀਆਂ  
ਮੇਰਾ ਘੜਾ ਕਿਉਂ ਡੋਲਦਾ ਨੀਂ  
ਮੇਰਾ ਮਾਹੀ ਬੰਗਲੇ ਵਿਚ ਬੋਲਦਾ ਨੀਂ  
*ਘੜਾ,ਘੜੇ @ਤੇ ਮੱਘੀ ਵੇ ਜ਼ਾਲਮਾ  
ਦਿਲ ਵਿਚ ਰੱਖਦਾ ਏਂ ਠੱਗੀ ਵੇ ਜ਼ਾਲਮਾ...  
*ਖੂਹੇ @ਤੇ ਆ ਮਾਹੀਆ  
ਨਾਲੇ ਸਾਡੀ ਗੱਲ ਸੁਣ ਜਾ  
ਨਾਲੇ ਘੜਾ ਵੇ ਚੁਕਾ ਮਾਹੀਆ...

ਘੜੇ ਬਣਾਉਣ ਵਾਲੀ ਮਿੱਟੀ ਅਤੇ ਕਾਰੀਗਰਾਂ ਦੀ ਘਾਟ ਕਾਰਨ ਇਸ ਕਿੱਤੇ ਨੂੰ ਬਹੁਤ ਢਾਹ ਲੱਗੀ ਹੈ। ਫਿਰ ਵੀ ਖੇਤਾਂ ਵਿਚ ਕੰਮ ਕਰਨ ਵਾਲੇ ਕਿਸਾਨਾਂ,ਮਜਦੂਰਾਂ ਲਈ ਅਤੇ ਸਮਾਜ ਦੇ ਗਰੀਬ ਤੇ ਸਾਧਨ ਵਿਹੂਣੇ ਲੋਕਾਂ ਲਈ ਘੜਾ ਫਰਿੱਜ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਮਨੁੱਖੀ ਜੀਵਨ ਦੀ ਹੋਂਦ ਦਾ ਆਧਾਰ ਬਣਦੇ ਰਹੇ ਘੜੇ ਦਾ ਸਮਾਜਿਕ ਜੀਵਨ ਵਿੱਚ ਮਹੱਤਵ ਬੇਸ਼ੱਕ ਘਟ ਗਿਆ ਹੈ ਫਿਰ ਮਨੁੱਖ ਦੀ ਘੜੇ ਨਾਲ ਪੁਰਾਣੀ ਸਾਂਝ ਦੀ ਗੱਲ ਕਿਸੇ ਨਾ ਕਿਸੇ ਪ੍ਰਸੰਗ ਵਿਚ ਚੱਲਦੀ ਰਹਿਣੀ ਹੈ। ਘੜੇ ਨੇ ਮਨੁੱਖ ਦੇ ਚੇਤਿਆਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਵਸਦਿਆਂ ਰਹਿਣਾ ਹੈ। ਇਸੇ ਵਿੱਚ ਪੰਜਾਬੀ ਸੱਭਿਆਚਾਰ ਵਿੱਚ ਘੜੇ ਦੇ ਮਹੱਤਵ ਦਾ ਰਹੱਸ ਛੁਪਿਆ ਹੈ।

# ਲੋਕ ਸਭਾ ਚੋਣਾਂ ਦੌਰਾਨ ਪੰਜਾਬ ਅੰਦਰ ਕਿਸੇ ਵੀ ਸਿਆਸੀ ਧਿਰ ਦੇ ਏਜੰਡੇ ਤੇ ਨਹੀਂ ਸੀ ਆਮ ਲੋਕਾਂ ਦੇ ਮੁੱਦੇ

- ਪੰਜਾਬ ਅੰਦਰ ਲੰਘੇ ਸਮੇਂ ਚੋਣ ਮਾਹੌਲ ਆਪਣੀ ਪੂਰੀ ਚਰਮ ਸੀਮਾ ਤੇ ਪਹੁੰਚ ਕੇ ਸਮਪਤ ਚੁੱਕਿਆ ਹੈ ਤੇ ਨਤੀਜੇ ਆ ਗਏ ਹਨ । ਸਾਰੀਆਂ ਹੀ ਸਿਆਸੀ ਧਿਰਾਂ ਦੇ ਵੱਲੋਂ ਵੱਡੇ ਪੱਧਰ ਤੇ ਚੋਣ ਪ੍ਰਚਾਰ ਕਰਕੇ ਵੋਟਰਾਂ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਦਾ ਯਤਨ ਕੀਤਾ ਗਿਆ । ਲੋਕ ਸਭਾ ਦੀਆਂ ਚੋਣਾਂ ਹੋ ਰਹੀਆਂ ਸਨ ਲੋਕਾਂ ਨੇ ਆਪਣਾ ਪ੍ਰਧਾਨ ਮੰਤਰੀ ਚੁਣਨਾ ਸੀ ਪਰ ਹੈਰਾਨੀ ਦੀ ਗੱਲ ਹੈ ਕਿ ਕਿਸੇ ਵੀ ਸਰਕਾਰ ਦੇ ਕੋਲ ਜਾਂ ਕਿਸੇ ਵੀ ਸਿਆਸੀ ਧਿਰ ਦੇ ਕੋਲ ਆਮ ਲੋਕਾਂ ਦੇ ਮੁੱਦਿਆਂ ਦੀ ਕੋਈ ਗੱਲ ਵਿਖਾਈ ਨਹੀਂ ਦਿੰਦੇ ਸਿਰਫ ਤੇ ਸਿਰਫ ਸਿਆਸੀ ਲੋਕਾਂ ਨੂੰ ਨਿੰਦ ਕੇ ਚੋਣ ਪ੍ਰਚਾਰ ਕੀਤਾ ਜੋ ਬਹੁਤ ਹਾਸੋਹੀਣੀ ਗਲਤ ਗੱਲ ਹੈ । ਪੰਜਾਬ ਦੀ ਸਦਾ ਹੀ ਇਹ ਤ੍ਰਾਸਦੀ ਰਹੀ ਹੈ ਕਿ ਇੱਥੇ ਰਾਜ ਕਰਨ ਵਾਲੀ ਕਿਸੇ ਵੀ ਧਿਰ ਵੱਲੋਂ ਚੋਣਾਂ ਮੌਕੇ ਖੜੇ ਕੀਤੇ ਜਾਂਦੇ @ਵਾਅਦਿਆਂ ਤੇ ਦਾਅਵਿਆਂ ਦੇ ਮਹਿਲ@ ਬਾਅਦ ਵਿੱਚ ਰੇਤ ਦੇ ਢੇਰ ਵਾਂਗੂੰ ਕਿਰ ਜਾਂਦੇ ਹਨ ।



ਲੇਖਕ ਸ਼ਿੰਦਰ ਸਿੰਘ ਮੀਰਪੁਰੀ  
5592850841

? ਸਿਆਸੀ ਆਗੂਆਂ ਵੱਲੋਂ ਚੋਣਾਂ ਦੌਰਾਨ ਕੀਤੇ ਜਾਂਦੇ ਧੂਆਂਧਾਰ ਭਾਸਣਾਂ ਦੇ ਵਿੱਚ ਲੋਕ ਮੁੱਦਿਆਂ ਦੀ ਗੱਲ ਕਿਤੇ ਵੀ ਵਿਖਾਈ ਨਹੀਂ ਦਿੰਤੀ, ਸਿਰਫ ਇੱਕ ਦੂਜੇ ਉੱਤੇ ਦੂਸ਼ਣਬਾਜੀ ਦਾ ਚਿੱਕੜ ਉਛਾਲ ਕੇ ਸਮਾ ਲੰਘਾਉਣ ਨੂੰ ਪਹਿਲ ਦਿੱਤੀ ਜਾਂਦੀ ਹੈ । ਪਰ ਹੈਰਾਨੀਜਨਕ ਤੱਥ ਇਹ ਹੈ ਕਿ ਸਿਆਸੀ ਆਗੂਆਂ ਵੱਲੋਂ ਕੋਈ ਵੀ ਲੋਕ ਮੁੱਦਾ ਚੁੱਕਣ ਦੀ ਬਜਾਏ ਸਿਰਫ ਇੱਕ ਦੂਜੇ ਨੂੰ ਨਿੰਦ ਕੇ ਵੋਟਾਂ ਬਟੋਰਨ ਦੀ ਰਣਨੀਤੀ ਅਪਣਾਈ ਗਈ । ਉਸ ਤੋਂ ਬਾਅਦ ਵੀ ਇੱਕ ਪੱਖ ਅਹਿਮ ਇਹ ਵਿਚਾਰਨ ਵਾਲਾ ਹੈ ਕਿ ਨਾ ਤਾਂ ਨਸ਼ੇ ਦੀ ਕੋਈ ਖਾਸ ਗੱਲ ਕੀਤੀ ਹੈ ਨਾ ਹੀ ਭ੍ਰਿਸ਼ਟਾਚਾਰ ਸਬੰਧੀ ਲੋਕ ਮੁੱਦਿਆਂ ਉੱਤੇ ਧਿਆਨ ਖਿੱਚਿਆ ਜਾ ਰਿਹਾ ਹੈ ਅਤੇ ਨਾ ਹੀ ਪੰਜਾਬ ਦੀ ਨੌਜਵਾਨੀ ਜੋ ਬਾਹਰ ਨੂੰ ਜਾ ਰਹੀ ਹੈ ਉਸ ਸਬੰਧੀ ਕੋਈ ਗੱਲ ਕੀਤੀ । ਉਸ ਤੋਂ ਬਾਅਦ ਵੀ ਪੰਜਾਬ ਦੇ ਪਾਣੀ ਅਤੇ ਜਹਰੀਲੀ ਧਰਤੀ ਸਬੰਧੀ ਵੀ ਕੋਈ ਖਾਸ ਪ੍ਰਤੀਕਰਮ ਸਾਹਮਣੇ ਨਹੀਂ ਆ ਰਿਹਾ

ਪੰਜਾਬ ਦੇ 8 ਜ਼ਿਲ੍ਹਿਆਂ ਕਈ ਹਲਕਿਆਂ ਦਾ ਸੁਮੇਲ ਬੰਨੇ ਜਾਂਦੇ ਮਾਲਵੇ, ਮਾਝੇ ਤੇ ਦੋਆਬੇ ਦੇ ਇਤਿਹਾਸਿਕ ਜੌੜੇਪੁਲਾਂ ਦੀ ਖ਼ਸਤਾ ਹਾਲਤ ਤੋਂ ਇਲਾਵਾ ਉੱਥੇ ਲੱਗ ਰਹੇ ਜਾਮ ਦੇ ਕਾਰਨ ਰਾਹਗੀਰਾਂ ਦੀ ਜ਼ਿੰਦਗੀ ਦੁੱਭਰ ਬਣ ਚੁੱਕੀ ਨਜ਼ਰੀ ਪੈਂਦੀ ਹੈ । ਇਸ ਵਰਤਾਰੇ ਦਾ ਇੱਕ ਹੈਰਾਨੀਜਨਕ ਤੱਥ ਇਹ ਵੀ ਹੈ ਕਿ ਭਾਵੇਂ ਇਹ ਪੁਲ ਵੱਖ ਵੱਖ ਪਿੰਡਾਂ ਸ਼ਹਿਰਾਂ ਦੇ ਵਿੱਚ ਪੈਂਦੇ ਹਨ ਪਰ ਇਨ੍ਹਾਂ ਪੁਲਾਂ ਦੇ ਨਵ-ਨਿਰਮਾਣ ਸਬੰਧੀ ਚਾਰਾਜੋਈ ਲੋਕਾਂ ਵੱਲੋਂ ਅਪਣੇ ਪੱਧਰ ਤੇ ਕੀਤੀ ਜਾ ਰਹੀ ਹੈ ਸਰਕਾਰ ਵੱਲੋਂ ਨਹੀਂ । ਕਈ ਵਾਰ ਰਾਤ ਨੂੰ ਲੱਗੇ ਜਾਮ ਦੇ ਕਾਰਨ ਗੱਡੀਆਂ ਵਿੱਚ ਮਰੀਜ਼ਾਂ ਦੀ ਜ਼ਿੰਦਗੀ ਦਾਅ ਤੇ ਲੱਗੀ ਰਹਿੰਦੀ ਹੈ । ਬੀਤੇ ਦਿਨੀਂ ਜਾਮ ਵਿਚ ਬਜ਼ੁਰਗ ਮਰੀਜ਼ ਤੇ ਬੱਚੇ ਤੜਫਦੇ ਰਹੇ ਤੇ ਸਰਕਾਰ ਨੂੰ ਕੋਸਦੇ ਰਹੇ । ਗੱਡੀ ਵਿੱਚ ਵਿਲਕ ਰਹੇ ਬਜ਼ੁਰਗਾਂ ਦੀਆਂ ਕੂਕਾਂ ਸੱਤਾਧਾਰੀ ਲੋਕਾਂ ਦੇ ਬੋਲ਼ੇ ਕੰਨਾਂ ਨੂੰ ਪਾੜ ਰਹੀਆਂ ਸਨ । ਬੇਰੁਜ਼ਗਾਰੀ ਦਾ ਮੁੱਦਾ ਬਹੁਤ ਵੱਡਾ ਹੈ ਪੰਜਾਬ ਦਾ ਲੱਖਾਂ ਨੌਜਵਾਨ ਬੇਰੁਜ਼ਗਾਰ ਹੈ ।

ਟਰੈਫਿਕ ਦੀ ਗੱਲ ਕਰੀਏ ਤਾਂ ਇਹ ਕਹਾਣੀ ਕੋਈ ਇੱਕ ਦਿਨ ਦੀ ਨਹੀਂ, ਕਈ ਵਾਰ ਤਾਂ ਦਿਨ ਵਿੱਚ ਵੀ ਜਾਮ ਲੱਗਣ ਕਾਰਨ ਸਥਿਤੀ ਬੇਹੱਦ ਗੰਭੀਰ ਹੋ ਜਾਂਦੀ ਹੈ । ਆਏ ਦਿਨ ਇਹਨਾਂ ਪੁਲਾਂ ਉੱਪਰ ਦੀ ਸੱਤਾਧਾਰੀ ਧਿਰ ਦੇ ਵਿਧਾਇਕ ਤੇ ਮੰਤਰੀ ਗੁਜਰਦੇ ਰਹਿੰਦੇ ਹਨ ਤੇ ਹੁਣ ਚੋਣਾਂ ਦੌਰਾਨ ਵੀ ਉਮੀਦਵਾਰਾਂ ਦੇ ਨਾਲ ਮੰਤਰੀਆਂ-ਸੰਤਰੀਆਂ ਦੀਆਂ ਗੱਡੀਆਂ ਦੇ ਕਾਫਲੇ ਦੀ ਗੂੰਜ ਚਿੰਤਕ ਲੋਕਾਂ ਦੇ ਸੀਨੇ ਖੰਜਰ ਵਾਂਗ ਚੁਭੇਗੀ ਪਰ ਸ਼ਾਇਦ ਹੀ ਕਿਸੇ ਉਮੀਦਵਾਰ ਨੂੰ ਇਹਨਾਂ ਪੁਲਾਂ ਤੇ ਤਰਸ ਆਵੇ । ਸਿਤਮ ਭਰੀ ਗੱਲ ਇਹ ਹੈ ਕਿ ਕਿਸੇ ਵੀ ਸਿਆਸੀ ਆਗੂ ਵੱਲੋਂ ਆਪਣੇ ਭਾਸਣ ਦੌਰਾਨ ਇਹਨਾਂ ਪੁਲਾਂ ਦਾ ਜ਼ਿਕਰ ਤੱਕ ਨਹੀਂ ਕੀਤਾ ਜਾਂਦਾ । ਆਮ ਲੋਕਾਂ ਨੂੰ ਆਸ ਹੁੰਦੀ ਹੈ ਕਿ ਚਲੋ ਚੋਣਾਂ ਦੇ ਦਿਨ ਹੋਣ ਕਰਕੇ ਸਿਆਸੀ ਆਗੂ ਉਹਨਾਂ ਦੇ ਨਾਲ ਕੋਈ ਵਾਅਦਾ ਕਰਕੇ ਜਾਣਗੇ ਤੇ ਉਸ ਨੂੰ ਪੂਰ ਚੜ੍ਹਾਉਣਗੇ ਪਰ ਇੱਥੇ ਤਾਂ ਕੋਈ ਵੀ ਸਿਆਸੀ ਆਗੂ ਜੌੜੇਪੁਲਾਂ ਸਬੰਧੀ ਵਾਅਦਾ ਕਰਨ ਨੂੰ ਵੀ ਤਿਆਰ ਨਹੀਂ ।

?? ਸਮੇਂ ਦੀ ਸਿਤਮ ਜਰੀਫੀ ਦੇਖੋ ਕਿ ਧਰਤੀ ਹੇਠਲਾ ਪਾਣੀ ਬੇਹੱਦ ਡੂੰਘਾ ਜਾ ਰਿਹਾ ਹੈ । ਭ੍ਰਿਸ਼ਟਾਚਾਰ ਹੱਦਾਂ ਬੰਨੇ ਟੱਪ ਚੁੱਕਿਆ ਹੈ ਨਸ਼ੇ ਨਾਲ ਪੰਜਾਬ ਦੀ ਨੌਜਵਾਨੀ ਮੌਤ ਦੇ ਮੂੰਹ ਵਿੱਚ ਜਾ ਰਹੀ ਹੈ । ਆਮ ਲੋਕਾਂ ਵੱਲੋਂ ਦਰਖਤ ਫੂਕੇ ਜਾ ਰਹੇ ਹਨ ਜੀਵ ਜੰਤੂ ਮੱਚ ਰਹੇ ਹਨ ਅੰਬਰ ਤੇ ਧਰਤੀ ਉੱਤੇ ਅੱਗ ਵਰ ਰਹੀ ਹੈ ।ਪਰ ਸਰਕਾਰ ਦਾ ਕਿਸੇ ਵੱਲ ਵੀ ਕੋਈ ਧਿਆਨ ਨਹੀਂ ਹੈ ਉਹਨਾਂ ਨੂੰ ਸਿਰਫ ਵੋਟਾਂ ਬਟੋਰ ਕੇ ਕੁਰਸੀ ਚਾਹੀਦੀ ਹੈ ਉਸ ਤੋਂ ਇਲਾਵਾ ਕੁਝ ਵੀ । ਰਾਜਨੀਤਕ ਲੋਕ ਇਹਨਾਂ ਪੁਲਾਂ ਨੂੰ ਆਪਣੀ ਸੋਚ ਦੇ ਵਿੱਚੋਂ ਮਨਫੀ ਕਰ ਚੁੱਕੇ ਹੋਣ ਤੇ ਉਡੀਕ ਰਹੇ ਹੋਣ ਉਹਨਾਂ @ਗਮਗੀਨ ਪਲਾਂ@ ਨੂੰ ਕਿ ਜੇਕਰ ਇਹਨਾਂ ਪੁਲਾਂ ਦੇ ਉੱਤੋਂ ਦੀ ਲੰਘਣ ਸਮੇਂ ਕਿਸੇ ਦੇ ਪਰਿਵਾਰਕ ਜੀਅ ਦਾ ਨੁਕਸਾਨ ਹੋ ਗਿਆ ਤਾਂ ਉਹ ਉਨ੍ਹਾਂ ਦੇ ਪਰਿਵਾਰ ਕੋਲ ਅਫ਼ਸੋਸ ਕਰਨ ਜਰੂਰ ਜਾਣਗੇ ਤੇ ਮਗਰਮੱਛ ਦੇ ਹੰਝੂ ਕੇਰਨਗੇ ।

# ਹੈਲੋ ! ਮੈਂ ਕਨੇਡਾ ਤੋਂ ਬੋਲਦਾਂ...ਪਛਾਣਿਆ ਨੀਂ..

## (ਸਾਵਧਾਨ ! ਇਸ ਤਰ੍ਹਾਂ ਦੀ ਫੋਨ ਕਾਲ ਤੁਹਾਨੂੰ ਵੀ ਆ ਚੁੱਕੀ ਹੋਵੇਗੀ ਜਾਂ ਫਿਰ ਆਉਣ ਵਾਲੀ ਹੈ)



ਪਿਛਲੇ ਸਾਲਾਂ ਤੋਂ ਕਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜੀਲੈਂਡ ਵਰਗੇ ਮੁਲਕਾਂ ਵਿੱਚ ਪੰਜਾਬੀਆਂ ਦਾ ਪਰਵਾਸ ਇਨ੍ਹਾਂ ਵਧਿਆ ਹੈ ਕਿ ਹਰ ਇੱਕ ਪੰਜਾਬੀ ਦੇ ਜਾਣਕਾਰ,ਰਿਸਤੇਦਾਰਾਂ,ਦੋਸਤਾਂ ਵਿੱਚੋਂ ਕੋਈ ਨਾ ਕੋਈ ਇਨ੍ਹਾਂ ਮੁਲਕਾਂ ਵਿੱਚ ਜਰੂਰ ਗਿਆ ਹੋਇਆ ਹੈ। ਇਨ੍ਹਾਂ ਵਿੱਚੋਂ ਕਨੇਡਾ ਵਿੱਚ ਸੌਖੀ ਪੀ ਆਰ ਦੀ ਵਜ੍ਹਾ ਕਰਕੇ ਉਥੇ ਜਾਣ ਵਾਲਿਆਂ ਦੀ ਗਿਣਤੀ ਕੁਝ ਜ਼ ?ਆਦਾ ਹੀ ਹੈ। ਇਨ੍ਹਾਂ ਮੁਲਕਾਂ ਦੀ ਚਕਾਚੌਂਧ ਦਾ ਅਸਰ ਪੰਜਾਬੀਆਂ 'ਤੇ ਇਸ ਕਦਰ ਹੋਇਆ ਹੈ ਕਿ ਹਰ ਹੀਲਾ ਵਸੀਲਾ ਵਰਤ ਕੇ ਉਥੇ ਪਹੁੰਚਣ ਲਈ ਤਤਪਰ ਹਨ ਅਤੇ ਉਥੇ ਪਹੁੰਚ ਚੁੱਕਿਆਂ ਨਾਲ ਵੱਖਰਾ ਹੀ ਮੋਹ ਜਾਹਰ ਕੀਤਾ ਜਾਂਦਾ ਹੈ।

ਇਸ ਸਭ ਦੇ ਚਲਦਿਆਂ ਕੁਝ ਠੱਗ ਕਿਸਮ ਦੇ ਲੋਕਾਂ ਨੇ ਠੱਗੀ ਦੀ ਨਵੀਂ ਤਰਕੀਬ ਕੱਢ ਮਾਰੀ ਹੈ। ਕਿਸੇ ਬਾਹਰਲੇ ਨੰਬਰ ਤੋਂ ਫੋਨ ਕਾਲ ਆਉਂਦੀ ਹੈ.. ਹੈਲੋ ! ਮੈਂ ਕਨੇਡਾ ਤੋਂ ਬੋਲਦਾਂ.. ਪਛਾਣਿਆ ਨੀਂ... ਭੁੱਲ ਗਏ.. ਇਨੇ ਵਿੱਚ ਸਾਹਮਣੇ ਵਾਲਾ ਆਪਣੇ ਕਿਸੇ ਰਿਸਤੇਦਾਰ, ਮਿੱਤਰ, ਜਾਨਣਵਾਲਾ ਜੋ ਕਨੇਡਾ ਰਹਿ ਰਿਹਾ ਹੁੰਦਾ ਹੈ ਉਸਦਾ ਨਾਮ ਲੈ ਦਿੰਦਾ ਹੈ। ਫੋਨ ਕਰਨ ਵਾਲਾ ਉਸੇ ਨਾਮ ਤੇ ਹਾਮੀ ਭਰ ਦਿੰਦਾ ਹੈ। ਬਸ ਠੱਗੀ ਦੀ ਕਹਾਣੀ ਇਥੋਂ ਸੁਰੂ ਹੁੰਦੀ ਹੈ ਅਤੇ ਵੱਖਰੇ ਵੱਖਰੇ ਤਰੀਕੇ ਨਾਲ ਜਾਲ ਵਿੱਚ ਫਸਾਇਆ ਜਾਂਦਾ ਹੈ। ਕੁਝ ਠੱਗਾਂ ਵੱਲੋਂ ਤਾਂ ਇਹ ਕਿਹਾ ਜਾਂਦਾ ਹੈ ਕਿ ਮੈਂ ਆਪਣੇ ਪਰਿਵਾਰ ਵਾਲਿਆਂ ਨੂੰ ਪੈਸੇ ਭੇਜ ਦਿੰਦਾ ਹਾਂ ਪਰ ਉਹ ਹਰ ਵਾਰ ਇਧਰ ਉਧਰ ਖਰਚ ਕੇ ਖਰਾਬ ਕਰ ਦਿੰਦੇ ਹਨ। ਮੈਂ ਦਿਨ ਰਾਤ ਮਿਹਨਤ ਕਰਦਾ ਹਾਂ ਹੁਣ ਮੈਂ ਵੀ ਆਪਣਾ ਕੁਝ ਬਣਾਉਣਾ ਹੈ । ਮੈਨੂੰ ਸਾਰਿਆਂ ਵਿੱਚੋਂ ਬਸ ਤੁਹਾਡੇ 'ਤੇ ਭਰੋਸਾ ਹੈ ਇਸ ਲਈ ਇਸ ਵਾਰ ਪੈਸੇ ਮੈਂ ਥੋਨੂੰ ਭੇਜਣੇ ਹਨ। ਤੁਸੀਂ ਹੁਣ ਚਾਹੇ ਪੈਸੇ ਵਰਤ ਲਿਓ ਮੈਂ 4-5 ਮਹੀਨੇ ਤੱਕ ਇੰਡੀਆ ਆਉਣਾ ਹੈ ਉਦੋਂ ਲੈ ਲਵਾਂਗਾ। ਮੈਨੂੰ ਆਪਣੇ ਬੈਂਕ ਖਾਤੇ ਦੀ ਜਾਣਕਾਰੀ ਭੇਜ ਦਿਓ ਮੈਂ ਅੱਜ ਹੀ 15 ਲੱਖ ਰੁਪਏ ਟਰਾਂਸਫਰ ਕਰ ਦਿੰਦਾ ਹਾਂ ਕੱਲ੍ਹ ਤੋਂ ਮੈਂ ਕਿਧਰੇ ਦੂਰ ਕੰਮ ਤੇ ਜਾਣਾ ਹੈ। ਪਰ ਹਾਂ, ਇਹ ਗੱਲ ਆਪਣੇ ਦੋਵਾਂ ਵਿੱਚ ਹੀ ਰਹੇ ਹੋਰ ਕਿਸੇ ਨੂੰ ਨਾ ਦਸਿਓ..। ਇੱਕ ਤਾਂ ਐਨਾ ਵੱਡਾ ਭਰੋਸਾ, ਤੇ ਦੂਜੀ ਐਨੇ ਪੈਸਿਆਂ ਦੀ ਗੱਲ ਸੁਣ ਕੇ ਸਾਹਮਣੇ ਵਾਲਾ ਕੁਝ ਸੋਚਣ ਤੋਂ ਪਹਿਲਾਂ ਹੀ ਫਟਾਫਟ ਆਪਣੀ ਬੈਂਕ ਜਾਣਕਾਰੀ ਭੇਜ ਦਿੰਦਾ ਹੈ। ਇਥੇ ਓਹ ਠੱਗ ਇਸ ਬੈਂਕ ਜਾਣਕਾਰੀ ਦੀ ਵਰਤੋਂ ਨਾਲ ਖਾਤਾ ਹੈਕ ਕਰਕੇ ਜਾਂ ਸਾਹਮਣੇ ਵਾਲੇ ਤੋਂ ਗੱਲਾਂ ਵਿੱਚ ਉਲਝਾ ਕੇ ਉਸਦਾ ਏ ਟੀ ਐਮ ਨੰਬਰ, ਪਿਨ, ਪਾਸਵਰਡ, ਓ ਟੀ ਪੀ ਆਦਿ ਲੈ ਕੇ ਜਾਂ ਪੈਸੇ ਵੱਧ ਭੇਜੇ ਗਏ ਜਾਣ ਕਰਕੇ ਵਾਪਸ ਟਰਾਂਸਫਰ ਦਾ ਆਖ ਕੇ ਵੱਖ ਵੱਖ ਤਰੀਕਿਆਂ ਨਾਲ ਉਸ ਵਿਅਕਤੀ ਦਾ ਖਾਤਾ ਖਾਲੀ ਕਰ ਸਕਦਾ ਹੈ।

ਦੂਸਰੇ ਕੇਸ ਵਿੱਚ ਠੱਗ ਇਹ ਗੱਲ ਆਖਦਾ ਹੈ ਕਿ ਉਹ ( ਤੁਹਾਡਾ ਜਾਣਕਾਰ ) ਅਚਾਨਕ ਕਿਸੇ ਮੁਸੀਬਤ ਵਿੱਚ ਫਸ ਗਿਆ ਹੈ ਜਾਂ ਉਸ ਉਤੇ ਪੁਲਿਸ ਕੇਸ ਹੋ ਗਿਆ ਹੈ ਅਤੇ ਉਸ ਦੇ ਸਾਰੇ ਪੇਪਰ ਜਬਤ ਹੋ ਗਏ ਹਨ । ਪਰ ਉਹ ਆਪਣੇ ਘਰ ਵਾਲਿਆਂ ਨੂੰ ਇਹ ਗੱਲ ਦੱਸ ਕੇ ਦੁਖੀ ਨਹੀਂ ਕਰਨਾ ਚਾਹੁੰਦਾ ਜਾਂ ਉਹ ਉਸ ਤੇ ਗੁੱਸਾ ਹੋਣਗੇ। ਉਸਨੂੰ ਥੋੜੇ ਪੈਸਿਆਂ ਦੀ ਲੋੜ ਹੈ ਜੋਂ ਉਹ ਛੇਤੀ ਮੋੜ ਦੇਵੇਗਾ। ਉਹ ਸਾਹਮਣੇ ਤੋਂ ਕਿਸੇ ਵਕੀਲ, ਪੁਲਿਸ ਅਫਸਰ ਨਾਲ ਗੱਲ ਕਰਵਾਉਣ ਦਾ ਨਾਟਕ ਵੀ ਕਰਦਾ ਹੈ ਜੋ ਉਸ ਨੂੰ ਬਚਾਉਣ ਲਈ 5 ਤੋਂ 7 ਲੱਖ ਰੁਪਏ ਖਾਤੇ ਵਿੱਚ ਪਾਉਣ ਦੀ ਮੰਗ ਕਰਦਾ ਹੈ। ਕੁਝ ਲੋਕ ਇਨ੍ਹਾਂ ਗੱਲਾਂ ਨੂੰ ਸੱਚ ਸਮਝ ਕੇ ਉਸ ਨੂੰ ਬਚਾਉਣ ਲਈ ਪੈਸੇ ਭੇਜ ਦਿੰਦੇ ਹਨ। ਪਰ ਕੁਝ ਦਿਨ ਬਾਅਦ ਦਵਾਰਾ ਫਿਰ ਹੋਰ ਪੈਸੇ ਦੀ ਮੰਗ ਕੀਤੀ ਜਾਂਦੀ ਹੈ। ਕੁਝ ਲੋਕ ਉਹ ਵੀ ਭੇਜ ਦਿੰਦੇ ਹਨ ਪਰ ਕੁਝ ਇੱਕ ਦੀ ਇਨੇ ਪੈਸੇ ਭੇਜਣ ਦੀ ਪਹੁੰਚ ਨਹੀਂ ਹੁੰਦੀ ਤਾਂ ਗੱਲ ਉਸ ਜਾਣਕਾਰ ਦੇ ਪਰਿਵਾਰ ਨਾਲ ਸਾਂਝੀ ਕਰਨੀ ਪੈਂਦੀ ਹੈ। ਪਰ ਉਥੇ ਜਾ ਕੇ ਪਤਾ ਲੱਗਦਾ ਹੈ ਕਿ ਇਹ ਤਾਂ ਉਹ ਜਾਣਕਾਰ ਨਹੀਂ, ਬਲਕਿ ਕੋਈ ਹੋਰ ਹੀ ਪੈਸੇ ਠੱਗ ਰਿਹਾ ਹੈ। ਇਸ ਤਰ੍ਹਾਂ ਹਰ ਠੱਗ ਦਾ ਤਰੀਕਾ ਵੱਖਰਾ ਹੋ ਸਕਦਾ ਹੈ।

ਇਸ ਤਰ੍ਹਾਂ ਦੀਆਂ ਠੱਗੀਆਂ ਦੀਆਂ ਖਬਰਾਂ ਨਿੱਤ ਦਿਨ ਪੜਨ, ਸੁਨਣ, ਦੇਖਣ ਨੂੰ ਆਮ ਮਿਲਦੀਆਂ ਹਨ। ਪਰ ਫਿਰ ਵੀ ਇਹ ਠੱਗ ਕਿਸੇ ਨਾ ਕਿਸੇ ਅਣਜਾਣ ਵਿਅਕਤੀ ਨੂੰ ਆਪਣੇ ਜਾਲ ਵਿੱਚ ਫਸਾਉਣ ਵਿੱਚ ਕਾਮਯਾਬ ਹੋ ਜਾਂਦੇ ਹਨ ਅਤੇ ਪੈਸੇ ਠੱਗ ਲੈਂਦੇ ਹਨ। ਇਸ ਲਈ ਆਪਣੇ ਜਾਨਣ ਵਾਲੇ, ਦੋਸਤਾਂ, ਮਿੱਤਰਾਂ ਨੂੰ ਇਸ ਦੀ ਜਾਣਕਾਰੀ ਲਾਜਮੀ ਦਿਓ ਤਾਂ ਕਿ ਉਹ ਇਸ ਤਰ੍ਹਾਂ ਠੱਗੀ ਦੇ ਸ਼ ?ਕਾਰ ਹੋਣ ਤੋਂ ਬਚ ਸਕਣ। ਆਪਣੀ ਬੈਂਕ ਜਾਣਕਾਰੀ ਜਾਂ ਪੈਸੇ ਭੇਜਣ ਤੋਂ ਪਹਿਲਾਂ ਉਸ ਵਿਅਕਤੀ ਦੀ ਸਚਾਈ ਜਰੂਰ ਜਾਣ ਲਓ। ਕਦੇ ਵੀ ਕਿਸੇ 'ਤੇ ਅੱਖਾਂ ਬੰਦ ਕਰ ਕੇ ਭਰੋਸਾ ਨਾ ਕਰੋ ਅਤੇ ਲਾਲਚ ਵਿੱਚ ਨਾ ਆਓ, ਕਿਉਂਕਿ ਅਸੀਂ ਬਚਪਨ ਤੋਂ ਪੜਦੇ ਆ ਰਹੇ ਹਾਂ ਕਿ.."ਲਾਲਚ ਬੁਰੀ ਬਲਾ ਹੈ" ।

**ਚਾਨਣ ਦੀਪ ਸਿੰਘ ਔਲਖ, ਪਿੰਡ ਗੁਰਨੇ ਖੁਰਦ (ਮਾਨਸਾ), ਸੰਪਰਕ : 9876888177**

# ਬਾਪੂ ਦਾ ਮੁੜ੍ਹਕਾ



ਜੱਗਾ ਬਾਹਰੋਂ ਮੋਟਰਸਾਈਕਲ ਤੇ ਡੁੱਗ ਡੁੱਗ ਕਰਦਾ ਵੱਡੇ ਗੇਟ ਤੋਂ ਅੰਦਰ ਆ ਕੇ ਵਿਹੜੇ ਵਿੱਚ ਨਿੰਮ ਹੇਠਾਂ ਖੜ੍ਹ ਕੇ ਦੋ ਕੁ ਪਟਾਕੇ ਪਵਾ ਕੇ ਬੰਦ ਕਰਦਾ ਹੈ ।ਸੂਟ ਬੂਟ ਆਏਂ ਪਾਇਆ ਹੋਇਆ ਹੁੰਦਾ ਹੈ ਜਿਵੇਂ ਕਿਤੇ ਵੱਡਾ ਅਫਸਰ ਲੱਗਿਆ ਹੋਇਆ ਹੋਵੇ। ਸਿਰ ਤੋਂ ਵਾਲ ਲਾਈਨਾਂ ਪਾ ਪਾ ਕੇ ਕਟਵਾਏ ਹੋਏ ਹਨ ।ਉਸ ਨੂੰ ਦੇਖਦੇ ਸਾਰ ਮਾਂ ਖੁਸ ਹੋ ਜਾਂਦੀ ਹੈ। "ਨੀ , ਮਾਂ ਸਦਕੇ....ਮੇਰਾ ਪੁੱਤ ਆ ਗਿਆ ਕਾਲਜੋਂ ਪੜ੍ਹ ਕੇ ? ਪੁੱਤ ਕੀ ਪੀਣਾ.....ਲੱਸੀ ਜਾਂ ਦੁੱਧ ?"

"ਮੈਂ ਨੀ ਕੁਛ ਪੀਣਾ , ਰੋਟੀ ਖਾਣੀ ਆ,ਕੀ ਬਣਾਇਆ ਬੀਬੀ ?"

"ਪੁੱਤ ਕੱਦੂ ਪਾ ਕੇ ਛੋਲਿਆਂ ਦੀ ਦਾਲ ਬਣਾਈ ਆ,ਬਾਲੀਓ ਸਵਾਦ ਆ....... ਨਾਲੇ ਘਰ ਦੀ ਕੱਢੀ ਮੱਖਣੀ ਆ, ਨਾਲ ਗੰਢਾ ਤੇ ਅੰਬ ਦਾ ਅਚਾਰ ਆ ।"

"ਇਹ ਕਿਹੜੀ ਨਵੀਂ ਗੱਲ ਆ ਬੀਬੀ.......ਇਹੀ ਕੁਛ ਖਾਂਦੇ ਐਡਾ ਹੋ ਗਿਆ......ਕਦੇ ਕੁਛ ਹੋਰ ਵੀ ਬਣਾ ਲਿਆ ਕਰੋ ।"

"ਮਾਂ ਵਾਰੀ... ਮੇਰਾ ਪੁੱਤ ਪੜ੍ਹ ਕੇ ਆਇਆ....ਘਰ ਦੇ ਤੋੜੇ ਨਰਮ ਨਰਮ ਕੱਦੂ ਤੇ ਤੋਰੀਆਂ ਪਈਆਂ, ਤੂੰ ਆਖੇਂ ਤਾਂ ਮੈਂ ਪੰਜ ਮਿੰਟ ਵਿੱਚ ਬਣਾ ਦਿੰਨੀਂ ਆਂ ਪੁੱਤ ।"

"ਬੱਸ ਤੁਸੀਂ ਨਾ ਕਦੇ ਆਹ ਤੋਰੀਆਂ ਕੱਦੂਆਂ ਤੋਂ ਬਾਹਰ ਨਿਕਲਿਓ...........। ਬੀਬੀ ਮੇਰੇ ਦੋਸਤ ਕੱਦੂਆਂ ਤੋਂ ਇੱਕ ਪਕੌੜਿਆਂ ਜਿਹਿਆਂ ਵਰਗੀ ਸਬਜੀ ਲੈ ਕੇ ਆਉਂਦੇ ਹੁੰਦੇ ਆ,ਬੜੀਓ ਸਵਾਦ ਹੁੰਦੀ ਆ.....।" ਕਹਿਕੇ ਅੰਦਰ ਜਾ ਵੜਨ ਲੱਗਦਾ ਹੈ ਤਾਂ ਉਸ ਦੀ ਬੀਬੀ ਕਹਿੰਦੀ ਹੈ,"ਪੁੱਤ ਓਹਨੂੰ ਤਾਂ ਟੈਮ ਲੱਗੂ ।"

" ਚੱਲ ਫੇਰ ਕੱਦੂ ਆਲ ਦਾਲ ਨਾਲ ਈ ਦੇ ਦੇ", (ਰੋਟੀ ਖਾ ਕੇ ਜੱਗਾ ਕਮਰੇ ਅੰਦਰ ਜਾਂਦਾ ਹੈ। (ਕੁਛ ਯਾਦ ਆਉਣ ਦੇ ਨਾਲ ਹੀ ਬਾਹਰ ਆਉਂਦਾ ਹੈ)

"ਹਾਂ ਸੱਚ ਬੀਬੀ ਮੇਰੇ ਨਾਲ ਦੇ ਮੁੰਡੇ ਕੁੜੀਆਂ ਨੇ ਦੋ ਦਿਨਾਂ ਲਈ ਆਪਣੇ ਪਿੰਡ ਆਉਣਾ ਫੱਨ ਕਰਨ। ਐਵੇਂ ਆਹ ਦੇਸੀ ਜਿਹੇ ਬਣ ਕੇ ਨਾ ਘੁੰਮੀ ਜਾਇਓ... ਹਾਂ ਸੱਚ ਬੀਬੀ.... ਰੋਟੀ ਬਹੁਤੀਓ ਸਵਾਦ ਸੀ ।" ਕਹਿਕੇ ਹੱਸ ਪੈਂਦਾ ਹੈ ਤੇ ਮਾਂ ਵੀ ਖੁਸ ਹੋ ਜਾਂਦੀ ਹੈ।

"ਪੁੱਤ, ਕਲੋਲਾਂ ਕਰਦਾਂ....ਆਪਾਂ ਦੇਸੀ ਆਂ ਤਾਂ ਦੇਸੀ ਹੀ ਰਹਿਣਾ, ਹੁਣ ਉਹਨਾਂ ਦੇ ਦੋ ਦਿਨਾਂ ਦੀ ਖਾਤਰ ਮੈਂ ਵਲੈਤਣ ਥੋੜ੍ਹਾ ਬਣਜੂੰਗੀ ।" ਕਹਿਕੇ ਜੱਗੇ ਦੀ ਬੀਬੀ ਹੱਸ ਪੈਂਦੀ ਹੈ।

( ਘੰਟੇ ਕੁ ਬਾਅਦ ਬਾਹਰੋਂ ਬਾਪੂ ਖੇਤਾਂ ਵਿੱਚੋਂ ਆਉਂਦਾ ਹੈ,ਉਸ ਨੇ ਮੋਢੇ 'ਤੇ ਕਹੀ ਰੱਖੀ ਹੋਈ ਸੀ, ਪਜਾਮਾ ਪੈਰਾਂ ਕੋਲੋਂ ਹੀ ਗੋਲ ਮਟੋਲ ਕਰਕੇ ਗੋਡਿਆਂ ਤੋਂ ਉੱਪਰ ਤੱਕ ਚੜ੍ਹਾਇਆ ਹੋਇਆ ਸੀ, ਪੈਰ ਨੰਗੇ ਗਾਰੇ ਨਾਲ ਗਿੱਟਿਆਂ ਤੋਂ ਉੱਪਰ ਤੱਕ ਲਿਬੜੇ ਹੋਏ ਹਨ ,ਮੋਟਰ ਸਾਈਕਲ ਖੜ੍ਹਾ ਦੇਖ ਕੇ ਜੱਗੇ ਦੀ ਮਾਂ ਨੂੰ ਪੁੱਛਦਾ ਹੋਇਆ)

"ਆ ਗਿਆ ਮੇਰਾ ਸੇਰ.......ਕਿੱਥੇ ਆ ਮੇਰਾ ਪੜ੍ਹਾਕੂ ਪੁੱਤ... ? ਦੀਂਹਦਾ ਨ੍ਹੀਂ..... ?"

"ਜੀ ਉਹ ਥੱਕਿਆ ਹੋਇਆ ਸੀ, ਮੈਂ ਈ ਆਖਤਾ ਓਹਨੂੰ ਅਰਾਮ ਕਰ ਲਾ..... ਜਵਾਕ ਦਿਮਾਗ ਖਪਾ ਕੇ ਆਇਆ....... ਖਸਮਾਂ ਨੂੰ ਖਾਣੀਆਂ ਪੜ੍ਹਾਈਆਂ ਕਿਹੜਾ ਸੌਖੀਆਂ ਨੇ ਅੱਜ ਕੱਲ੍ਹ.....।" ਜੱਗੇ ਦੀ ਮਾਂ ਬੋਲੀ।

"ਆਹੋ ਆਹੋ...... ਤੂੰ ਤਾਂ ਮੂਹਰਿਓਂ ਆਏਂ ਤਰਫਦਾਰੀ ਕਰਦੀ ਐਂ ਜਿਵੇਂ ਕਿਤੇ ਮੈਂ ਓਹਨੂੰ ਹੁਣੇ ਖੇਤਾਂ ਚ ਵੱਟਾਂ ਪਾਉਣ ਭੇਜਣ ਲੱਗਿਆਂ..... ਜਿੰਨਾਂ ਤੈਨੂੰ ਪਿਆਰਾ ਓਨਾ ਈ ਮੈਨੂੰ ਵੀ ਪਿਆਰਾ.... ਮੈਂ ਕਿਤੇ ਸਿੱਟਿਆ ਹੋਇਆ ।" ਬਾਪੂ ਬੋਲਿਆ।

"ਚੰਗਾ ਹੁਣ ਬਹੁਤੀ ਵਕਾਲਤ ਨਾ ਦੜ੍ਹਾ ਜੱਗੇ ਦੇ ਬਾਪੂ, ਰੋਟੀ ਖਾ ਲਾ ਚੁੱਪ ਕਰ ਕੇ... ।" (ਰੋਟੀ ਥਾਲੀ ਵਿੱਚ ਪਾਉਂਦੀ ਹੋਈ ਜੱਗੇ ਦੀ ਮਾਂ)।

(ਬਾਪੂ ਵਿਹੜੇ ਵਿਚਲੇ ਔਲੂ ਵਿੱਚੋਂ ਗੜਬੀ ਨਾਲ ਪਾਣੀ ਕੱਢ ਕੇ ਹੱਥ, ਮੂੰਹ ਤੇ ਪੈਰ ਧੋਂਦਾ ਹੈ)

ਵਿਹੜੇ ਵਿੱਚ ਡਾਹੇ ਮੰਜੇ ਤੇ ਬੈਠ ਕੇ ਬਾਪੂ ਰੋਟੀ ਖਾਂਦਾ ਹੈ ਤੇ ਜੱਗੇ ਦੀ ਮਾਂ ਕੋਲ ਪੀੜ੍ਹੀ ਡਾਹ ਕੇ ਬੈਠਦੀ ਹੈ। ਦੋਵੇਂ ਜਣੇ ਆਪਸ ਵਿੱਚ ਗੱਲਾਂ ਬਾਤਾਂ ਕਰਦੇ ਹਨ ਤੇ ਨਾਲ ਨਾਲ ਪੱਖੀ ਨਾਲ ਝੱਲ ਮਾਰਦੀ ਹੋਈ ਜੱਗੇ ਦੀ ਮਾਂ ਉਸ ਦੇ ਬਾਪੂ ਨੂੰ ਜੱਗੇ ਦੇ ਮਿੱਤਰਾਂ ਦੇ ਆਉਣ ਬਾਰੇ ਦੱਸਦੀ ਹੈ ।ਉਸ ਦਾ ਬਾਪੂ ਕਹਿੰਦਾ ਹੈ ਕਿ ਉਹ ਤਾਂ ਦੋ ਦਿਨ ਮੋਟਰ ਤੇ ਹੀ ਸੌਂ ਜਾਊ। ਜਵਾਕ ਇੱਥੇ ਆਪਣਾ ਅਰਾਮਦਾਰੀ ਨਾਲ ਹੱਸਣ ਖੇਡਣ।

ਅਗਲੇ ਦਿਨ ਸਾਮ ਨੂੰ ਜੱਗੇ ਦੇ ਨਾਲ ਪੜ੍ਹਨ ਵਾਲੇ ਕੁੜੀਆਂ ਤੇ ਮੁੰਡੇ ਦੋ ਕਾਰਾਂ ਭਰ ਕੇ ਆ ਗਏ। ਜੱਗੇ ਦੀ ਮਾਂ ਨੇ ਉਹਨਾਂ ਦੀ ਬਹੁਤ ਖਾਤਰਦਾਰੀ ਕੀਤੀ। ਉਹਨਾਂ ਨੂੰ ਗਰਮ ਗਰਮ ਪਕੌੜੇ ਆਪ ਕੱਢ ਕੇ ਖਵਾਏ, ਨਾਲ ਚਾਹ ਵੀ ਬਣਾ ਕੇ ਦਿੱਤੀ । ਜੱਗੇ ਤੋਂ ਪਿੰਡ ਦੇ ਮੋੜ ਤੋਂ ਗਰਮ ਗਰਮ ਜਲੇਬੀਆਂ ਮੰਗਵਾ ਕੇ ਖਵਾਈਆਂ। ਸਾਰੇ ਬਹੁਤ ਖੁਸ ਸਨ ਉਹ ਸਹਿਰੀ ਮਾਹੌਲ ਵਾਲੇ ਜਵਾਕ ਸਨ,ਉਹ ਪਿੰਡ ਦੀ ਇੱਕ ਇੱਕ ਚੀਜ ਨੂੰ ਗਹੁ ਨਾਲ ਦੇਖ ਦੇਖ ਕੇ ਖੁਸ ਹੋ ਰਹੇ ਸਨ। ਸਾਮ ਨੂੰ ਜੱਗੇ ਦੀ ਬੀਬੀ ਨੇ ਆਖਿਆ,"ਪੁੱਤ , ਤੂੰ ਇਹਨਾਂ ਨੂੰ ਮੋਟਰ ਤੇ ਘੁਮਾ ਫਿਰਾ ਲਿਆ,ਗਰਮੀ ਬਹੁਤ ਆ ਜਦ ਤੱਕ ਮੈਂ ਥੋਡੇ ਸਭ ਲਈ ਰਾਤ ਦੀ ਰੋਟੀ ਬਣਾ ਕੇ ਰੱਖਦੀ ਆਂ ।"

(ਜੱਗਾ ਆਪਣੇ ਸਾਥੀਆਂ ਨੂੰ ਮੋਟਰ ਤੇ ਘੁੰਮਾਉਣ ਚਲਿਆ ਗਿਆ)

ਸਾਰੇ ਮੁੰਡੇ ਟਿਊਬਵੈੱਲ ਤੇ ਬਣੇ ਔਲੂ ਵਿੱਚ ਨਹਾ ਰਹੇ ਸਨ , ਤਾਜੇ ਠੰਡੇ ਪਾਣੀ ਦੇ ਨਜਾਰੇ ਮਾਣ ਰਹੇ ਸਨ। ਜੱਗੇ ਦਾ ਬਾਪੂ ਮੁੜ੍ਹਕੋ ਮੁੜ੍ਹਕਾ ਹੋਇਆ ਪਾਣੀ ਦਾ ਨੱਕਾ ਦੂਜੇ ਖੇਤ ਵੱਲ ਨੂੰ ਮੋੜਨ ਲਈ ਕਹੀ ਲੈ ਕੇ ਮੋਟਰ ਕੋਲ ਆਇਆ ਤਾਂ ਮੋਟਰ ਕੋਲ ਲਾਈ ਬਗੀਚੀ ਵਿੱਚ ਘੁੰਮਦੀਆਂ ਕੁੜੀਆਂ ਕੋਲੋਂ ਦੀ ਲੰਘਿਆ ਤਾਂ ਇੱਕ ਸਹਿਰਨ ਕੁੜੀ ਜੱਗੇ ਨੂੰ ਉੱਚੀ ਦੇਣੇ ਹਾਕ ਮਾਰਕੇ ਆਖਣ ਲੱਗੀ,"ਜਗਮੀਤ,ਯਹ ਤੁਮਾਰੇ ਨੌਕਰ ਕੋ ਬਿਲਕੁਲ ਤਮੀਜ ਨਹੀਂ ਹੈ,ਹਮ ਗਾਰਡਨ ਮੇਂ ਇਨਜੁਆਏ ਕਰ ਰਹੇ ਹੈਂ, ਯਹ ਇਧਰ ਇਤਨੇ ਗੰਦੇ ਪਸੀਨੇ ਕੀ ਬਦਬੂ ਵਾਲੇ ਕੱਪੜੇ ਪਹਿਨ ਕਰ ਘੂਮ ਰਹਾ ਹੈ ।ਯਾਰ ...ਤੁਮ ਲੋਗ ਇਨ ਕੋ ਥੋੜੀ ਅਕਲ ਦੋ , ਸਫਾਈ ਕਾ ਬਿਲਕੁਲ ਧਿਆਨ ਨਹੀਂ ਰਖਤੇ ਯਹ ਲੋਗ ।"

ਜੱਗਾ ਆਪਣੇ ਬਾਪੂ ਬਾਰੇ ਆਖੀ ਉਸ ਕੁੜੀ ਦੀ ਗੱਲ ਸੁਣ ਕੇ ਉਸ ਦਾ ਕਾਲਜਾ ਮੂੰਹ ਨੂੰ ਆ ਗਿਆ ਤੇ ਉੱਥੋਂ ਹੀ ਬੋਲਿਆ,"ਏ ਸੋਨੀਆ ! ਇਹ ਸਾਡਾ ਨੌਕਰ ਨਹੀਂ,ਆਹ ਖੇਤਾਂ ਦਾ ਮਾਲਕ ਐ.... ਜਿਹੜੇ ਨਿੱਤ ਨਵੇਂ ਨਵੇਂ ਖਾਣੇ ਟੇਬਲਾਂ ਤੇ ਬਹਿ ਕੇ ਖਾਂਦੇ ਓਂ,ਉਹ ਇਹਨਾਂ ਦੀ ਐਸੇ ਪਸੀਨੇ ਨਾਲ ਉੱਗ ਕੇ ਪਹੁੰਚਦੇ ਆ ਥੋਡੇ ਤੱਕ ।"

" ਜਗਮੀਤ ਤੁਮ ਕਿਆ ਬੋਲ ਰਹੇ ਹੋ ,ਮੁਝੇ ਤੋ ਕੁਛ ਸਮਝ ਨਹੀਂ ਆ ਰਹਾ ।" ਉਹ ਕੁੜੀ ਬੋਲੀ।

"ਸੋਨੀਆ,ਇਹ ਮੇਰੇ ਬਾਪੂ ਜੀ ਹਨ, ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋ ਕੇ ਹੀ ਫਸਲਾਂ ਉੱਗਦੀਆਂ ਹਨ ।ਇਸ ਮਿੱਟੀ ਵਿੱਚ ਮੇਰੇ ਬਾਪੂ ਦਾ ਪਤਾ ਨਹੀਂ ਕਿੰਨਾ ਮੁੜ੍ਹਕਾ ਮਿਲਿਆ ਹੋਇਆ ।"

"ਓ,ਸੌਰੀ.... ਜਗਮੀਤ.... ਮੇਰੇ ਸੇ ਗਲਤੀ ਹੋ ਗਈ ।(ਜੱਗੇ ਦੇ ਬਾਪੂ ਕੋਲ ਜਾ ਕੇ) ਅੰਕਲ ਜੀ ਸੌਰੀ , ਮੈਨੇਂ ਆਪ ਕੋ ਗਲਤ ਬੋਲ ਦੀਆ ।"

" ਕੋਈ ਨਾ ਪੁੱਤਰਾ .... ਅਸੀਂ ਨੀ ਗੁੱਸਾ ਕਰਦੇ, ਤੁਸੀਂ ਸਹਿਰੀ ਲੋਕਾਂ ਨੂੰ ਪਿੰਡ ਦੀਆਂ ਗੱਲਾਂ ਬਾਰੇ ਪਿੰਡ ਆ ਕੇ ਈ ਪਤਾ ਲੱਗੂ। ਤੇਰੀ ਇਸ ਗੱਲ ਨੇ ਤਾਂ ਮੈਨੂੰ ਮੇਰੇ ਪੁੱਤ ਦੀ ਅਸਲੀਅਤ ਦੱਸ ਦਿੱਤੀ ਕਿ ਉਸ ਨੂੰ ਆਪਣੇ ਬਾਪੂ ਦੇ ਮੁੜ੍ਹਕੇ ਦੀ ਕੀਮਤ ਪਤਾ ਹੈ ।ਨਹੀ ਤਾਂ ਮੈਂ ਮਨ ਵਿੱਚ ਡਰ ਪਾਲੀ ਬੈਠਾ ਸੀ ਕਿ ਆਹ ਫੈਸਨ ਜਿਹੇ ਕਰਕੇ ਕਾਲਜ ਜਾਂਦਾ ਕਿਤੇ ਮੇਰਾ ਮੁੰਡਾ ਹੱਥਾਂ ਚੋਂ ਤਾਂ ਨੀ ਨਿਕਲ ਗਿਆ ।" ਕਹਿਕੇ ਜੱਗੇ ਦਾ ਬਾਪੂ ਅੰਦਰੋਂ ਉੱਠੀ ਸੱਚੀ ਖੁਸੀ ਦਾ ਪ੍ਰਗਟਾਵਾ ਕਰਦਾ ਹੋਇਆ ਠਹਾਕਾ ਮਾਰਦਾ ਹੈ ।ਜੱਗੇ ਦੇ ਸਾਰੇ ਦੋਸਤ ਵੀ ਉਸ ਨਾਲ ਹੱਸਣ ਲੱਗਦੇ ਹਨ। ਜੱਗਾ ਕਹਿੰਦਾ ਹੈ,"ਬਾਪੂ,ਆ ਸੂਟ ਬੂਟ ਪਾ ਕੇ ਵੀ ਤੇਰੇ ਸਿਰ ਤੇ ਈ ਐਸਾਂ ਕਰਦਾਂ..... ਤੂੰ ਮੇਰਾ ਦਿਲ ਖੋਲ੍ਹ ਕੇ ਤਾਂ ਦੇਖ, ਤੇਰੇ ਮੁੜ੍ਹਕੇ ਦੀ ਖੁਸਬੋਈ ਨਾਲ ਮਹਿਕਾਂ ਮਾਰਦਾ ।" ਦੋਵੇਂ ਬਾਪ ਬੇਟਾ ਘੁੱਟ ਕੇ ਜੱਫੀ ਪਾ ਲੈਂਦੇ ਹਨ। ਸਾਰੇ ਦੋਸਤ ਉਹਨਾਂ ਨੂੰ ਦੇਖ ਕੇ ਭਾਵੁਕ ਹੋ ਜਾਂਦੇ ਹਨ।

**ਬਰਜਿੰਦਰ ਕੌਰ ਬਿਸਰਾਓ...**
**9988901324**

# ਕੀ ਤੁਸੀਂ ਵੀ ਵੇਖੀ ਹੈ ਸੁੰਨੇ ਰਸਤੇ 'ਤੇ ਲੱਗੀ ਨਕਲੀ ਸਬੀਲ ?

ਪਿਆਸੇ ਨੂੰ ਪਾਣੀ ਪਿਲਾਓਣਾ ਬਹੁਤ ਵੱਡੇ ਪੁੱਨ ਦਾ ਕਾਰਜ ਹੁੰਦਾ ਹੈ। ਅੱਜ ਕੱਲ੍ਹ ਦੇ ਦਿਨਾਂ ਵਿੱਚ ਸ਼੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਠੰਢੇ ਮਿੱਠੇ ਪਾਣੀ ਦੀਆਂ ਸਬੀਲਾਂ ਸੰਗਤਾਂ ਵੱਲੋਂ ਆਮ ਲਗਾਈਆਂ ਜਾਂਦੀਆਂ ਹਨ। ਜਿਨ੍ਹਾਂ ਵਿੱਚ ਤਪਦੀ ਗਰਮੀ ਵਿੱਚ ਸਫਰ ਕਰਦੇ ਮੁਸਾਫਰਾਂ ਨੂੰ ਠੰਢਾ ਮਿੱਠਾ ਪਾਣੀ ਪਿਲਾਉਣ ਦੀ ਸੇਵਾ ਬੜੇ ਸੇਵਾ ਭਾਵਨਾ ਨਾਲ ਕੀਤੀ ਜਾਂਦੀ ਹੈ। ਪਰ ਇਸ ਸੇਵਾ ਕਾਰਜ ਦੀ ਆੜ ਲੈ ਕੇ ਕੁਝ ਗਲਤ ਅਨਸਰਾਂ ਵੱਲੋਂ ਸੁੰਨੇ ਰਸਤਿਆਂ ਉੱਤੇ ਨਕਲੀ ਸਬੀਲਾਂ ਵੀ ਲਗਾਈਆਂ ਗਈਆਂ ਵੇਖੀਆਂ ਜਾ ਰਹੀਆਂ ਹਨ ਜੋ ਇੱਕ ਟੱਬ, ਇੱਕ-ਦੋ ਜੱਗ ਅਤੇ ਪੰਜ-ਸੱਤ ਗਲਾਸ ਰੱਖ ਕੇ, ਅੱਧ ਮਿੱਠਾ, ਕੋਸਾ ਜਿਹਾ ਪਾਣੀ ਤਿਆਰ ਰੱਖਦੇ ਹਨ। ਉਹ ਪਹਿਲਾਂ ਉਥੋਂ ਲੰਘ ਰਹੇ ਰਾਹਗੀਰ ਨੂੰ ਪੂਰਾ ਜੋਰ ਲਾ ਕੇ ਰੋਕਦੇ ਹਨ ਅਤੇ ਪਾਣੀ ਦਾ ਗਿਲਾਸ ਫੜਾਉਂਦੇ ਹਨ। ਹਾਲੇ ਰਾਹਗੀਰ ਨੇ ਮਸਾਂ ਅੱਧਾ ਗਲਾਸ ਪਾਣੀ ਪੀਤਾ ਹੁੰਦਾ ਹੈ ਤਾਂ ਉਹ ਬੜੀ ਨਿਮਰਤਾ ਨਾਲ ਆਖਦੇ ਹਨ ਕਿ ਸਾਡੇ ਕੋਲ ਸਰਬਤ ਮੁੱਕ ਗਿਆ ਹੈ ਜਾਂ ਖੰਡ, ਬਰਫ ਆਦਿ ਮੁੱਕੀ ਹੋਈ ਹੈ, ਤੁਸੀਂ ਸੇਵਾ ਕਰਕੇ ਜਾਓ ਭਾਵ ਦੋ-ਚਾਰ ਸੌ ਰੁਪਏ ਦੇ ਕੇ ਜਾਓ ਤਾਂ ਕਿ ਸਾਮ ਤੱਕ ਸਬੀਲ ਚਲਾਈ ਜਾ ਸਕੇ। ਗਰਮੀ ਦਾ ਝੰਬਿਆ ਰਾਹਗੀਰ ਪਾਣੀ ਪੀਣ ਰੁੱਕ ਤਾਂ ਜਾਂਦਾ ਹੈ ਪਰ ਉਨ੍ਹਾਂ ਦੀ ਇਸ ਬੇਨਤੀ ਤੋਂ ਬਾਅਦ ਉਨ੍ਹਾਂ ਦੀਆਂ ਸਕਲਾਂ ਅਤੇ ਉਨ੍ਹਾਂ ਦੇ ਸਮਾਨ ਨੂੰ ਵੇਖ ਕੇ ਸਭ ਕੁਝ ਸਮਝ ਜਾਂਦਾ ਹੈ ਅਤੇ 100-200 ਦੇ ਕੇ ਉਥੋਂ ਖਿਸਕਣ ਵਿੱਚ ਹੀ ਭਲਾਈ ਮਹਿਸੂਸ ਕਰਦਾ ਹੈ। ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਇਹ ਗਲਤ ਅਨਸਰ ਇਕੱਠੇ ਹੋਏ ਪੈਸਿਆਂ ਨਾਲ ਸਰਬਤ ਦੀਆਂ ਬੋਤਲਾਂ ਲਿਆਉਂਦੇ ਹੋਣਗੇ ਜਾਂ ਕਿਸੇ ਹੋਰ ਤਰ੍ਹਾਂ ਦੀਆਂ ਬੋਤਲਾਂ ਦਾ ਪ੍ਰਬੰਧ ਕਰਦੇ ਹੋਣਗੇ। ਖਦਸਾ ਹੈ ਕਿ ਮੌਕਾ ਵੇਖ ਕੇ ਲੁੱਟ ਖੋਹ ਵੀ ਲਾਜਮੀ ਕਰਦੇ ਹੋਣਗੇ। ਇਨ੍ਹਾਂ ਨਕਲੀ ਸਬੀਲਾਂ ਦੀ ਪਹਿਚਾਣ ਇਹ ਹੈ ਕਿ ਇਹ ਆਬਾਦੀ ਵਾਲੀ ਥਾਂ ਉਤੇ ਨਹੀਂ ਸਗੋਂ ਸੁੰਨੇ ਰਸਤਿਆਂ ਉੱਤੇ ਲੱਗੀਆਂ ਹੁੰਦੀਆਂ ਹਨ। ਸਬੀਲ ਉਤੇ ਸੀਮਤ ਜਿਹਾ ਸਮਾਨ ਹੋਵੇਗਾ ਅਤੇ ਉਥੇ 2-3 ਤੋਂ ਵੱਧ ਵਿਅਕਤੀ ਨਹੀਂ ਹੋਣਗੇ। ਇਸ ਤਰ੍ਹਾਂ ਦੀਆਂ ਸਬੀਲਾਂ ਤੇ ਰੁਕਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਸਥਾਨਕ ਬਸ਼ ?ਦਿਆਂ ਨੂੰ ਵੀ ਇਸ ਤਰ੍ਹਾਂ ਦੀ ਨਕਲੀ ਸਬੀਲ ਬਾਰੇ ਘੋਖ ਪੜਤਾਲ ਜਰੂਰ ਕਰਨੀ ਚਾਹੀਦੀ ਹੈ ਤਾਂ ਕਿ ਸਬੀਲ ਦੀ ਮਹਾਨ ਪਰੰਪਰਾ ਨੂੰ ਕੁਝ ਗਲਤ ਅਨਸਰਾਂ ਵੱਲੋਂ ਆਪਣੇ ਘਟੀਆ ਮਨਸੂਬਿਆਂ ਤਹਿਤ ਬਦਨਾਮ ਨਾ ਕੀਤਾ ਜਾ ਸਕੇ।

# ਗਿਆਨ ਦਾ ਬੋਝ ਚੁਕੀ ਫਿਰਦੇ ਅਗਿਆਨੀ

ਡਾ: ਨਿਸ਼ਾਨ ਸਿੰਘ ਰਾਠੌਰ
ਸੰਪਰਕ : 90414-98009

ਮੈਨੂੰ ਪੜ੍ਹਨ ਦੀ ਚੇਟਕ ਨਿੱਕੇ ਹੁੰਦਿਆਂ ਤੋਂ ਹੀ ਲੱਗ ਗਈ ਸੀ ਕਿਉਂਕਿ ਘਰ ਵਿਚ ਬਾਪੂ ਜੀ ਅਕਸਰ ਹੀ ਜਨਮ ਸਾਖੀਆਂ ਦਾ ਪਾਠ ਕਰਦੇ ਹੁੰਦੇ ਸਨ। ਅਸੀਂ ਜੁਆਕ ਕੋਲ ਬੈਠ ਕੇ ਸੁਣਿਆ ਕਰਦੇ। ਫਿਰ ਸਹਿਜੇ- ਸਹਿਜੇ ਆਪ ਪੜ੍ਹਨ ਦਾ ਯਤਨ ਕਰਨ ਲੱਗੇ। ਇਹ ਆਦਤ ਅੱਗੇ ਚੱਲ ਕੇ ਹੋਰ ਪੁਸਤਕਾਂ ਪੜ੍ਹਨ ਦੀ ਪੈ ਗਈ।

ਇਸ ਪੜ੍ਹਨ- ਪੜ੍ਹਾਉਣ ਦੀ ਆਦਤ ਕਰਕੇ ਕਿਤੇ ਕਹਾਣੀ ਪੜ੍ਹੀ ਸੀ। ਕਿਤਾਬ ਦਾ ਨਾਂਅ ਅਤੇ ਸੰਨ ਜਿ ?ਹਨ 'ਚ ਨਹੀਂ। ਖ਼ੈਰ, ਕਹਾਣੀ ਇੰਝ ਆਉਂਦੀ ਹੈ; ਇੱਕ ਪਿਤਾ ਨੇ ਆਪਣੇ ਪੁੱਤਰ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਬਾਹਰ ਘੱਲਿਆ। ਕਈ ਵਰ੍ਹਿਆਂ ਮਗ਼ਰੋਂ ਪੁੱਤਰ ਸਿੱਖਿਆ ਲੈ ਕੇ ਆਪਣੇ ਘਰ ਵੱਲ ਨੂੰ ਮੁੜਿਆ ਆ ਰਿਹਾ ਸੀ। ਸਵੇਰ ਦਾ ਵੇਲੇ ਸੀ। ਸੂਰਜ ਚੜ੍ਹ ਰਿਹਾ ਸੀ। ਸੂਰਜ ਦੀ ਰੋਸ਼ਨੀ ਵਿਚ ਪਿਤਾ ਨੇ ਦੇਖਿਆ; ਦੂਰ ਖੇਤਾਂ ਵਿੱਚੋਂ ਲੰਘਦਾ ਉਸਦਾ ਪੁੱਤਰ ਘਰ ਵੱਲ ਨੂੰ ਆ ਰਿਹਾ ਹੈ। ਪੁੱਤਰ ਦੀ ਚਾਲ ਦੇਖ ਕੇ ਪਿਤਾ ਉਦਾਸ ਹੋ ਗਿਆ। ਪਿਤਾ ਨੇ ਆਪਣੇ ਪੁੱਤਰ ਦੀ ਚਾਲ ਵਿਚੋਂ ਹੰਕਾਰ ਨੂੰ ਤੁਰਿਆ ਆਉਂਦਾ ਦੇਖ ਲਿਆ। ਹੰਕਾਰ ਦੀ ਕਮੀ ਹੁੰਦੀ ਹੈ ਕਿ ਉਹ ਆਪਣੇ ਆਉਣ ਤੋਂ ਪਹਿਲਾਂ ਆਪਣਾ ਪ੍ਰਗਟਾਵਾ ਕਰ ਦਿੰਦਾ ਹੈ/ ਆਪਣਾ ਅਹਿਸਾਸ ਕਰਵਾ ਦਿੰਦਾ ਹੈ। ਪੁੱਤਰ ਦੀ ਚਾਲ ਤੋਂ ਆਕੜ ਦਾ ਸਹਿਜੇ ਹੀ ਅੰਦਾਜ਼ਾ ਲਗਾ ਕੇ ਪਿਤਾ ਉਦਾਸੀ ਦੇ ਆਲਮ ਵਿਚ ਘਿਰ ਗਿਆ।

ਬੂਹੇ ਤੇ ਆ ਕੇ ਪੁੱਤਰ ਨੇ ਪਿਤਾ ਨੂੰ ਮੱਥਾ ਟੇਕਿਆ ਪਰ ! ਅੰਦਰੋਂ ਨਹੀਂ ਝੁਕਿਆ। ਇਹੋ ਤਾਂ ਹੰਕਾਰ ਦਾ ਪ੍ਰਗਟਾਵਾ ਹੈ। ਬੰਦਾ ਆਪਣੇ- ਆਪ ਨੂੰ ਗਿਆਨੀ ਸਮਝਣ ਲੱਗ ਪੈਂਦਾ ਹੈ। ਜਿਵੇਂ ਸਭ ਕੁਝ 'ਜਾਣ' ਲਿਆ ਹੋਵੇ। ਅੰਦਰੋਂ ਖਾਲੀ ਬੰਦੇ ਅਕਸਰ ਹੀ ਭਰੇ ਹੋਣ ਦਾ ਦਿਖਾਵਾ ਵੱਧ ਕਰਦੇ ਹਨ। ਕੁਝ ਨਹੀਂ ਜਾਣਦਾ ਬੰਦਾ ਵੀ ਬਹੁਤ ਕੁਝ ਜਾਣਨ ਦਾ ਪ੍ਰਗਟਾਵਾ ਕਰਦੇ ਆਮ ਹੀ ਦੇਖੇ ਜਾ ਸਕਦੇ ਹਨ। ਖ਼ੈਰ,

ਪਿਤਾ ਨੇ ਪੁੱਛਿਆ, 'ਕੁਝ 'ਜਾਣ' ਕੇ ਆਇਐਂ ?'

'ਸਭ ਕੁਝ ਜਾਣ ਲਿਆ ਹੈ ਪਿਤਾ ਜੀ।' ਪੁੱਤਰ ਨੇ ਹੰਕਾਰ ਵੱਸ ਕਿਹਾ।

ਸਭ ਕੁਝ ?

'ਜੀ, ਸਾਰੇ ਗ੍ਰੰਥ, ਸਾਰੀਆਂ ਕਿਤਾਬਾਂ, ਸਾਰੇ ਮੰਤਰ। ਮੈਂ ਸਭ ਕੁਝ ਜਾਣ ਗਿਆ ਹਾਂ।' ਪੁੱਤਰ ਨੇ ਉਸੇ ਲਹਿਜੇ ਵਿਚ ਕਿਹਾ।

'ਉਸ 'ਇੱਕ' ਨੂੰ ਜਾਣਿਆ ?' ਪਿਤਾ ਨੇ ਸਵਾਲ ਪੁੱਛਿਆ।

'ਕਿਹੜੇ ਇੱਕ ਨੂੰ ?' ਪੁੱਤਰ ਹੈਰਾਨੀ ਨਾਲ ਬੋਲਿਆ।

ਆਪਣੇ- ਆਪ ਨੂੰ ।

'ਨਹੀਂ । ਇਸ ਵਿਸ਼ੇ ਬਾਰੇ ਸਾਨੂੰ ਕੁਝ ਨਹੀਂ ਪੜ੍ਹਾਇਆ ਗਿਆ।'

'ਫੇਰ ਤੂੰ ਕੁਝ ਵੀ ਪੜ੍ਹ ਕੇ ਨਹੀਂ ਆਇਆ। ਸਿਰਫ਼ ਕਿਤਾਬਾਂ/ ਗ੍ਰੰਥਾਂ/ ਮੰਤਰਾਂ ਨੂੰ ਰੱਟਾ ਮਾਰ ਕੇ ਆਇਆ ਹੈਂ। ਤੈਨੂੰ ਸਿੱਖਿਆ ਨਹੀਂ ਮਿਲੀ। ਤੈਨੂੰ ਸਹੀ ਅਰਥਾਂ ਵਿਚ ਗਿਆਨ ਨਹੀਂ ਹੋਇਆ ਬਲਕਿ ਗਿਆਨ ਦੀ ਇਵਜ਼ ਵਿਚ ਅਗਿਆਨਤਾ ਦਾ ਨਸ਼ਾ ਹੋ ਗਿਆ ਹੈ।

ਪੁੱਤਰ ਚੁੱਪਚਾਪ ਖ਼ੜਾ ਸੁਣਦਾ ਰਿਹਾ।

'ਤੈਨੂੰ ਦੁਬਾਰਾ ਜਾਣਾ ਪੈਣਾ ਹੈ। ਤੇਰੀ ਸਿੱਖਿਆ ਅਧੂਰੀ ਹੈ। ਤੈਨੂੰ ਗਿਆਨ ਨਹੀਂ ਹੋਇਆ ਬਲਕਿ ਗਿਆਨ ਦਾ ਹੰਕਾਰ ਹੋ ਗਿਆ ਹੈ।'

ਖ਼ੈਰ, ਗੱਲ ਕੀ।

ਪੁੱਤਰ ਵਾਪਸ ਚਲਾ ਗਿਆ।

ਵਕਤ ਲੰਘਦਾ ਰਿਹਾ। ਕਈ ਵਰ੍ਹਿਆਂ ਮਗ਼ਰੋਂ ਪੁੱਤਰ ਫੇਰ ਮੁੜ ਆਇਆ। ਹੁਣ ਚਾਲ ਵਿਚ ਨਿਮਰਤਾ ਸੀ। ਅੱਖਾਂ ਵਿਚ ਗਿਆਨ ਦੀ ਚਮਕ ਸੀ। ਮਨ ਦੇ ਅੰਦਰੋਂ ਹਉਮੈ ਦੂਰ ਹੋ ਚੁਕੀ ਸੀ। ਅੱਖਾਂ ਵਿਚ ਜਿੱਥੇ ਚਮਕ ਸੀ ਉੱਥੇ ਹੀ ਪਹਿਲਾਂ ਕੀਤੇ ਗੁਨਾਂਹ ਲਈ ਪਛਤਾਵੇ ਦੇ ਹੰਝੂ ਸਨ। ਆਉਂਦਿਆਂ ਪਿਤਾ ਤੇ ਪੈਰਾਂ ਤੇ ਸਿਰ ਰੱਖ ਦਿੱਤਾ। ਹੁਣ ਗਿਆਨ ਦਾ ਅਹੰਕਾਰ ਨਹੀਂ ਸੀ ਬਲਕਿ ਸਹੀ ਅਰਥਾਂ ਵਿਚ ਗਿਆਨ ਦਾ ਪ੍ਰਗਟਾਵਾ ਸੀ। ਪੁੱਤਰ ਦਾ ਜਿੱਥੇ ਸਿਰ ਝੁੱਕਿਆ ਹੋਇਆ ਸੀ ਉੱਥੇ ਹੀ ਅੰਦਰਲਾ ਸਖ਼ਸ਼ ਵੀ ਝੁੱਕਿਆ ਹੋਇਆ ਸੀ। ਪਿਤਾ ਨੇ ਪੁੱਤਰ ਚੁੱਕ ਕੇ ਸੀਨੇ ਨਾਲ ਲਗਾ ਲਿਆ ਅਤੇ ਕਿਹਾ,

'ਹੁਣ ਮੈਨੂੰ ਕੁਝ ਪੁੱਛਣ ਦੀ ਜ਼ਰੂਰਤ ਨਹੀਂ ਅਤੇ ਤੈਨੂੰ ਕੁਝ ਦੱਸਣ ਦੀ।' ਹੰਕਾਰ ਜਿੱਥੇ ਆਪਣੇ ਮੌਜੂਦਗੀ ਦਾ ਅਹਿਸਾਸ ਕਰਵਾਉਂਦਾ ਹੈ ਉੱਥੇ ਹੀ ਗਿਆਨ ਵੀ ਆਪਣੇ ਮੌਜੂਦਗੀ ਦਾ 'ਪ੍ਰਗਟਾਵਾ' ਕਰ ਦਿੰਦਾ ਹੈ। ਆਪਣੀ ਹੋਂਦ ਨੂੰ ਪ੍ਰਤੱਖ ਕਰ ਦਿੰਦਾ ਹੈ।

ਗਿਆਨ ਵਿਚ ਨਿਮਰਤਾ ਅਤੇ ਮਿੱਠਾਪਣ ਹੁੰਦਾ ਹੈ ਅਤੇ ਹੰਕਾਰ ਵਿਚ ਆਕੜ ਅਤੇ ਹਉਮੈ। ਖ਼ੈਰ,

ਇਹ ਕਹਾਣੀ ਪੜ੍ਹ ਕੇ ਲੱਗਿਆ ਕਿ ਜਿਵੇਂ ਇਹ ਅੱਜ ਦੇ ਸਮਾਜ ਵਿਚ ਵਿਚਰ ਰਹੇ ਹਰ ਸਖ਼ਸ਼ ਦੀ ਆਪਣੀ ਕਹਾਣੀ ਹੈ। ਅੱਜ ਹਰ ਖ਼ੇਤਰ ਵਿਚ 99 ਫ਼ੀਸਦੀ ਲੋਕ ਗਿਆਨੀ ਨਹੀਂ ਹੁੰਦੇ ਬਲਕਿ ਗਿਆਨ ਦੇ 'ਹੰਕਾਰ' ਵਿਚ ਅਗਿਆਨੀ ਬਣੇ ਤੁਰੇ ਫਿਰਦੇ ਹਨ। ਅਜਿਹੇ ਲੋਕ ਗਿਆਨ ਦੀ ਇਵਜ਼ ਵਿਚ ਅਗਿਆਨਤਾ ਦਾ ਪ੍ਰਚਾਰ- ਪ੍ਰਸਾਰ ਕਰਦੇ ਹਨ।

ਪਰ ! ਗਿਆਨੀ ਵਿਅਕਤੀ ਦੀ ਪਛਾਣ ਨਿਮਰਤਾ ਅਤੇ ਮਿੱਠਾਪਣ ਹੁੰਦਾ ਹੈ। ਗਿਆਨ ਦਾ ਬੋਝ ਸਿਰ ਉੱਪਰ ਚੁੱਕ ਕੇ ਹਜ਼ਾਰਾਂ ਵਿਦਵਾਨ ਵਿੱਦਵਤਾ ਤੋਂ ਕੋਹਾਂ ਦੂਰ ਅਗਿਆਨਤਾ ਦੇ ਹਨ੍ਹੇਰੇ ਵਿਚ ਗੁਆਚੇ ਫਿਰਦੇ ਹਨ / ਭਟਕਦੇ ਫਿਰਦੇ ਹਨ। ਗਿਆਨ ਦਾ ਮੁੱਢਲਾ ਸਬਕ ਖ਼ੁਦ ਨੂੰ ਜਾਣ ਲੈਣਾ ਹੈ। ਜਿਹੜਾ ਮਨੁੱਖ ਖ਼ੁਦ ਨੂੰ ਜਾਣ ਗਿਆ ਉਸਨੂੰ ਫਿਰ ਕੁਝ ਹੋਰ ਜਾਣਨ ਦੀ ਜ਼ਰੂਰਤ ਨਹੀਂ ਹੁੰਦੀ/ ਕੁਝ ਹੋਰ ਪ੍ਰਾਪਤ ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਆਖ਼ਰ ਵਿਚ ਅੱਜ ਦੇ ਮਨੁੱਖ ਨੂੰ ਸਹੀ ਅਰਥਾਂ ਵਿਚ ਗਿਆਨਵਾਨ ਬਣਨ ਲਈ ਯਤਨ ਕਰਨੇ ਚਾਹੀਦੇ ਹਨ ਨਾ ਕਿ ਹੰਕਾਰ ਨਾਲ ਲਬਰੇਜ਼ ਸਖ਼ਸ਼ੀਅਤ; ਜਿਹੜੀ ਮਣਾਂ - ਮੂੰਹੀਂ 'ਗਿਆਨਤਾ' ਦਾ ਭਾਰ ਆਪਣੇ ਮੋਢਿਆਂ ਉੱਪਰ ਚੁੱਕੀ ਫਿਰਦੀ ਆਮ ਲੋਕਾਂ ਲਈ ਦੁੱਖ ਅਤੇ ਤਕਲੀਫ਼ ਦਾ ਕਾਰਨ ਬਣਦੀ ਹੈ। ਗਿਆਨ ਜਿੱਥੇ ਸਹਿਜ ਹੁੰਦਾ ਹੈ ਅਗਿਆਨ ਉੱਥੇ ਅਸਹਿਜ। ਗਿਆਨ ਦਿਖਾਵੇ ਤੋਂ ਪਰ੍ਹੇ ਹੁੰਦਾ ਹੈ ਅਤੇ ਗਿਆਨਤਾ ਦੀ ਪਛਾਣ ਹੀ ਦਿਖਾਵੇ ਅਤੇ ਭੇਖ ਵਿਚ ਹੁੰਦੀ ਹੈ। ਇਸ ਲਈ ਮਨੁੱਖ ਨੂੰ ਸਹੀ ਅਰਥਾਂ ਵਿਚ ਗਿਆਨਵਾਨ ਬਣਨ ਲਈ ਯਤਨ ਕਰਨੇ ਚਾਹੀਦੇ ਹਨ।

# ਆਮ ਲੋਕ ਅਤੇ ਚੋਣਾਂ



ਬਰਜਿੰਦਰ ਕੌਰ ਬਿਸਰਾਓ...
9988901324

ਆਮ ਲੋਕਾਂ ਕੋਲ ਪੰਜ ਸਾਲ ਬਾਅਦ ਆਪਣੀ ਵੋਟ ਦਾ ਇਸਤੇਮਾਲ ਕਰਕੇ ਆਪਣੀ ਭਵਿੱਖਤ ਸਰਕਾਰ ਚੁਣਨ ਦਾ ਮੌਕਾ ਹੁੰਦਾ ਹੈ। ਭਾਰਤ ਦਾ ਹਰ ਨਾਗਰਿਕ ਆਪਣੀ ਵੋਟ ਨੂੰ ਆਪਣੀ ਤਾਕਤ ਸਮਝ ਕੇ ਇਸਤੇਮਾਲ ਕਰਦਾ ਹੈ। ਆਮ ਲੋਕਾਂ ਦੀ ਵੋਟ ਦੀ ਤਾਕਤ ਦੇ ਸਿਰ ਤੇ ਹੀ ਰਾਜਾਂ ਦੀਆਂ ਸਰਕਾਰਾਂ ਅਤੇ ਕੇਂਦਰ ਦੀ ਸਰਕਾਰ ਬਣਦੀ ਹੈ। ਜਦ ਹਰ ਨਾਗਰਿਕ ਦੀ ਐਨੀ ਅਹਿਮੀਅਤ ਹੈ ਕਿ ਉਹ ਸਰਕਾਰ ਬਣਾਉਣ ਵਿੱਚ ਯੋਗਦਾਨ ਪਾਉਂਦਾ ਹੈ ਤਾਂ ਉਸ ਨੂੰ ਆਪਣੇ ਇਸ ਅਧਿਕਾਰ ਨੂੰ ਬਹੁਤ ਸੋਚ ਸਮਝ ਕੇ ਇਸਤੇਮਾਲ ਕਰਨਾ ਚਾਹੀਦਾ ਹੈ। ਆਮ ਲੋਕਾਂ ਵਿੱਚ ਸਾਰੇ ਵਰਗ ਆਉਂਦੇ ਹਨ ਜਿਵੇਂ ਅਮੀਰ, ਗਰੀਬ, ਸਰਕਾਰੀ ਅਤੇ ਗੈਰਸਰਕਾਰੀ ਮੁਲਾਜ਼ਮ, ਵੱਡੀਆਂ ਕੰਪਨੀਆਂ ਦੇ ਮਾਲਕਾਂ ਤੋਂ ਲੈਕੇ ਕਾਰਖਾਨਿਆਂ ਦੇ ਮਜ਼ਦੂਰਾਂ ਤੱਕ। ਚੋਣਾਂ ਵਿੱਚ ਹਰ ਇੱਕ ਦਾ ਅਧਿਕਾਰ ਬਰਾਬਰ ਹੁੰਦਾ ਹੈ ਪਰ ਇਸ ਦੀ ਵਰਤੋਂ ਹਰ ਕੋਈ ਆਪਣੇ ਆਪਣੇ ਢੰਗ ਨਾਲ ਕਰਦਾ ਹੈ। ਆਮ ਲੋਕਾਂ ਕੋਲ ਇਹ ਹੀ ਇੱਕ ਮੌਕਾ ਹੁੰਦਾ ਹੈ ਜਦ ਉਹਨਾਂ ਦੁਆਰਾ ਨਿਰੋਲ ਆਪਣੀ ਨਿੱਜੀ ਸੋਚ ਅਤੇ ਸਮਝ ਦਾ ਇਸਤੇਮਾਲ ਪੂਰੇ ਹੱਕ ਨਾਲ ਕੀਤਾ ਜਾਂਦਾ ਹੈ। ਆਮ ਲੋਕਾਂ ਵਿੱਚ ਵੋਟ ਪਾਉਣ ਦੇ ਅਧਿਕਾਰ ਨੂੰ ਲੈਕੇ ਜਾਗਰੂਕਤਾ ਤਾਂ ਬਹੁਤ ਹੁੰਦੀ ਹੈ ਪਰ ਕੀ ਇਸ ਦਾ ਇਸਤੇਮਾਲ ਕਰਨਾ ਉਹਨਾਂ ਵੱਲੋਂ ਬਿਲਕੁਲ ਨਿੱਜੀ ਫੈਸਲਾ ਹੁੰਦਾ ਹੈ ? ਬਹੁਤੇ ਲੋਕ ਤਾਂ ਆਪਣੀ ਵੋਟ ਦੀ ਤਾਕਤ ਨੂੰ ਵੀ ਕਿਸੇ ਪ੍ਰਭਾਵ ਹੇਠ ਹੀ ਇਸਤੇਮਾਲ ਕਰਦੇ ਹਨ। ਇਹ ਉਹ ਮੌਕਾ ਹੁੰਦਾ ਹੈ, ਜਦੋਂ ਵੋਟਰ ਪਿਛਲੀਆਂ ਚੋਣਾਂ ਵਿੱਚ ਚੁਣ ਕੇ ਭੇਜੇ ਗਏ ਆਪਣੇ ਨੁਮਾਇੰਦਿਆਂ ਤੇ ਹਾਕਮ ਧਿਰ ਦੀ ਪਿਛਲੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਦੇ ਹਨ। ਆਮ ਲੋਕਾਂ ਵੱਲੋਂ ਉਹਨਾਂ ਦੀਆਂ ਖ਼ਾਮੀਆਂ ਜਾਂ ਉਹਨਾਂ ਦੇ ਵਿਕਾਸਸ਼ੀਲ ਕਾਰਜਾਂ ਦੇ ਮੱਦੇਨਜ਼ਰ ਫ਼ੈਸਲੇ ਲਏ ਜਾਂਦੇ ਹਨ। ਆਮ ਲੋਕਾਂ ਵੱਲੋਂ ਚੋਣਾਂ ਵਿੱਚ ਆਸ ਕੀਤੀ ਜਾਂਦੀ ਹੈ ਕਿ ਸਾਰੀਆਂ ਸਿਆਸੀ ਧਿਰਾਂ ਆ ਰਹੀਆਂ ਚੋਣਾਂ ਦੇ ਪ੍ਰਚਾਰ ਦੌਰਾਨ ਆਪਣੀ ਕਾਰਗੁਜ਼ਾਰੀ ਤੋਂ ਉਹਨਾਂ ਨੂੰ ਜਾਣੂੰ ਕਰਵਾਉਣਗੀਆਂ। ਇਸ ਸੰਬੰਧੀ ਸਭ ਤੋਂ ਵੱਡੀ ਜ਼ਿੰਮੇਵਾਰੀ ਸੱਤਾਧਾਰੀ ਧਿਰ ਦੀ ਹੁੰਦੀ ਹੈ ਕਿ ਉਹ ਆਪਣੇ ਪੰਜ ਸਾਲਾਂ ਦਾ ਹਿਸਾਬ-ਕਿਤਾਬ ਆਮ ਲੋਕਾਂ ਦੀ ਕਚਹਿਰੀ ਵਿੱਚ ਰੱਖਣ ਤਾਂ ਜੋ ਲੋਕ ਇਸ ਸਿੱਟੇ ਤੇ ਪੁੱਜ ਸਕਣ ਕਿ ਪੰਜ ਸਾਲ ਪਹਿਲਾਂ ਜਿਹਨਾਂ ਆਗੂਆਂ ਨੂੰ ਉਹਨਾਂ ਸੱਤਾ ਸੌਂਪੀ ਸੀ, ਉਹ ਉਸ ਦੇ ਭਰੋਸੇ ਉੱਤੇ ਖਰੇ ਉਤਰੇ ਹਨ ਜਾਂ ਨਹੀਂ। ਵਿਰੋਧੀ ਪਾਰਟੀਆਂ ਵੀ ਆਮ ਲੋਕਾਂ ਨੂੰ ਸੱਤਾਧਾਰੀ ਧਿਰ ਦੀਆਂ ਕਮੀਆਂ ਗਿਣਾਉਂਦੀਆਂ ਹਨ ਅਤੇ ਆਪਣੇ ਵੱਲੋਂ ਵੱਡੇ-ਵੱਡੇ ਵਾਅਦੇ ਕਰਕੇ ਭਰਮਾਉਂਦੀਆਂ ਹਨ। ਮੈਨੀਫੈਸਟੋ ਜਾਰੀ ਕੀਤੇ ਜਾਂਦੇ ਹਨ। ਅਜ਼ਾਦੀ ਤੋਂ ਬਾਅਦ ਸਾਰੀਆਂ ਚੋਣਾਂ ਇਸੇ ਸੇਧ ਵਿੱਚ ਲੜੀਆਂ ਜਾਂਦੀਆਂ ਰਹੀਆਂ ਹਨ। ਆਮ ਲੋਕਾਂ ਦੀ ਬਿਹਤਰੀ ਲਈ ਜਿੰਨੇ ਵੱਡੇ ਦਾਅਵੇ ਅਤੇ ਵਾਅਦੇ ਕੀਤੇ ਜਾਂਦੇ ਹਨ,ਉਹ ਪਾਰਟੀਆਂ ਇਹਨਾਂ ਉੱਤੇ ਖ਼ਰੀਆਂ ਉੱਤਰ ਸਕਣਗੀਆਂ ਜਾਂ ਨਹੀਂ, ਕੀ ਆਮ ਵਿਅਕਤੀ ਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ ਕਿ ਨਹੀਂ ? ਆਮ ਆਦਮੀ ਨੂੰ ਇਸ ਬਾਰੇ ਪੂਰੀ ਸਮਝਦਾਰੀ ਹੋਣੀ ਚਾਹੀਦੀ ਹੈ ਕਿਉਂ ਕਿ ਬਹੁਤੇ ਵੱਡੇ ਵਾਅਦੇ ਕਰਨ ਵਾਲ਼ੀਆਂ ਰਾਜਨੀਤਕ ਪਾਰਟੀਆਂ ਵੱਲੋਂ ਵੀ ਆਮ ਲੋਕਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੁੰਦਾ ਹੈ। ਉਹ ਉਹਨਾਂ ਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰ ਰਹੀਆਂ ਹੁੰਦੀਆਂ ਹਨ।ਪਰ ਫਿਰ ਵੀ ਅੱਜ ਕੱਲ੍ਹ ਬਹੁਤੇ ਲੋਕ ਬਹੁਤ ਸਮਝਦਾਰ ਹੋ ਗਏ ਹਨ। ਰਾਜਨੀਤਿਕ ਲੋਕਾਂ ਲਈ ਚਾਹੇ ਸਾਰੀ ਜਨਤਾ ÷ਆਮ ਲੋਕ÷ ਹੁੰਦੀ ਹੈ ਪਰ ਚੋਣਾਂ ਵਿੱਚ ਇਹ ਆਮ ਲੋਕ ਹੀ ਬਹੁਤ ਖਾਸ ਹੁੰਦੇ ਹਨ।ਇਸ ਲਈ ਆਮ ਲੋਕਾਂ ਨੂੰ ਚੋਣਾਂ ਵਿੱਚ ਬੇਲੋੜੇ ਪ੍ਰਭਾਵ ਹੇਠ ਆ ਕੇ ਆਪਣੀ ਅਹਿਮੀਅਤ ਨਹੀਂ ਗਵਾਉਣੀ ਚਾਹੀਦੀ।

# ਜਦੋਂ ਮੇਰੇ ਚਪੇੜ੍ਹਾਂ ਪਈਆਂ ...

ਮਾਸਟਰ ਸੰਜੀਵ ਧਰਮਾਣੀ
9478561356

ਇਹ ਜ਼ਿੰਦਗੀ ਇਨਸਾਨ ਨੂੰ ਕਈ ਰੰਗ ਦਿਖਾਉਂਦੀ ਹੈ। ਖਾਸ ਕਰਕੇ ਉਦੋਂ ਜਦੋਂ ਇਨਸਾਨ ਦੇ ਉੱਤੇ ਘੋਰ - ਗਰੀਬੀ ਦੇ ਘਣਘੋਰ ਬੱਦਲ ਛਾਏ ਪਏ ਹੋਣ ਤੇ ਅਜੇਹੀ ਬਿਪਤਾ ਦੇ ਸਮੇਂ ਨੇੜਿਓਂ - ਦੂਰੋਂ ਕੋਈ ਵੀ ਉਸਦੀ ਸਹਾਇਤਾ ਕਰਨ ਦੀ ਥਾਂ ਹਰ ਕੋਈ ਮੂੰਹ ਮੋੜ ਕੇ ਬੈਠ ਗਿਆ ਹੋਵੇ ਤੇ ਹਾਂ ! ਉੱਪਰੋਂ ਮਾਤਾ - ਪਿਤਾ ਦਾ ਕੋਈ ਆਸਰਾ , ਪਿਆਰ ਤੇ ਸਹਿਯੋਗ ਵੀ ਨਾ ਮਿਲ ਪਾ ਰਿਹਾ ਹੋਵੇ। ਇਹ ਘਟਨਾ ਮੇਰੇ ਜੀਵਨ ਦੀ ਸੰਨ 1993 ਦੀ ਸੱਚੀ ਹੱਡਬੀਤੀ ਘਟਨਾ ਹੈ , ਜੋ ਮੇਰੇ ਬਚਪਨ ਦੇ ਸੰਕਟ , ਬਿਪਤਾ ਤੇ ਲਾਚਾਰੀ ਦੀ ਤਸਵੀਰ ਪੇਸ਼ ਕਰਦੀ ਹੈ। ਮੈਂ ਉਦੋਂ ਅੱਠਵੀਂ ਜਮਾਤ ਵਿੱਚ ਪੜ੍ਹ ਰਿਹਾ ਸੀ। ਘਰੇਲੂ ਮਾਹੌਲ ਅਸ਼ਾਂਤ , ਅਣਸੁਖਾਵਾਂ ਤੇ ਡਰਾਵਣਾ ਹੋਣ ਕਰਕੇ ਮੇਰੀ ਪੜ੍ਹਾਈ ਦੇ ਉੱਤੇ ਇਸ ਦਾ ਕਈ ਵਾਰ ਮਾੜਾ ਪ੍ਰਭਾਵ ਵੀ ਪਿਆ। ਪਰ ਪਰਮਾਤਮਾ ਦੀ ਕਿਰਪਾ ਨਾਲ਼ ਮੈਂ ਜਲਦੀ ਹੀ ਇਸ ਸਭ ਨੂੰ ਭੁਲਾ ਕੇ ਇਸ ਤੋਂ ਬਾਹਰ ਨਿਕਲ ਕੇ ਪੜ੍ਹਾਈ ਦੇ ਹੋਏ ਨੁਕਸਾਨ ਦੀ ਭਰਪਾਈ ਕਰ ਲੈਂਦਾ ਰਿਹਾ। ਇੱਕ ਵਾਰ ਮੈਂ ਕਿਸੇ ਕਰਿਆਨਾ ਦੁਕਾਨਦਾਰ ਤੋਂ ਲਗਭਗ 250 ਰੁਪਏ ਤੱਕ ਦਾ ਘਰੇਲੂ ਵਰਤੋਂ ਲਈ ਕਰਿਆਨੇ ਦਾ ਸਮਾਨ ਇੱਕ - ਦੋ ਮਹੀਨੇ ਲੈ ਲਿਆ , ਪਰ ਉਸ ਦੌਰਾਨ ਕਿਸੇ ਪਾਸਿਓਂ ( ਦਿਹਾੜੀ ਕਰਕੇ ਜਾਂ ਮੇਰੇ ਨਾਨਕੇ ਵੱਲੋਂ ਕੀਤੀ ਜਾਂਦੀ ਮੱਦਦ ਰਾਹੀਂ ) ਪੈਸਿਆਂ ਦਾ ਕੋਈ ਪ੍ਰਬੰਧ ਨਹੀਂ ਹੋਰ ਪਾ ਰਿਹਾ ਸੀ। ਮੇਰੀ ਤੇ ਮੇਰੀ ਮਾਤਾ ਦੀ ਚਿੰਤਾ ਵੀ ਵੱਧ ਰਹੀ ਸੀ। ਉਸ ਦੁਕਾਨਦਾਰ ਕੋਲ ਆਉਣਾ - ਜਾਣਾ ਵੀ ਮੈਂ ਹੁਣ ਲਗਭਗ ਬੰਦ ਹੀ ਕਰ ਦਿੱਤਾ ਸੀ। ਇੱਕ - ਦੋ ਵਾਰ ਉਹ ਆਪਣੇ ਕਰਿਆਨੇ ਦੇ ਪੈਸੇ ਲੈਣ ਲਈ ਸਾਡੇ ਘਰ ਵੀ ਆਇਆ ਤੇ ਫਿਰ ਅਸੀਂ ਉਸਦਾ ਮਿੰਨਤ - ਤਰਲਾ ਕਰਕੇ ਉਸ ਨੂੰ ਖਾਲੀ ਹੱਥ ਵਾਪਸ ਭੇਜ ਦਿੱਤਾ। ਮੈਨੂੰ ਵੀ ਇਸ ਗੱਲ ਦੀ ਚਿੰਤਾ ਹੋਣ ਲੱਗ ਪਈ। ਉੱਪਰੋਂ ਮੇਰੇ ਅੱਠਵੀਂ ਜਮਾਤ ਦੇ ਬੋਰਡ ਦੇ ਪੇਪਰ ਵੀ ਨਜ਼ਦੀਕ ਆ ਰਹੇ ਸਨ। ਕੁਝ ਦਿਨਾਂ ਬਾਅਦ ਮੈਂ ਘਰੋਂ ਸਾਈਕਲ @ਤੇ ਜਾ ਕੇ ਆਪਣਾ ਸਟੇਸ਼ਨਰੀ ਦਾ ਸਮਾਨ ਲਿਆਉਣ ਬਾਜ਼ਾਰ ਵੱਲ ਗਿਆ ਤਾਂ ਅਚਾਨਕ ਉਸ ਕਰਿਆਨਾ ਦੁਕਾਨਦਾਰ ਨੇ ਮੈਨੂੰ ਜ਼ੋਰ ਦੀ ਆਵਾਜ਼ ਦੇ ਕੇ ਪੈਸੇ ਦੇਣ ਦੀ ਗੱਲ ਮੈਨੂੰ ਸੁਣਾਈ। ਮੈਂ ਉਸ ਸਮੇਂ ਉਸ ਦੁਕਾਨਦਾਰ ਤੋਂ ਬਹੁਤ ਘਬਰਾ ਗਿਆ। ਮੈਨੂੰ ਇਹ ਚਿੰਤਾ ਸੀ ਕਿ ਉਹ ਕਿੱਧਰੇ ਮੇਰੀ ਜੇਬ ਵਿੱਚ ਅੱਠਵੀਂ ਜਮਾਤ ਦੇ ਪੱਕੇ ਪੇਪਰਾਂ ਲਈ ਸਟੇਸ਼ਨਰੀ ਖਰੀਦਣ ਲਈ ਰੱਖੇ 10 - 12 ਰੁਪਏ ਹੀ ਮੇਰੇ ਪਾਸੋਂ ਨਾ ਖੋਹ ਲਏ। ਇਸੇ ਡਰ ਕਰਕੇ ਮੈਂ ਉੱਥੋਂ ਭੱਜ ਜਾਣ ਦੀ ਸੋਚ ਕੇ ਆਪਣੀ ਸਾਇਕਲ ਤੇਜ਼ ਭਜਾਉਣ ਲੱਗਾ ਕਿ ਉਹ ਦੁਕਾਨਦਾਰ ਮੇਰੇ ਵੱਲ ਅਚਾਨਕ ਤੇਜ਼ੀ ਨਾਲ਼ ਦੌੜਿਆ - ਦੌੜਿਆ ਆਇਆ ਤੇ ਬਿਨਾਂ ਕੁਝ ਕਹੇ - ਸੁਣੇ ਉਹ ਮੈਨੂੰ ਗਾਲੀ - ਗਲੋਚ ਕਰਨ ਲੱਗਾ ਤੇ ਉਹ ਬਾਜ਼ਾਰ ਵਿੱਚ ਮੇਰੇ ਚਪੇੜਾਂ ਮਾਰਨ ਲੱਗ ਪਿਆ। ਆਖਰ ਉਸਨੇ ਮੇਰੀ ਜੇਬ ਵਿੱਚ ਪਏ 10 - 12 ਰੁਪਏ ਵੀ ਮੇਰੇ ਪਾਸੋਂ ਲੈ ਲਏ ਤੇ ਮੇਰੀ ਸਾਈਕਲ ਵੀ ਖੋਹ ਕੇ ਆਪਣੀ ਦੁਕਾਨ @ਤੇ ਜੰਦਰਾ ਲਗਾ ਕੇ ਰੱਖ ਲਈ। ਉਸਨੇ ਆਖਿਰ ਸਾਰਿਆਂ ਸਾਹਮਣੇ ਮੈਨੂੰ ਇਹ ਕਹਿ ਕੇ ਛੱਡਿਆ ਕਿ ਪੈਸੇ ਦੇ ਜਾਈਂ ਤੇ ਆਪਣਾ ਸਾਈਕਲ ਲੈ ਜਾਈਂ। ਜਦੋਂ ਘਰ ਜਾ ਕੇ ਪਿਤਾ ਜੀ ਨੇ ਸਾਈਕਲ ਬਾਰੇ ਮੈਨੂੰ ਪੁੱਛਿਆ ( ਮੇਰੇ ਪਿਤਾ ਜੀ ਬਹੁਤ ਸਖਤ ਸੁਭਾਅ ਦੇ ਮਾਲਕ ਰਹੇ ) ਤਾਂ ਡਰਦੇ - ਡਰਦੇ ਮੈਂ ਉਹਨਾਂ ਨੂੰ ਸਾਰੀ ਘਟਨਾ ਦੱਸੀ ; ਤਾਂ ਉਹਨਾਂ ਨੇ ਵੀ ਗੁੱਸੇ @ਚ ਆ ਕੇ ਮੇਰੇ ਚਪੇੜਾਂ ਮਾਰ ਦਿੱਤੀਆਂ ਤੇ ਕਿਹਾ ਕਿ ਤੂੰ ਸਾਈਕਲ ਛੱਡ ਕੇ ਕਿਵੇਂ ਇੱਥੇ ਘਰ ਆ ਗਿਆ ? ??? ਦੋਸਤੋ ! ਮੇਰੇ ਜੀਵਨ ਦੀ ਹਰ ਪਰਤ ਪਰਤ ਦਰ ਪਰਤ ਛੋਟੀਆਂ - ਵੱਡੀਆਂ ਕੌੜੀਆਂ - ਕੁਸੈਲੀਆਂ ਘਟਨਾਵਾਂ ਨਾਲ਼ ਭਰੀ ਪਈ ਹੈ ਤੇ ਕਈਆਂ ਨੂੰ ਤਾਂ ਇਹ ਸਭ ਕੁਝ ਪਰੀ - ਲੋਕ ਦੀ ਕਥਾ ਵਾਂਗ ਲੱਗਦਾ ਹੈ ਤੇ ਇਸ ਬਾਰੇ ਯਕੀਨ ਹੀ ਨਹੀਂ ਹੁੰਦਾ। ਜਿਸ ਨੇ ਆਪਣੇ ਪਿੰਡੇ @ਤੇ ਬਹੁਤ ਸਾਰਾ ਅਣਸੁਖਾਵਾਂ ਸੰਤਾਪ ਹੰਢਾਇਆ ਹੋਵੇ ਕੇਵਲ ਉਹੀ ਜਾਣਦਾ ਹੈ ਜਾਂ ਰੱਬ। ਪਰ ਬਹੁਤ ਡੂੰਘਿਆਈ ਨਾਲ਼ ਸੋਚਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਉਸ ਸਮੇਂ ਮੇਰੀ ਉਮਰ 12 ਕੁ ਸਾਲ ਦੀ ਸੀ ਤੇ ਮੇਰੇ ਦਿਲੋ - ਦਿਮਾਗ @ਤੇ ਇਸ ਘਟਨਾ ਦਾ ਉਸ ਸਮੇਂ ਕੀ ਅਸਰ ਹੋਇਆ ਹੋਵੇਗਾ ???? ਜਿਸ 12 ਕੁ ਸਾਲ ਦੀ ਉਮਰ ਦੇ ਬੱਚੇ ਨੂੰ ਭਰੇ ਬਾਜ਼ਾਰ ਵਿੱਚ ਉਸਦੇ ਬਿਨ੍ਹਾਂ ਕਸੂਰ ਕੀਤਿਆਂ ਚਪੇੜਾਂ ਮਾਰੀਆਂ ਗਈਆਂ ਹੋਣ ਤੇ ਉਸ ਪਾਸੋਂ ਉਸਦੇ ਪੇਪਰਾਂ ਦੇ ਸਟੇਸ਼ਨਰੀ ਦੇ ਖਰਚ ਲਈ ਜੇਬ ਵਿੱਚ ਰੱਖੇ 10 - 12 ਰੁਪਏ ਅਤੇ ਉਸਦਾ ਸਾਈਕਲ ਵੀ ਖੋਹ ਲਿਆ ਗਿਆ ਹੋਵੇ , ਉਸ ਬੱਚੇ ਨੇ ਉਸ ਨਿੱਕੀ ਮਾਸੂਮ ਜ਼ਿੰਦਗੀ ਵਿੱਚ ਜਦੋਂ ਹੱਸਣਾ - ਖੇਡਣਾ ਸੀ , ਅਜਿਹੀ ਦੁੱਖਦਾਈ ਅਤੇ ਸੰਤਾਪ ਭਰੀ ਅਵਸਥਾ ਤੋਂ ਹੀ ਨਿਰੰਤਰ ਥੱਕੇ - ਠੇਡੇ ਖਾ ਕੇ ਤੇ ਸੰਘਰਸ਼ ਕਰਦੇ - ਕਰਦੇ ਉਹ ਕਿਵੇਂ ਸਰਕਾਰੀ ਅਧਿਆਪਕ ਦੀ ਨੌਕਰੀ ਤੱਕ ਪਹੁੰਚਿਆ ਹੋਵੇਗਾ ??? ਇਸ ਬਾਰੇ ਕੁਝ ਪਲ ਗੌਰ ਜ਼ਰੂਰ ਕਰਿਓ ! ਸੱਚਮੁੱਚ ! ਬੁਰੇ ਹਾਲਾਤ , ਮਜਬੂਰੀ , ਲਾਚਾਰੀ ਤੇ ਗਰੀਬੀ ਬੰਦੇ ਨੂੰ ਤੋੜ ਕੇ ਰੱਖ ਦਿੰਦੀ ਹੈ। ਰੱਬ ਕਰੇ ! ਕਿਸੇ @ਤੇ ਵੀ ਅਜਿਹੇ ਦਿਨ ਨਾ ਆਉਣ।

## ਨਿਰਮੋਹੇ/ਮਿੰਨੀ ਕਹਾਣੀ

ਕਰਮਜੀਤ ਦੀ ਮੰਮੀ ਦੀ ਮੌਤ ਹੋਈ ਨੂੰ ਇੱਕ ਸਾਲ ਹੋ ਚੱਲਿਆ ਸੀ।ਮੰਮੀ ਦੀ ਮੌਤ ਤੋਂ ਬਾਅਦ ਉਹ ਇੱਕ ਵਾਰ ਵੀ ਪੇਕੇ ਨਹੀਂ ਗਈ ਸੀ।ਫੋਨ ਕਰਕੇ ਹੀ ਭਰਾ-ਭਰਜਾਈ ਦਾ ਹਾਲ-ਚਾਲ ਪੁੱਛਦੀ ਰਹਿੰਦੀ ਸੀ।ਉਸ ਨੂੰ ਭਰਾ-ਭਰਜਾਈ ਦਾ ਵੀ ਕਦੇ, ਕਦੇ ਫੋਨ ਆ ਜਾਂਦਾ ਸੀ।ਅੱਜ ਉਸ ਦਾ ਦਿਲ ਕੀਤਾ ਕਿ ਉਹ ਭਰਾ-ਭਰਜਾਈ ਨੂੰ ਮਿਲ ਕੇ ਆਵੇ।ਉਸ ਨੇ ਆਪਣੀ ਐਕਟਿਵਾ ਸਕੂਟਰੀ ਸਟਾਰਟ ਕੀਤੀ ਤੇ ਪੇਕੇ ਘਰ ਨੂੰ ਤੁਰ ਪਈ।ਉਹ ਚਾਲੀ ਕੁ ਮਿੰਟਾਂ ਵਿੱਚ ਪੇਕੇ ਘਰ ਪਹੁੰਚ ਗਈ।ਉਸ ਦੇ ਭਰਾ-ਭਰਜਾਈ ਘਰ ਹੀ ਸਨ।ਉਹ ਦੋਵੇਂ ਉਸ ਨੂੰ ਵੇਖ ਕੇ ਖੜ੍ਹ ਗਏ ਤੇ ਉਸ ਨੂੰ ਗਲ਼ ਲੱਗ ਕੇ ਮਿਲੇ।

"ਮੈਂ ਤੇ ਤੇਰਾ ਭਾਅ ਜੀ ਤੈਨੂੰ ਬਹੁਤ ਮਿੱਸ ਕਰਦੇ ਸੀ।ਬੱਸ ਕੰਮਾਂ-ਕਾਰਾਂ ਤੋਂ ਵਿਹਲ ਨ੍ਹੀ ਮਿਲਦਾ।ਆ ਬੈਠ ਸੋਫੇ ਤੇ।ਮੈਂ ਚਾਹ-ਪਾਣੀ ਲੈ ਕੇ ਆਵਾਂ।"ਕਰਮਜੀਤ ਦੀ ਭਰਜਾਈ ਨੇ ਆਖਿਆ।

ਕਰਮਜੀਤ ਸੋਫੇ ਤੇ ਬੈਠ ਗਈ।ਕੁੱਝ ਮਿੰਟਾਂ ਪਿੱਛੋਂ ਉਸ ਦੀ ਭਰਜਾਈ ਚਾਹ-ਪਾਣੀ ਲੈ ਕੇ ਆ ਗਈ।ਤਿੰਨਾਂ ਨੇ ਬੈਠ ਕੇ ਚਾਹ- ਪਾਣੀ ਪੀਤਾ ਤੇ ਢੇਰ ਸਾਰੀਆਂ ਗੱਲਾਂ ਕੀਤੀਆਂ।ਕਰਮਜੀਤ ਨੂੰ ਕਈ ਜ਼ਨਾਨੀਆਂ ਨੇ ਦੱਸਿਆ ਸੀ ਕਿ ਮਾਵਾਂ ਤੋਂ ਬਾਅਦ ਪੇਕੇ ਘਰ ਕੁੜੀਆਂ ਨੂੰ ਕੋਈ ਨ੍ਹੀ ਪੁੱਛਦਾ।ਭਰਾ-ਭਰਜਾਈ ਨਿਰਮੋਹੇ ਹੋ ਜਾਂਦੇ ਆ।ਕੁੜੀਆਂ ਦੀ ਪੇਕੇ ਘਰ ਪਹਿਲੇ ਜਿੰਨੀ ਕਦਰ ਨ੍ਹੀ ਹੁੰਦੀ। ਪਰ ਅੱਜ ਉਸ ਦੇ ਭਰਾ-ਭਰਜਾਈ ਨੇ ਇਹ ਗੱਲਾਂ ਝੂਠੀਆਂ ਸਾਬਤ ਕਰ ਦਿੱਤੀਆਂ। ਦੋ -ਤਿੰਨ ਘੰਟਿਆਂ ਪਿੱਛੋਂ ਜਦ ਉਹ ਵਾਪਸ ਆਣ ਲਈ ਉੱਠ ਕੇ ਖੜ੍ਹੀ ਹੋਈ,ਤਾਂ ਉਸ ਦੀ ਭਰਜਾਈ ਨੇ ਪੰਜ ਸੌ ਦਾ ਨੋਟ ਫੜਾਂਦਿਆਂ ਆਖਿਆ,"ਦੀਦੀ ਛੇਤੀ, ਛੇਤੀ ਆ ਜਾਇਆ ਕਰ।ਸਾਨੂੰ ਇੱਥੇ ਮਿਲਣ ਨੂੰ ਕਿਹੜਾ ਹੋਰ ਕੋਈ ਆ।""ਭਾਬੀ ਮੈਨੂੰ ਪੈਸੇ ਨ੍ਹੀ ਚਾਹੀਦੇ। ਬੱਸ ਮੈਂ ਇਹੋ ਚਾਹੁੰਨੀ ਆਂ ਕਿ ਤੁਸੀਂ ਕਦੇ ਵੀ ਨਿਰਮੋਹੇ ਨਾ ਬਣਿਉਂ।ਜਿੱਦਾਂ ਅੱਜ ਤੁਸੀਂ ਮੋਹ ਨਾਲ ਮਿਲੇ ਹੋ, ਸਦਾ ਏਦਾਂ ਹੀ ਮਿਲਦੇ ਰਹਿਣਾ।"

ਏਨਾ ਕਹਿ ਕੇ ਉਸ ਨੇ ਭਰਾ-ਭਰਜਾਈ ਤੋਂ ਜਾਣ ਦੀ ਆਗਿਆ ਲਈ ਤੇ ਸਕੂਟਰੀ ਸਟਾਰਟ ਕਰਕੇ ਆਪਣੇ ਪੇਕੇ ਘਰ ਤੋਂ ਤੁਰ ਪਈ।

ਮਹਿੰਦਰ ਸਿੰਘ ਮਾਨ
ਫੋਨ 9915803554

(23 ਜਨਵਰੀ ਜਨਮਦਿਨ 'ਤੇ ਵਿਸ਼ੇਸ਼)

# ਕ੍ਰਾਂਤੀਕਾਰੀ ਯੋਧਾ ਸਨ ਨੇਤਾਜੀ ਸੁਭਾਸ਼ ਚੰਦਰ ਬੋਸ

**ਸੁਭਾਸ਼ ਚੰਦਰ ਬੋਸ ਨੇ 1936 'ਚ ਸੈਕਟਰੀ ਅਤੇ ਆਸਟ੍ਰੀਅਨ ਲੜਕੀ ਏਮਿਲੀ ਨਾਲ ਵਿਆਹ ਕਰ ਲਿਆ। ਉਨ੍ਹਾਂ ਦੋਨਾਂ ਦੀ ਅਨੀਤਾ ਨਾਂਅ ਦੀ ਇਕ ਬੇਟੀ ਵੀ ਹੋਈ ਜੋ ਇਸ ਸਮੇਂ ਜਰਮਨੀ 'ਚ ਪਰਿਵਾਰ ਸਮੇਤ ਰਹਿ ਰਹੀ ਹੈ। ਨੇਤਾਜੀ ਹਿਟਲਰ ਨਾਲ ਵੀ ਮਿਲੇ।1943 'ਚ ਉਨਾਂ ਨੇ ਜਰਮਨੀ ਦਾ ਦੌਰਾ ਕੀਤਾ। ਉਥੋਂ ਅੱਗੇ ਉਹ ਜਪਾਨ ਪਹੁੰਚੇ।ਜਪਾਨ ਤੋਂ ਨੇਤਾਜੀ ਸਿੰਗਾਪੁਰ ਪਹੁੰਚੇ। ਜਿਥੇ ਉਨ੍ਹਾਂ ਨੇ ਕੈਪਟਨ ਮੋਹਨ ਸਿੰਘ ਵੱਲੋਂ ਸਥਾਪਤ ਆਜਾਦ ਹਿੰਦ ਫੌਜ ਦੀ ਕਮਾਨ ਆਪਣੇ ਹੱਥ 'ਚ ਲੈ ਲਈ। ਉਸ ਵਕਤ ਰਾਮ ਬਿਹਾਰੀ ਬੋਸ ਆਜਾਦ ਹਿੰਦ ਦੇ ਨੇਤਾ ਸਨ। ਉਨ੍ਹਾਂ ਨੇ ਆਜਾਦ ਹਿੰਦ ਫੌਜ ਦਾ ਪੁਨਰਗਠਨ ਕੀਤਾ। ਮਹਿਲਾਵਾਂ ਦੇ ਲਈ ਰਾਨੀ ਝਾਂਸੀ ਰੈਜੀਮੇਂਟ ਦਾ ਵੀ ਗਠਨ ਕੀਤਾ ਗਿਆ, ਲਕਸ਼ਮੀ ਸਹਿਗਲ ਜਿਸਦੀ ਕਪਤਾਨ ਬਣੀ।**

ਨੇਤਾ ਜੀ ਸੁਭਾਸ਼ ਚੰਦਰ ਬੋਸ ਭਾਰਤ ਦੇ ਆਜਾਦੀ ਅੰਦੋਲਣ ਦੇ ਪ੍ਰਮੁੱਖ ਨੇਤਾ ਸਨ। ਉਨ੍ਹਾਂ ਵੱਲੋਂ ਦਿੱਤਾ ਗਿਆ ਜੈ ਹਿੰਦ ਦਾ ਨਾਅਰਾ ਭਾਰਤ ਦਾ ਰਾਸ਼ਟਰੀ ਨਾਅਰਾ ਬਣ ਗਿਆ। ਤੁਸੀਂ ਮੈਨੂੰ ਖੂਨ ਦਿਓ ,ਮੈਂ ਤੁਹਾਨੂੰ ਆਜਾਦੀ ਦਿਆਂਗਾ,ਉਨ੍ਹਾਂ ਦਾ ਇਹ ਨਾਅਰਾ ਵੀ ਉਸ ਸਮੇਂ ਬਹੁਤ ਜਿਆਦਾ ਪ੍ਰਸਾਰਣ 'ਚ ਆਇਆ।ਦੂਜੇ ਵਿਸ਼ਵ ਯੁੱਧ ਦੇ ਦੌਰਾਨ ਅੰਗੇਜਾਂ ਦੇ ਖਿਲਾਫ ਲੜਨ ਦੇ ਲਈ ਉਨ੍ਹਾਂ ਨੇ ਜਪਾਨ ਦੇ ਸਹਿਯੋਗ ਦੇ ਨਾਲ ਆਜਾਦ ਹਿੰਦ ਫੌਜ਼ ਦੀ ਸਥਾਪਨਾ ਕੀਤੀ ਸੀ।

ਨੇਤਾਜੀ ਸੁਭਾਸ਼ ਚੰਦਰ ਬੋਸ ਦਾ ਜਨਮ 23 ਜਨਵਰੀ 1897 ਨੂੰ ਉਡੀਸ਼ਾ ਦੇ ਕਟਕ 'ਚ ਇਕ ਬੰਗਾਲੀ ਪਰਿਵਾਰ 'ਚ ਹੋਇਆ ਸੀ।ਬੋਸ ਦੇ ਪਿਤਾ ਦਾ ਨਾਂਅ ਜਾਨਕੀਨਾਥ ਬੋਸ ਅਤੇ ਮਾਤਾ ਦਾ ਨਾਂਅ ਪ੍ਰਭਾਵਤੀ ਸੀ।ਜਾਨਕੀਨਾਥ ਦੀਆਂ ਕੁਲ ਮਿਲਾ ਕੇ 14 ਸੰਤਾਨਾਂ ਸਨ, ਜਿਸ 'ਚੋਂ 6 ਲੜਕੀਆਂ ਅਤੇ 8 ਪੁੱਤਰ ਸਨ। ਸੁਭਾਸ਼ ਚੰਦਰ ਉਨ੍ਹਾਂ ਦੀ ਨੌਂਵੀ ਸੰਤਾਨ ਅਤੇ ਪੰਜਵੇਂ ਪੁੱਤਰ ਸਨ।ਨੇਤਾਜੀ ਨੇ ਆਪਣੀ ਮੁੱਢਲੀ ਪੜ੍ਹਾਈ ਕਟਕ ਦੇ ਰੇਵੇਂਸ਼ਾਵ ਕਾਲਜੀਏਟ ਸਕੂਲ 'ਚੋਂ ਪ੍ਰਾਪਤ ਕੀਤੀ।ਉਸ ਤੋਂ ਬਾਅਦ ਉਨ੍ਹਾ ਦੀ ਪੜਾਈ ਕੋਲਕਾਤਾ ਦੇ ਪ੍ਰੈਜੀਡੈਂਸੀ ਕਾਲਜ ਅਤੇ ਸਕੌਟਿਸ਼ ਚਰਚ ਕਾਲਜ 'ਚੋਂ ਹੋਈ।ਉਸ ਤੋਂ ਬਾਅਦ ਭਾਰਤੀ ਪ੍ਰਸ਼ਾਸਨਿਕ ਸੇਵਾ ਦੀ ਤਿਆਰੀ ਕਰਨ ਦੇ ਲਈ ਉਨ੍ਹਾਂ ਦੇ ਮਾਤਾ-ਪਿਤਾ ਨੇ ਬੋਸ ਨੂੰ ਇੰਗਲੈਂਡ ਦੀ ਕੈਂਬ੍ਰਿਜ ਯੂਨੀਵਰਸਿਟੀ ਭੇਜ ਦਿੱਤਾ।ਉਨ੍ਹਾਂ ਨੇ ਸਿਵਲ ਸਰਵਿਸ ਪ੍ਰੀਖਿਆ 'ਚ ਚੌਥੀ ਥਾਂ ਹਾਸਲ ਕੀਤੀ।1921 'ਚ ਭਾਰਤ 'ਚ ਵਧਦੀਆਂ ਰਾਜਨੀਤਿਕ ਗਤੀਵਿਧੀਆਂ ਦੀ ਖਬਰ ਮਿਲਦੇ ਹੀ ਬੋਸ ਸਿਵਲ ਸਰਵਿਸ ਛੱਡ ਕੇ ਕਾਂਗ੍ਰਸ ਦੇ ਨਾਲ ਜੁੜ ਗਏ।।1928 'ਚ ਜਦੋਂ ਸਾਈਮਨ ਕਮੀਸ਼ਨ ਭਾਰਤ ਆਇਆ ਉਦੋਂ ਕਾਂਗ੍ਰਸ ਨੇ ਉਸ ਨੂੰ ਕਾਲ ਝੰਡੇ ਦਿਖਾਏ।ਕੋਲਕਾਤਾ 'ਚ ਸੁਭਾਸ਼ ਨੇ ਇਸ ਅੰਦੋਲਣ ਦੀ ਅਗਵਾਈ ਕੀਤੀ।ਸਾਈਮਨ ਕਮੀਸ਼ਨ ਨੂੰ ਜਵਾਬ ਦੇਣ ਦੇ ਲਈ ਕਾਂਗ੍ਰਸ ਨੇ ਭਾਰਤ ਦਾ ਸੰਵਿਧਾਨ ਬਣਾਉਣ ਦਾ ਕੰਮ ਅੱਠ ਮੈਂਬਰੀ ਕਮੇਟੀ ਨੂੰ ਸੌਂਪਿਆ। ਮੋਤੀ ਲਾਲ ਨਹਿਰੂ ਇਸ ਸੰਮਤੀ ਦੇ ਸਕੱਤਰ ਅਤੇ ਸੁਭਾਸ਼ ਚੰਦਰ ਇਸ ਦੇ ਸਰਗਰਮ ਮੈਂਬਰ ਸਨ।

1928 'ਚ ਮੋਤੀਲਾਲ ਨਹਿਰੂ ਦੀ ਅਗਵਾਈ 'ਚ ਕਾਂਗ੍ਰਸ ਦੀ ਸਾਲਾਨਾ ਬੈਠਕ ਕੋਲਕਾਤਾ 'ਚ ਹੋਈ। ਇਸ ਬੈਠਕ 'ਚ ਸੁਭਾਸ਼ ਨੇ ਖਾਕੀ ਵਰਦੀ ਧਾਰਣ ਕਰਕੇ ਮੋਤੀਲਾਲ ਨਹਿਰੂ ਨੂੰ ਫੌਜੀ ਤਰੀਕੇ ਨਾਲ ਸਲਾਮੀ ਦਿੱਤੀ।

26 ਜਨਵਰੀ 1931 ਨੂੰ ਕੋਲਕਾਤਾ 'ਚ ਰਾਸ਼ਟਰੀ ਝੰਡਾ ਫਹਿਰਾ ਕੇ ਸੁਭਾਸ਼ ਇਕ ਵੱਡੇ ਇਕੱਠ ਦੀ ਮੋਰਚੇ ਦੇ ਰੂਪ 'ਚ ਅਗਵਾਈ ਕਰ ਰਹੇ ਸਨ ਉਦੋਂ ਪੁਲਿਸ ਨੇ ਉਨ੍ਹਾਂ 'ਤੇ ਲਾਠੀ ਚਾਰਜ ਕੀਤਾ ਅਤੇ ਉਨ੍ਹਾਂ ਨੂੰ ਜਖਮੀ ਕਰਕੇ ਜੇਲ ਭੇਜ ਦਿੱਤਾ। ਜਦੋਂ ਸੁਭਾਸ਼ ਜੇਲ 'ਚ ਸਨ ਉਦੋਂ ਗਾਂਧੀ ਜੀ ਨੇ ਅੰਗ੍ਰੇਜ ਸਰਕਾਰ ਨਾਲ ਸਮਝੋਤਾ ਕਰਕੇ ਸਾਰੇ ਕੈਦੀ ਰਿਹਾ ਕਰਵਾ ਦਿੱਤੇ। ਪਰ ਅੰਗ੍ਰੇਜੀ ਸਰਕਾਰ ਨੇ ਭਗਤ ਸਿੰਘ ਜਿਹੇ ਕ੍ਰਾਂਤੀਕਾਰੀਆਂ ਨੂੰ ਰਿਹਾ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਭਗਤ ਸਿੰਘ ਦੀ ਫਾਂਸੀ ਮਾਫ ਕਰਵਾਉਣ ਦੇ ਲਈ ਗਾਂਧੀ ਜੀ ਨੇ ਸਰਕਾਰ ਨਾਲ ਗੱਲ ਤਾਂ ਕੀਤੀ ਪਰ ਬਹੁਤ ਹੀ ਨਰਮੀ ਨਾਲ।ਸੁਭਾਸ਼ ਚਾਹੁੰਦੇ ਸਨ ਕਿ ਇਸ ਵਿਸ਼ੇ 'ਤੇ ਗਾਂਧੀਜੀ ਅੰਗ੍ਰੇਜ ਸਰਕਾਰ ਦੇ ਨਾਲ ਸਮਝੌਤਾ ਤੋੜ ਦੇਣ।ਪਰ ਗਾਂਧੀਜੀ ਆਪਣੇ ਵੱਲੋਂ ਦਿੱਤਾ ਗਿਆ ਵਚਨ ਤੋੜਨ ਲਈ ਰਾਹੀ ਨਹੀਂ ਸਨ।ਅੰਗ੍ਰੇਜ ਸਰਕਾਰ ਆਪਣੀ ਥਾਂ 'ਤੇ ਅੜੀ ਰਹੀ ਅਤੇ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਫਾਂਸੀ ਦੇ ਦਿੱਤੀ। ਭਗਤ ਸਿੰਘ ਨੂੰ ਨਾ ਬਚਾ ਪਾਉਣ 'ਤੇ ਸੁਭਾਸ਼ ਗਾਂਧੀ ਅਤੇ ਕਾਂਗ੍ਰਸ ਦੇ ਤੌਰ -ਤਰੀਕਿਆਂ 'ਤੇ ਬਹੁਤ ਨਰਾਜ ਹੋ ਗਏ।

1930 'ਚ ਸੁਭਾਸ਼ ਜੇਲ 'ਚ ਬੰਦ ਹੀ ਸਨ ਕਿ ਚੋਣਾਂ 'ਚ ਉਨ੍ਹਾਂ ਨੂੰ ਕਾਂਗ੍ਰਸ ਦਾ ਮੇਅਰ ਬਣਾਇਆ ਗਿਆ। 1932 'ਚ ਸੁਭਾਸ਼ ਨੂੰ ਫਿਰ ਜੇਲ ਹੋ ਗਈ। ਇਸ ਵਾਰ ਉਨ੍ਹਾਂ ਨੂੰ ਅਲਮੋੜਾ ਜੇਲ 'ਚ ਰੱਖਿਆ ਗਿਆ। ਅਲਮੋੜਾ ਜੇਲ 'ਚ ਉਨ੍ਹਾਂ ਦੀ ਤਬੀਅਤ ਖਰਾਬ ਹੋ ਗਈ। ਡਾਕਟਰਾਂ ਦੀ ਸਲਾਹ 'ਤੇ ਸੁਭਾਸ਼ ਇਲਾਜ ਦੇ ਲਈ ਯੂਰੋਪ ਜਾਣ ਨੂੰ ਰਾਜੀ ਹੋ ਗਏ। ਸਨ, 1933 ਤੋਂ 1936 ਤੱਕ ਸੁਭਾਸ਼ ਯੂਰੋਪ 'ਚ ਰਹੇ। ਯੂਰੋਪ 'ਚ ਸੁਭਾਸ਼ ਨੇ ਆਪਣੀ ਸਿਹਤ ਦਾ ਖਿਆਲ ਰੱਖਦੇ ਹੋਏ ਆਪਣਾ ਕੰਮ ਵੀ ਨਾਲ-ਨਾਲ ਜਾਰੀ ਰੱਖਿਆ। ਉਥੇ ਉਹ ਇਟਲੀ ਦੇ ਨੇਤਾ ਮੂਸੋਲਿਨੀ ਨਾਲ ਮਿਲੇ, ਜਿਨਾਂ ਨੇ ਉਨ੍ਹਾਂ ਨੂੰ ਭਾਰਤ ਦੇ ਆਜਾਦੀ ਅੰਦੋਲਣ 'ਚ ਮਦਦ ਕਰਨ ਦਾ ਵਚਨ ਦਿੱਤਾ।

1934 'ਚ ਸੁਭਾਸ਼ ਨੂੰ ਉਨ੍ਹਾਂ ਦੇ ਪਿਤਾ ਦੇ ਬਿਮਾਰ ਹੋਣ ਕਾਰਨ ਅੰਤਿਮ ਸਾਹਾਂ 'ਤੇ ਹੋਣ ਦੀ ਖਬਰ ਮਿਲੀ। ਖਬਰ ਸੁਣਦੇ ਹੀ ਉਹ ਹਵਾਈ ਜਹਾਜ 'ਤੋਂ ਕਰਾਚੀ ਹੁੰਦੇ ਹੋਏ ਕੋਲਕਾਤਾ ਪੁੱਜੇ। ਹਾਲਾਂਕਿ ਉਨ੍ਹਾਂ ਨੂੰ ਕਰਾਚੀ ਪੰਹੁਚਣ 'ਤੇ ਹੀ ਪਤਾ ਚੱਲ ਗਿਆ ਸੀ ਕਿ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਪਰ ਫਿਰ ਵੀ ਉਹ ਕੋਲਕਾਤਾ ਗਏ। ਕੋਲਕਾਤਾ ਪਹੁੰਚਦੇ ਹੀ ਅੰਗ੍ਰੇਜ ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਕਈ ਦਿਨ ਜੇਲ 'ਚ ਰੱਖ ਕੇ ਵਾਪਸ ਯੂਰੋਪ ਭੇਜ ਦਿੱਤਾ।

ਸਾਰਵਜਨਿਕ ਜਿੰਦਗੀ 'ਚ ਸੁਭਾਸ਼ ਨੂੰ ਕਈ ਵਾਰ ਜੇਲ ਜਾਣਾ ਪਿਆ। 1938 'ਚ ਕਾਂਗ੍ਰਸ ਦੀ ਸਾਲਾਨਾ ਬੈਠਕ ਹਰੀਪੁਰਾ 'ਚ ਹੋਣੀ ਤੈਅ ਹੋਈ।ਇਸ ਬੈਠਕ ਤੋਂ ਪਹਿਲਾਂ ਗਾਂਧੀ ਜੀ ਨੇ ਕਾਂਗ੍ਰਸ ਸਕੱਤਰ ਅਹੁਦੇ ਦੇ ਲਈ ਸੁਭਾਸ਼ ਨੂੰ ਚੁਣਿਆ। ਇਸ ਬੈਠਕ 'ਚ ਸੁਭਾਸ਼ ਦਾ ਭਾਸ਼ਣ ਬਹੁਤ ਹੀ ਪ੍ਰਭਾਵਸ਼ਾਲੀ ਸੀ। ਕਿਸੇ ਵੀ ਭਾਰਤੀ ਰਾਜਨੀਤਿਕ ਵਿਅਕਤੀ ਨੇ ਸ਼ਇਦ ਹੀ ਐਨਾ ਪ੍ਰਭਾਵਸ਼ਾਲੀ ਭਾਸ਼ਣ ਕਦੇ ਦਿੱਤਾ ਹੋਵੇ।

ਸੁਭਾਸ਼ ਨੇ ਬੰਗਲੌਰ 'ਚ ਮਸ਼ਹੂਰ ਵਿਗਿਆਨਕ ਸਰ ਵਿਸ਼ਵੇਸ਼ਵਰ ਰਾਏ ਦੀ ਅਗਵਾਈ 'ਚ ਇਕ ਵਿਗਿਆਨ ਪ੍ਰੀਸ਼ਦ ਦੀ ਸਥਾਪਨਾ ਵੀ ਕੀਤੀ। 1938, 'ਚ ਗਾਂਧੀ ਜੀ ਨੇ ਕਾਂਗ੍ਰਸ ਸਕੱਤਰ ਦੇ ਅਹੁਦੇ ਲਈ ਸੁਭਾਸ਼ ਦੀ ਚੋਣ ਤਾਂ ਕੀਤੀ ਸੀ ਪਰ ਉਨ੍ਹਾਂ ਨੂੰ ਸੁਭਾਸ਼ ਦੀ ਕਾਰਜਸ਼ੈਲੀ ਪਸੰਦ ਨਹੀਂ ਆਈ। ਇਸੇ ਦੌਰਾਨ ਯੂਰੋਪ 'ਚ ਦੂਜੇ ਵਿਸ਼ਵ ਯੁੱਧ ਦੇ ਬੱਦਲ ਛਾ ਗਏ ਸਨ। ਸੁਭਾਸ਼ ਚਾਹੁੰਦੇ ਸਨ ਕਿ ਇੰਗਲੈਂਡ ਦੀ ਇਸ ਮੁਸ਼ਕਿਲ ਦਾ ਫਾਇਦਾ ਚੁੱਕ ਕੇ ਭਾਰਤ ਦੇ ਆਜਾਦੀ ਸੰਗ੍ਰਾਮ ਨੂੰ ਤੇਜ਼ ਕੀਤਾ ਜਾਵੇ। ਉਨ੍ਹਾਂ ਨੇ ਆਪਣੇ ਸਕੱਤਰ ਅਹੁਦੇ ਦੇ ਕਾਰਜਕਾਲ 'ਚ ਇਸ ਵੱਲ ਕਦਮ ਚੱਕਣੇ ਹੋਰ ਤੇਜ ਕਰ ਦਿੱਤੇ ਸਨ ਪਰ ਗਾਂਧੀ ਜੀ ਇਸ ਨਾਲ ਸਹਿਮਤ ਨਹੀਂ ਸਨ। 1939 'ਚ ਜਦੋਂ ਨਵਾਂ ਕਾਂਗ੍ਰਸ ਸਕੱਤਰ ਚੁਣਨ ਦਾ ਸਮਾਂ ਆਇਆ ਉਦੋਂ ਸੁਭਾਸ਼ ਚਾਹੁੰਦੇ ਸਨ ਕਿ ਕੋਈ ਅਜਿਹਾ ਵਿਅਕਤੀ ਸਕੱਤਰ ਬਣਾਇਆ ਜਾਵੇ ਜੋ ਇਸ ਮਾਮਲੇ 'ਚ ਕਿਸੇ ਦਬਾਅ ਅੱਗੇ ਬਿਲਕੁਲ ਨਾ ਝੁਕੇ।ਅਜਿਹੇ ਕਿਸੇ ਹੋਰ ਵਿਅਕਤੀ ਦੇ ਸਾਹਮਣੇ ਨ ਆਉਣ ਕਾਰਨ ਸੁਭਾਸ਼ ਖੁਦ ਹੀ ਕਾਂਗ੍ਰਸ ਸਕੱਤਰ ਅਹੁਦੇ 'ਤੇ ਬਣੇ ਰਹੇ।

ਪਰ ਗਾਂਧੀ ਜੀ ਉਨ੍ਹਾਂ ਨੂੰ ਸਕੱਤਰ ਦੇ ਅਹੁਦੇ ਤੋਂ ਹਟਾਉਣਾ ਚਾਹੁੰਦੇ ਸਨ।ਗਾਂਧੀ ਜੀ ਨੇ ਸਕੱਤਰ ਅਹੁਦੇ ਦੇ ਲਈ ਪੱਟਾਭਈ ਸੀਤਾਰਮਈਯਾ ਨੂੰ ਚੁਣਿਆ।ਕਈ ਸਾਲਾਂ ਬਾਅਦ ਕਾਂਗ੍ਰਸ ਪਾਰਟੀ ਦੇ ਸਕੱਤਰ ਦੇ ਅਹੁਦੇ ਲਈ ਚੋਣਾ ਹੋਈਆਂ। ਚੋਣਾਂ 'ਚ ਨੇਤਾਜੀ ਸੁਭਾਸ਼ ਨੂੰ 1580 ਅਦੇ ਸੀਤਾਰਮਈਯਾ ਨੂੰ 1377 ਵੋਟਾਂ ਮਿਲੀਆਂ।ਗਾਂਧੀਜੀ ਦੇ ਵਿਰੋਧ ਦੇ ਬਾਵਜੂਦ ਸੁਭਾਸ਼ ਬਾਬੂ 203 ਵੋਟਾਂ ਨਾਲ ਚੋਣ ਜਿੱਤ ਗਏ। ਗਾਂਧੀਜੀ ਨੇ ਸੀਤਾਰਮਈਯਾ ਦੀ ਹਾਰ ਨੂੰ ਆਪਣੀ ਹਾਰ ਦੱਸੇ ਕੇ ਆਪਣੇ ਸਾਥੀਆਂ ਨੂੰ ਕਹਿ ਦਿੱਤਾ ਕਿ ਜੇਕਰ ਉਹ ਸੁਭਾਸ਼ ਦੇ ਤਰੀਕਿਆਂ ਨਾਲ ਸਹਿਮਤ ਨਹੀਂ ਹਨ ਤਾਂ ਉਹ ਕਾਂਗ੍ਰਸ ਤੋਂ ਹੱਟ ਸਕਦੇ ਹਨ। ਇਸ ਤੋਂ ਬਾਅਦ ਕਾਂਗ੍ਰਸ ਦੀ ਕਾਰਜਕਾਰੀ ਸੰਮਤੀ ਦੇ 14 'ਚੋਂ 12 ਮੈਂਬਰਾਂ ਨੇ ਇਸਤੀਫਾ ਦੇ ਦਿੱਤਾ। ਜਵਾਹਰਲਾਲ ਨਹਿਰੂ ਜਿਉਂ ਦੀ ਤਿਉਂ ਡਟੇ ਰਹੇ ਅਤੇ ਇਕੱਲੇ ਹੀ ਸੁਭਾਸ਼ ਦੇ ਨਾਲ ਰਹੇ।

3 ਮਈ 1939 ਨੂੰ ਸੁਭਾਸ਼ ਨੇ ਕਾਂਗ੍ਰਸ ਦੇ ਅੰਦਰ ਹੀ ਫਾਰਵਰਡ ਬਲੋਕ ਦੇ ਨਾਂਅ 'ਤੇ ਆਪਣੀ ਪਾਰਟੀ ਦੀ ਸਥਾਪਨਾ ਕੀਤੀ।ਬਾਅਦ 'ਚ ਫਾਰਵਰਡ ਬਲੋਕ ਆਪਣੇ ਆਪ ਇਕ ਆਜਾਦ ਪਾਰਟੀ ਬਣ ਗਈ। ਦੂਜਾ ਵਿਸ਼ਵ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਹੀ ਫਾਰਵਰਡ ਬਲੋਕ ਨੇ ਆਜਾਦੀ ਦੀ ਲੜਾਈ ਨੂੰ ਹੋਰ ਤੇਜ ਕਰਨ ਲਈ ਜਨ ਜਾਗ੍ਰਤੀ ਸ਼ੁਰੂ ਕਰ ਦਿੱਤੀ।

ਸੁਭਾਸ਼ ਚੰਦਰ ਬੋਸ ਨੇ 1936 'ਚ ਸੈਕਟਰੀ ਅਤੇ ਆਸਟ੍ਰੀਅਨ ਲੜਕੀ ਏਮਿਲੀ ਨਾਲ ਵਿਆਹ ਕਰ ਲਿਆ। ਉਨ੍ਹਾਂ ਦੋਨਾਂ ਦੀ ਅਨੀਤਾ ਨਾਂਅ ਦੀ ਇਕ ਬੇਟੀ ਵੀ ਹੋਈ ਜੋ ਇਸ ਸਮੇਂ ਜਰਮਨੀ 'ਚ ਪਰਿਵਾਰ ਸਮੇਤ ਰਹਿ ਰਹੀ ਹੈ। ਨੇਤਾਜੀ ਹਿਟਲਰ ਨਾਲ ਵੀ ਮਿਲੇ।1943 'ਚ ਉਨਾਂ ਨੇ ਜਰਮਨੀ ਦਾ ਦੌਰਾ ਕੀਤਾ। ਉਥੋਂ ਅੱਗੇ ਉਹ ਜਪਾਨ ਪਹੁੰਚੇ।ਜਪਾਨ ਤੋਂ ਨੇਤਾਜੀ ਸਿੰਗਾਪੁਰ ਪਹੁੰਚੇ। ਜਿਥੇ ਉਨ੍ਹਾਂ ਨੇ ਕੈਪਟਨ ਮੋਹਨ ਸਿੰਘ ਵੱਲੋਂ ਸਥਾਪਤ ਆਜਾਦ ਹਿੰਦ ਫੌਜ ਦੀ ਕਮਾਨ ਆਪਣੇ ਹੱਥ 'ਚ ਲੈ ਲਈ। ਉਸ ਵਕਤ ਰਾਮ ਬਿਹਾਰੀ ਬੋਸ ਆਜਾਦ ਹਿੰਦ ਦੇ ਨੇਤਾ ਸਨ। ਉਨ੍ਹਾਂ ਨੇ ਆਜਾਦ ਹਿੰਦ ਫੌਜ ਦਾ ਪੁਨਰਗਠਨ ਕੀਤਾ।ਮਹਿਲਾਵਾਂ ਦੇ ਲਈ ਰਾਨੀ ਝਾਂਸੀ ਰੈਜੀਮੇਂਟ ਦਾ ਵੀ ਗਠਨ ਕੀਤਾ ਗਿਆ, ਲਕਸ਼ਮੀ ਸਹਿਗਲ ਜਿਸਦੀ ਕਪਤਾਨ ਬਣੀ।

ਨੇਤਾ ਜੀ ਦੇ ਨਾਂਅ ਨਾਲ ਪ੍ਰਸਿੱਧ ਸੁਭਾਸ਼ ਚੰਦਰ ਨੇ ਸ਼ਕਤੀਸ਼ਾਲੀ ਕ੍ਰਾਂਤੀ ਨਾਲ ਭਾਰਤ ਨੂੰ ਆਜਾਦ ਕਰਵਾਉਣ ਦੇ ਮਕਸਦ ਨਾਲ ਅਕਤੂਬਰ,1943 ਨੂੰ ਆਜਾਦ ਹਿੰਦ ਫੌਜ ਦੀ ਸਥਾਪਨਾ ਕੀਤੀ ਜਿਸ ਨੂੰ ਜਰਮਨੀ ,ਜਪਾਨ,ਫਿਲਪੀਨਜ਼,ਕੋਰੀਆ,ਚੀਨ ,ਇਟਲੀ ਅਤੇ ਆਇਰਲੈਂਡ ਨੇ ਮਾਨਤਾ ਦਿੱਤੀ।ਜਪਾਨ ਨੇ ਅੰਡਮਾਨ ਅਤੇ ਨਿਕੋਬਾਰ ਦੀਪ ਇਸ ਅਸਥਾਈ ਸਰਕਾਰ ਨੂੰ ਦੇ ਦਿੱਤੇ ।ਸੁਭਾਸ਼ ਉਨ੍ਹਾਂ ਦੀਪਾਂ 'ਚ ਗਏ ਅਤੇ ਉਨ੍ਹਾਂ ਦਾ ਨਵਾਂ ਨਾਮਕਰਨ ਕੀਤਾ। ਆਜਾਦ ਹਿੰਦ ਫੌਜ ਦੇ ਪ੍ਰ ਚਿੰਨ੍ਹ 'ਤੇ ਇਕ ਝੰਡੇ 'ਤੇ ਦਹਾੜਦੇ ਹੋਏ ਬਾਘ ਦਾ ਚਿੱਤਰ ਬਣਿਆ ਹੁੰਦਾ ਸੀ। ਨੇਤਾਜੀ ਆਜਾਦ ਹਿੰਦ ਫੌਜ ਦੇ ਨਾਲ 4 ਜੁਲਾਈ 1944 ਨੂੰ ਬਰਮਾ ਪਹੁੰਚੇ। ਇਥੇ ਉਨ੍ਹਾਂ ਨੇ ਆਪਣਾ ਪ੍ਰਸਿੱਧ ਨਾਅਰਾ "ਤੁਸੀਂ ਮੈਨੂੰ ਖੂਨ ਦਿਓ ,ਮੈਂ ਤੁਹਾਨੂੰ ਆਜਾਦੀ ਦੇਆਂਗਾ " ਦਿੱਤਾ। ਖੂਨ ਦੀਆਂ ਇਕ ਜਾਂ ਦੋ ਬੂੰਦਾ ਨਹੀਂ ਐਨਾ ਕਿ ਖੂਨ ਦਾ ਇਕ ਮਹਾਂਸਾਗਰ ਤਿਆਰ ਹੋ ਜਾਵੇ ਅਤੇ ਉਸ 'ਚ ਅੰਗੇਜੀ ਹਕੂਮਤ ਨੂੰ ਡੁਬੋ ਦਿੱਤਾ ਜਾਵੇ। 1944 ਨੂੰ ਆਜਾਦ ਹਿੰਦ ਫੌਜ ਨੇ ਅੰਗ੍ਰੇਜਾਂ 'ਤੇ ਦੁਬਾਰਾ ਹਮਲਾ ਕੀਤਾ ਅਤੇ ਕੁਝ ਭਾਰਤੀ ਪ੍ਰਦੇਸ਼ਾਂ ਨੂੰ ਅੰਗ੍ਰੇਜਾਂ ਤੋਂ ਵੀ ਮੁਕਤ ਕਰਵਾ ਲਿਆ।

ਦੂਜੇ ਵਿਸ਼ਵ ਯੁੱਧ ਦੇ ਦੌਰਾਨ ਆਜਾਦ ਹਿੰਦ ਫੌਜ ਨੇ ਜਪਾਨੀ ਫੌਜ ਦੀ ਮਦਦ ਨਾਲ ਭਾਰਤ 'ਤੇ ਹਮਲਾ ਕੀਤਾ ।ਆਪਣੀ ਫੌਜ ਨੂੰ ਪ੍ਰੇਰਿਤ ਕਰਨ ਦੇ ਲਈ ਨੇਤਾਜੀ ਨੇ ਦਿੱਲੀ ਚਲੋ ਦਾ ਨਾਅਰਾ ਦਿੱਤਾ। ਦੋਹਾਂ ਫੌਜਾਂ ਨੇ ਅੰਗੇਜਾਂ ਤੋਂ ਅੰਡਮਾਨ ਅਤੇ ਨਿਕੋਬਾਰ ਦ੍ਵੀਪ ਜਿੱਤ ਲਏ।ਇਹ ਦ੍ਵੀਪ ਆਰਜੀ ਆਜਾਦ ਹਿੰਦ ਸਰਕਾਰ ਦੇ ਅਧੀਨ ਸਨ। ਨੇਤਾਜੀ ਨੇ ਇਨ੍ਹਾਂ ਦ੍ਵੀਪਾਂ ਨੂੰ ਸ਼ਹੀਦ ਦ੍ਵੀਪ ਅਤੇ ਸਵਰਾਜ ਦ੍ਵੀਪ ਦਾ ਨਾਂਅ ਦਿੱਤਾ। ਦੋਹਾਂ ਫੌਜਾਂ ਨੇ ਮਿਲ ਕੇ ਇੰਫਾਲ ਅਤੇ ਕੋਹਿਮਾਂ 'ਤੇ ਹਮਲਾ ਕੀਤਾ।ਪਰ ਬਾਅਦ 'ਚ ਅੰਗ੍ਰੇਜਾਂ ਦਾ ਪਾਸਾ ਭਾਰੀ ਪਿਆ ਅਤੇ ਦੋਹਾਂ ਫੌਜਾਂ ਨੂੰ ਪਿੱਛੇ ਹਟਣਾ ਪਿਆ।

6, ਜੁਲਾਈ 1944 ਨੂੰ ਆਜਾਦ ਹਿੰਦ ਰੇਡੀਓ 'ਤੇ ਆਪਣੇ ਭਾਸ਼ਣ ਰਾਹੀਂ ਗਾਂਧੀ ਜੀ ਨੂੰ ਸੰਬੋਧਨ ਕਰਦੇ ਹੋਏ ਨੇਤਾਜੀ ਨੇ ਜਪਾਨ ਤੋਂ ਮਦਦ ਲੈਣ ਦਾ ਆਪਣਾ ਕਾਰਨ ਅਤੇ ਆਜਾਦ ਹਿੰਦ ਫੌਜ ਦੀ ਸਥਾਪਨਾ ਦੇ ਉਦੇਸ਼ ਬਾਰੇ ਦੱਸਿਆ।ਇਸ ਭਾਸ਼ਣ ਰਾਹੀਂ ਨੇਤਾਜੀ ਨੇ ਗਾਂਧੀ ਜੀ ਨੂੰ ਪਹਿਲੀ ਵਾਰ ਰਾਸ਼ਟਰਪਿਤਾ ਬੁਲਾ ਕੇ ਆਪਣੀ ਜੰਗ ਦੇ ਲਈ ਉਨ੍ਹਾਂ ਤੋਂ ਆਸ਼ੀਰਵਾਦ ਵੀ ਮੰਗਿਆ। ਆਜਾਦ ਹਿੰਦ ਫੌਜ ਦੇ ਮਾਧਿਅਮ ਰਾਹੀਂ ਭਾਰਤ ਨੂੰ ਅੰਗੇਜਾਂ ਦੇ ਚੁੰਗਲ 'ਚੋਂ ਆਜਾਦ ਕਰਨ ਦੀ ਨੇਤਾ ਜੀ ਦੀ ਕੋਸ਼ਿਸ਼ ਪ੍ਰਤੱਖ ਰੂਪ 'ਚ ਸਫਲ ਨਹੀਂ ਹੋ ਸਕੀ ਪਰ ਬਾਅਦ 'ਚ ਉਸਦਾ ਕਾਫੀ ਸਾਰਥਕ ਅਸਰ ਹੋਇਆ।

ਸਨ, 1946 'ਚ ਹੋਇਆ ਨੌਸੇਨਾ ਵਿਦਰੋਹ ਇਸਦੀ ਉਦਾਹਰਣ ਹੈ। ਨੌਸੈਨਾ ਵਿਦਰੋਹ ਤੋਂ ਬਾਅਦ ਹੀ ਬ੍ਰਿਟੇਨ ਨੂੰ ਵਿਸ਼ਵਾਸ ਹੋ ਗਿਆ ਕਿ ਹੁਣ ਭਾਰਤ 'ਤੇ ਜਬਰ ਨਾਲ ਸ਼ਾਸਨ ਨਹੀਂ ਕੀਤਾ ਜਾ ਸਕਦਾ ਅਤੇ ਭਾਰਤ ਨੂੰ ਆਜਾਦ ਕਰਨ ਤੋਂ ਇਲਾਵਾ ਉਨ੍ਹਾਂ ਦੇ ਕੋਲ ਕੋਈ ਚਾਰਾ ਨਹੀਂ ਬਚਿਆ।

ਵਿਸ਼ਵ ਇਤਹਾਸ 'ਚ ਆਜਾਦ ਹਿੰਦ ਫੌਜ ਜਿਹੀ ਕੋਈ ਦੂਜੀ ਨਹੀਂ ਮਿਲਦੀ ਜਿੱਥੇ 30-35 ਹਜਾਰ ਜੰਗੀ ਯੋਧਿਆ ਨੂੰ ਸੰਗਠਤ ਕਰਕੇ, ਸਿਖਲਾਈ ਦੇ ਕੇ ਹਰਾਇਆ ਗਿਆ।ਪੂਰਵੀ ਏਸ਼ੀਆ ਅਤੇ ਜਪਾਨ ਪਹੁੰਚ ਕੇ ਉਨ੍ਹਾਂ ਨੇ ਆਜਾਦ ਹਿੰਦ ਫੌਜ ਦਾ ਵਿਸਤਾਰ ਕਰਨਾ ਸ਼ੁਰੂ ਕਰ ਦਿੱਤਾ। ਰੰਗੂਨ ਦੇ ਜੁਬਲੀ ਹਾਲ 'ਚ ਸੁਭਾਸ਼ ਚੰਦਰ ਬੋਸ ਵੱਲੋਂ ਦਿੱਤਾ ਗਿਆ ਭਾਸ਼ਣ ਹਮੇਸ਼ਾ ਲਈ ਇਤਹਾਸ ਦੇ ਪੰਨਿਆਂ 'ਚ ਦਰਜ ਹੋ ਗਿਆ।

ਨੇਤਾ ਜੀ ਦੀ ਮੌਤ ਬਾਰੇ ਵਿਵਾਦ ਬਣਿਆ ਹੋਇਆ ਹੈ ਕਿ 18 ਅਗਸਤ 1945 ਤੋਂ ਬਾਅਦ ਦਾ ਸੁਭਾਸ਼ ਚੰਦਰ ਬੋਸ ਦਾ ਜੀਵਨ/ਮੌਤ ਅੱਜ ਤੱਕ ਅਣਸੁਲਝਿਆ ਰਹੱਸ ਬਣਿਆ ਹੋਇਆ ਹੈ। ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਆਖਰੀ ਸਮੇਂ ਨੂੰ ਲੈਕੇ ਭੇਦ ਅੱਜ ਤੱਕ ਬਰਕਰਾਰ ਹੈ। ਮੰਨਿਆ ਜਾਂਦਾ ਹੈ ਕਿ ਹਵਾਈ ਹਾਦਸੇ 'ਚ ਉਨ੍ਹਾਂ ਦੀ ਮੌਤ ਹੋ ਗਈ, ਪਰ ਸੁਭਾਸ਼ ਦੇ ਬਹੁਤ ਸਾਰੇ ਪ੍ਰਸ਼ੰਸਕ ਇਸ ਗੱਲ 'ਤੇ ਵਿਸ਼ਵਾਸ ਨਹੀਂ ਕਰਦੇ ਹਨ।

**ਹਰਪ੍ਰੀਤ ਸਿੰਘ ਬਰਾੜ**
**ਸਾਬਕਾ ਡੀ ਓ ,174 ਮਿਲਟਰੀ ਹਸਪਤਾਲ**
**ਮੇਨ ਏਅਰ ਫੋਰਸ**
**ਰੋਡ ,ਬਠਿੰਡਾ**



# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 336

Website: www.preetnama.com Email preetnamausa@gmail.com

16 JAN TO 22 JAN, 2026




# ਪ੍ਰੀਤ ਫੁਲਵਾੜੀ

## ਚੀਨੀ ਡੋਰ

ਬੱਚਿਓ, ਪਤੰਗ ਉਡਾਓ ਜ਼ਰੂਰ,
ਚਾਈਨਾ ਡੋਰ ਨੂੰ ਕਰਕੇ ਦੂਰ।
ਜਾਨ ਲੈਣੀ ਇਹ ਤਿੱਖੀ ਡੋਰ,
ਖਰੀਦ ਲੈਣਾ ਬਹੁਤ ਨੇ ਹੋਰ।
ਬੇਜ਼ੁਬਾਨ ਪੰਛੀ ਮਾਰ ਮੁਕਾਵੇ,
ਜਾਨਵਰਾਂ ਨੂੰ ਵੀ ਖੂਬ ਸਤਾਵੇ।
ਜਾਨਾਂ ਦਾ ਜੇ ਕਰਨਾ ਬਚਾਅ,
ਗੁੱਡੀ ਇਸ ਨਾਲ ਚੜਾਓ ਨਾ।
ਡੋਰ ਸੂਤ ਲਓ ਆਪਣੇ ਘਰ,
ਭੋਰਾ ਨਹੀਂ ਇਸਦਾ ਹੈ ਡਰ।
ਅੱਜ ਕਰਦੇ ਹਾਂ ਇੱਕੋਂ ਰਾਏ,
ਚੀਨੀ ਡੋਰ ਤੈਨੂੰ ਬਾਏ—ਬਾਏ।

**ਪਤਾ—ਚਮਨਦੀਪ ਸ਼ਰਮਾ, ਮਹਾਰਾਜਾ ਯਾਦਵਿੰਦਰਾ ਇਨਕਲੇਵ ,ਨਾਭਾ ਰੋਡ, ਪਟਿਆਲਾ।**
**ਸੰਪਰਕ ਨੰਬਰ—95010 33005**

## ਲੋਹੜੀ

ੋਹੜੀ ਤਿਉਹਾਰ ਜਦੋਂ ਆਉਦਾ,
ਹਰ ਚਿਹਰੇ ਤੇ ਖੁਸ਼ੀ ਲਿਆਉਦਾ।
ਠੰਡ ਨੂੰ ਲੱਗ ਜਾਂਦੀ ਕੁੱਝ ਬਰੇਕ,
ਆਉਣ ਲੱਗਦਾ ਸੂਰਜ ਦਾ ਸੇਕ।
ਉੱਚੀ ਅਵਾਜ਼ ਵਿੱਚ ਗਾਣੇ ਵੱਜਣ,
ਲੋਕੀਂ ਅੱਧੀ ਰਾਤ ਤੱਕ ਨੱਚਣ।
ਦਿਨ ਵਿੱਚ ਲੋਕ ਲੋਹੜੀ ਮੰਗਦੇ,
ਬਦਲੇ ਵਿੱਚ ਨੇ ਦੁਆਵਾਂ ਵੰਡਦੇ।
ਦਰ ਤੋ ਕੋਈ ਵੀ ਖਾਲੀ ਨਾ ਮੋੜੇ,
ਦਾਣੇ, ਗੱਜਕ ਚਾਹੇ ਦੇਵੇ ਥੋੜ੍ਹੇ।
ਦੁਕਾਨਦਾਰ ਵੱਡਾ ਦਿਲ ਖੋਲਦੇ,
ਲਾ ਦਿੱਤੀ ਸੇਲ ਚੱਕ ਲੋ ਬੋਲਦੇ।
ਰਾਤੀਂ ਇਕੱਠੇ ਹੋ ਧੂਣੀ ਲਾਉਦੇ,
ਦੁੱਲੇ ਭੱਟੀ ਦੇ ਗੀਤ ਨੇ ਗਾਉਦੇ।
ਰਿਓੜੀ, ਮੂੰਗਫਲੀ ਦਾ ਪ੍ਰਸਾਦ,
ਇਕੱਠੇ ਖਾਣ ਦਾ ਵੱਖਰਾ ਸੁਆਦ।
ਧੀਆਂ ਦੀ ਵੀ ਲੋਹੜੀ ਮਨਾਈਏ,
ਮੁੰਡੇ—ਕੁੜੀ ਦਾ ਫਰਕ ਮਿਟਾਈਏ।

**ਪਤਾ — ਚਮਨਦੀਪ ਸ਼ਰਮਾ,298 ਮਹਾਰਾਜਾ ਯਾਦਵਿੰਦਰਾ ਇਨਕਲੇਵ, ਨਾਭਾ ਰੋਡ, ਪਟਿਆਲਾ,**
**ਮੋ— 95010 33005**

## ਹਾਕਮ ਨੂੰ ਕੀ ਪਤਾ ਸੀ

ਸਮੇਂ ਦੇ ਹਾਕਮ ਦੇ ਹੁਕਮ ਤੇ
ਬੀਬੀ ਭਾਨੀ ਦੇ ਚੰਨ ਨੂੰ
ਸਖ਼ਤ ਗਰਮੀ ਦੇ ਮੌਸਮ ਵਿੱਚ
ਬਿਠਾਇਆ ਗਿਆ
ਤੱਤੀ ਤਵੀ ਉੱਤੇ
ਤੇ ਪਾਈ ਗਈ
ਸੀਸ ਤੇ ਸੜਦੀ, ਬਲਦੀ ਰੇਤ।
ਉਸ ਨੂੰ ਕੀ ਪਤਾ ਸੀ
ਉਸ ਦੀ ਧਾਰਮਿਕ ਕੱਟੜਤਾ
ਤੇ ਤੰਗ ਦਿਲੀ
ਕੁੱਝ ਨਹੀਂ ਵਿਗਾੜ ਸਕਦੀ
ਬੀਬੀ ਭਾਨੀ ਦੇ ਚੰਨ ਦਾ
ਤੇ ਨਿਮਰਤਾ ਦੇ ਪੁੰਜ,
ਸ਼ਾਂਤੀ ਸਰੂਪ ਨੇ
ਇਹ ਅਸਹਿ ਸਰੀਰਕ ਕਸ਼ਟ
ਸਹਾਰ ਲੈਣੇ ਨੇ
÷ ਤੇਰਾ ਕੀਆ ਮੀਠਾ ਲਾਗੈ।
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ। ÷ ਕਹਿ ਕੇ
ਤੇ ਉਸ ਦੀ ਸ਼ਹਾਦਤ ਨੇ
ਉਸ ਦੇ ਸਿੱਖਾਂ ਨੂੰ
ਜਬਰ, ਜ਼ੁਲਮ ਦੇ ਟਾਕਰੇ ਲਈ
ਸਦਾ ਤਿਆਰ ਰਹਿਣ ਦਾ ਪਾਠ
ਪੜ੍ਹਾ ਦੇਣਾ ਹੈ।

**ਮਹਿੰਦਰ ਸਿੰਘ ਮਾਨ**
**ਫੋਨ 9915803554**

## ਲੋਹੜੀ ਤੋਂ ਕੁੱਝ ਸਿੱਖੀਏ

ਆਓ ਰਲ ਮਿਲ ਲੋਹੜੀ ਪਾਈਏ।
ਸਾਰੇ ਖੁਸ਼ੀਆਂ ਨਾਲ ਮਨਾਈਏ।
****÷****
ਹਰ ਘਰ ਵਿੱਚ ਹੋਵਣ ਖੁਸ਼ੀਆਂ।
ਮੁੜ ਕੇ ਆਉਣ ਬਹਾਰਾਂ ਰੁੱਸੀਆਂ।
*********
ਮੂੰਗਫਲੀ ਤੇ ਗੱਚਕ ਰਿਉੜੀ।
ਸਭ ਧਰਮਾਂ ਦੀ ਸਾਂਝੀ ਲੋਹੜੀ।
**********
ਦੇਵੇ ਪਿਆਰ ਦਾ ਇਹ ਪੈਗ਼ਾਮ।
ਨਫ਼ਰਤਾਂ ਦੀ ਹੁਣ ਕਰੀਏ ਸ਼ਾਮ।
**********
ਦੁੱਖ ਦਰਿਦ੍ਰ ਵਿੱਚ ਮਚਾਈਏ।
ਰਲ ਕੇ ਗੀਤ ਖੁਸ਼ੀ ਦੇ ਗਾਈਏ।
********
ਸਭ ਦਾ ਸਾਂਝਾ ਇਹ ਤਿਉਹਾਰ।
ਰਹਿਣਾ ਸਿੱਖੀਏ ਨਾਲ ਪਿਆਰ।
*********
ਦੂਈ ਦਵੈਤ ਦੀ ਰਵੇ ਨਾ ਥਾਂ।
ਚੰਗੇ ਕੰਮਾਂ ਤਾਂਈ ਕਰੀਏ ਹਾਂ।
*********
ਤਿਉਹਾਰ ਸਾਨੂੰ ਇਹੀ ਸਿੱਖਾਉਦੇ।
ਤਾਂਹੀ ਵਾਰ ਵਾਰ ਨੇ ਆਉਂਦੇ।
**********
'ਪੱਤੋ' ਸਾਡੇ ਗੁਰੂਆਂ ਦਾ ਕਹਿਣਾ।
ਇਹ ਗੱਲਾਂ ਨੂੰ ਹੈ ਮੰਨਣਾ ਪੈਣਾ।

**ਹਰਪ੍ਰੀਤ ਸਿੰਘ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ**
**ਫੋਨ ਨੰਬਰ 94658-21417**

## ਭ੍ਰਿਸ਼ਟਾਚਾਰ

ਭ੍ਰਿਸ਼ਟਾਚਾਰ ਅਮਰ ਵੇਲ ਵਾਂਗ ਹੈ,
ਜੋ ਬਿਨਾਂ ਜੜ੍ਹਾਂ ਤੋਂ
ਸਾਰੇ ਪਾਸੇ ਫੈਲ ਕੇ
ਆਪਣਾ ਜਾਲ ਵਿਛਾਈ ਜਾਵੇ।
ਜਦ ਇਹ ਬਿਨਾਂ ਜੜ੍ਹਾਂ ਤੋਂ ਹੈ,
ਤਾਂ ਫਿਰ ਖਤਮ ਕਿੱਦਾਂ ਹੋਵੇ ?
ਇਸ ਨੂੰ ਖਤਮ ਕਰਨ ਦੇ
ਸਭ ਦਾਅਵੇ ਝੂਠ ਨੇ।
ਇਹ ਤਾਂ ਦਿਨ-ਬ-ਦਿਨ
ਸਗੋਂ ਹੋਰ ਵੱਧੀ ਜਾਵੇ
ਤੇ ਇਸ ਨੂੰ ਖਤਮ ਕਰਨ ਦੇ
ਦਾਅਵੇ ਕਰਨ ਵਾਲਿਆਂ ਤੇ
ਉੱਚੀ, ਉੱਚੀ ਹੱਸੀ ਜਾਵੇ।

**ਮਹਿੰਦਰ ਸਿੰਘ ਮਾਨ**
**ਫੋਨ 9915803554**

## ਕਵਿਤਾ

ਵਿਰਸਾ ਸੰਭਾਲ ਲਉ ਆਪਣਾ ਪੰਜਾਬੀਉ
ਢੋਲੇ, ਮਾਹੀਏ, ਟੱਪੇ ਹੁਣ ਤੁਸੀਂ ਗਾਉਂਦੇ ਨਹੀਂ,
ਭੰਗੜੇ 'ਚ ਬੰਨ੍ਹ, ਬੰਨ੍ਹ ਟੋਲੀਆਂ ਵੀ ਆਉਂਦੇ ਨਹੀਂ।
ਚੌੜੀਆਂ ਛਾਤੀਆਂ ਤੇ ਗੁੰਦਵੇਂ ਸਰੀਰ ਨਹੀਂਉ ਦਿਸਦੇ,
ਨਸ਼ੇ ਕਰਕੇ ਵਿਹਲੇ ਤੁਸੀਂ ਗਲੀਆਂ 'ਚ ਫਿਰਦੇ।
ਸਿਰਾਂ ਦੇ ਵਾਲ ਕਟਵਾ ਕੇ ਏਦਾਂ ਲੱਗਦੇ,
ਜਿੱਦਾਂ ਜਿੰਨ ਬਾਹਰੋਂ ਕਿਤਿਉਂ ਆ ਗਏ।
ਕੰਮ ਤੁਹਾਥੋਂ ਹੁੰਦਾ ਨ੍ਹੀ ਖੇਤਾਂ ਵਿੱਚ ਜਾ ਕੇ,
ਸਾਰਾ ਕੁੱਝ ਕਰ ਦਿੱਤਾ ਤੁਸੀਂ ਸੀਰੀਆਂ ਹਵਾਲੇ।
ਲੈ ਲਿਆ ਕਰਜ਼ਾ ਤੁਸੀਂ ਲੋੜ ਤੋਂ ਵੱਧ ਬਈ,
ਬਗੈਰ ਕੰਮ ਕੀਤਿਆਂ ਇਹ ਲਹਿਣਾ ਕਦ ਬਈ।
ਬੱਚੇ ਮਾਡਲ ਸਕੂਲਾਂ 'ਚ ਦਾਖਲ ਕਰਾ ਲਏ,
ਘਰਾਂ 'ਚ ਪੰਜਾਬੀ ਬੋਲਣੋ ਵੀ ਹਟਾ ਲਏ।
ਗੈਂਗ ਵਾਰ ਕਰਕੇ ਭਰਾਵਾਂ ਨੂੰ ਮਾਰੀ ਜਾਂਦੇ ਹੋ,
ਨਫਰਤ ਦੇ ਕੰਡੇ ਦੂਰ ਤੱਕ ਖਿਲਾਰੀ ਜਾਂਦੇ ਹੋ।
ਪਹਿਲਾਂ ਵਾਂਗ ਰਹੋ ਕੱਠੇ ਪਿਆਰ ਨਾਲ ਬਈ,
ਕਦੇ ਮਸਲੇ ਹੱਲ ਹੁੰਦੇ ਨਾ ਹਥਿਆਰ ਨਾਲ ਬਈ।
ਕਿਰਤ ਕਰੋ ,ਵੰਡ ਛਕੋ ਤੇ ਜਪੋ ਨਾਮ ਬਈ,
ਆਪਣੇ ਪੰਜਾਬ ਨੂੰ ਨਾ ਕਰੋ ਬਦਨਾਮ ਬਈ।

**ਮਹਿੰਦਰ ਸਿੰਘ ਮਾਨ**

## .ਗ਼ਜ਼ਲ



ਫਿਰ ਤੋਂ ਰੌਸ਼ਨ ਦੀਵਿਆਂ ਦਾ ਸਿਲਸਿਲਾ
ਫਿਰ ਉਹੋ ਮੂੰਹਜ਼ੋਰ, ਉਹ ਪਾਗਲ ਹਵਾ

ਬੋਨਸਾਈ ਹੀ ਸਹੀ ਬੋਹੜ ਹਾਂ ਮੈਂ
ਆਪਣੀ ਤਾਕਤ ਦਾ ਮੈਨੂੰ ਹੈ ਪਤਾ

ਜ਼ਿੰਦਗੀ ਦੇ ਮੰਚ ਉੱਤੇ ਰਾਤ-ਦਿਨ
ਅੰਨ੍ਹਾ ਨਾਟਕ ਜਾ ਰਿਹਾ ਹੈ ਖੇਡਿਆ

ਖੋਲ੍ਹ ਜੋ ਬੰਨੀ ਪਈ ਹੈ ਪੋਟਲੀ
ਜੋ ਹੁਨਰ ਪੱਲੇ ਹੈ ਤੇਰੇ ਉਹ ਵਿਖਾ

ਹਰ ਕਿਸੇ ਨੂੰ ਹੀ ਧੁਰੀ 'ਤੇ ਆਪਣੀ
ਮੈਂ ਤਾਂ ਚੱਕਰ ਕੱਟਦੇ ਹੈ ਦੇਖਿਆ

ਜ਼ਰਦ ਰੁੱਤਾਂ ਨੂੰ ਹੰਢਾਉਣਾ ਸਿੱਖ ਲੈ
ਤੂੰ ਵੀ ਗਮਲੇ ਵਿਚ ਹੁਣ ਕੈਕਟਸ ਉਗਾ

ਅੱਜ ਦਾ ਹਰ ਆਦਮੀ 'ਰੋਬੋਟ' ਹੈ
'ਹਾਰਡ ਡਿਸਕਾਂ' ਵਿਚ ਹੈ ਉਸ ਦੀ ਜਗ੍ਹਾ

ਕੱਲ੍ਹ ਰਾਤੀਂ ਸੱਧਰਾਂ ਦੇ ਸ਼ਹਿਰ ਵਿਚ
ਕੌਣ ਸੀ ਉਹ ਅਜਨਬੀ ਜੋ ਮਰ ਗਿਆ

ਲੋਚਦਾ ਏਂ ਜੇ ਤੂੰ ਚਿਰਜੀਵੀ ਸਕੂਨ
ਲੀਹੋਂ ਲੱਥੀ ਜ਼ਿੰਦਗੀ ਨੂੰ ਲੀਹੇ ਪਾ

**• ਸ਼ਸ਼ੀਕਾਂਤ ਉੱਪਲ •**

## .ਗ਼ਜ਼ਲ

ਉਲਫ਼ਤ ਵਾਲੀ ਗੱਲ ਪੁਰਾਣੀ ਮੈਂ ਵੀਂ ਭੁਲਦਾਂ ਤੂੰ ਵੀਂ ਭੁੱਲ ਜਾ।
ਭੁਲਦੀ ਨਈਂ ਉਹ ਇੱਕ ਕਹਾਣੀ ਮੈਂ ਵੀਂ ਭੁਲਦਾਂ ਤੂੰ ਵੀਂ ਭੁੱਲ ਜਾ।
ਤੜਕ ਸਵੇਰੇ ਦੇ ਗਲ ਲਗ ਕੇ ਪਿਘਲੀ ਸੀ ਇਕ ਸ਼ਬਨਮ,
ਪਿਘਲਨ ਦੇ ਵਿਚਕਾਰ ਨਿਸ਼ਾਨੀ ਮੈਂ ਵੀਂ ਭੁਲਦਾਂ ਤੂੰ ਵੀਂ ਭੁੱਲ ਜਾ।
ਸਾਲਾਂ ਤੀਕਰ ਤੇਰੇ ਮੇਰੇ ਸਾਹਾਂ ਵਿਚ ਸੂਰਜ ਚੜ੍ਹਦੇ ਰਏ,
ਦਿਨ ਮਤਵਾਲੇ ਰਾਤ ਸੁਹਾਣੀਂ ਮੈਂ ਵੀਂ ਭੁਲਦਾਂ ਤੂੰ ਵੀਂ ਭੁੱਲ ਜਾ।
ਬੀਤ ਗਈ ਸੋ ਬੀਤ ਗਈ ਛੱਡ ਪਰੇ ਹੁਣ ਕੀ ਲੈਣਾ ਏਂ,
ਚੜ੍ਹਦੀ ਉਮਰੇ ਠਾਠ ਜਵਾਨੀ ਮੈਂ ਵੀਂ ਭੁਲਦਾਂ ਤੂੰ ਵੀਂ ਭੁਲ ਜਾ।
ਮੈਂ ਜੋ ਤੈਨੂੰ ਚਾਵਾਂ ਸਧਰਾਂ ਰੀਝਾਂ ਦੇ ਨਾਲ ਸਭ ਦਿੱਤੇ ਸੀ,
ਕਾਂਟੇ ਝੁਮਕੇ ਝਾਂਜਰ ਗਾਨੀ ਮੈਂ ਵੀਂ ਭੁਲਦਾਂ ਤੂੰ ਵੀਂ ਭੁੱਲ ਜਾ।
ਜਿੱਥੇ ਬਹਿ ਕੇ ਸੋਚ ਵਿਚਾਰਾਂ ਕਰਦੇ ਰਹੇ ਹਾਂ ਖੱਟੀਆਂ ਮਿੱਠੀਆਂ,
ਸਰ-ਸਰ ਪਾਣੀ ਵਿਚ ਰਵਾਨੀ ਮੈਂ ਵੀਂ ਭੁਲਦਾਂ ਤੂੰ ਵੀਂ ਭੁੱਲ ਜਾ।
ਫੁੱਲਾਂ ਉਤੇ ਤਿਤਲੀ ਭੌਰੇ ਫੁੱਟ ਦੇ ਅੰਕੁਰ ਛੋਟੇ-ਛੋਟੇ,
ਗੁਲਸ਼ਨ ਦੇ ਵਿਚ ਰੁੱਤ ਦਿਵਾਨੀ ਮੈਂ ਵੀਂ ਭੁੱਲਦਾਂ ਤੂੰ ਵੀਂ ਭੁੱਲ ਜਾ।
ਇੱਕ ਜਵਾਲਾ ਫੁੱਟਣ ਦੀ ਪ੍ਰਕਿਰਿਆ ਪਿੱਛੇ ਕੀ-ਕੀ ਹੁੰਦਾ,
ਅੱਗ ਲਗਾਵੇ ਸ਼ੀਤਲ ਪਾਣੀ ਮੈਂ ਵੀਂ ਭੁਲਦਾਂ ਤੂੰ ਵੀਂ ਭੁੱਲ ਜਾ।
ਖ਼ੁਸ਼ਬੂਆਂ ਜੋ ਦਿਲ ਦੇ ਅੰਦਰ ਦਿੰਦੀਆਂ ਇੱਕ ਸਕੂਨ ਅਜੇ ਵੀ,
ਸਮਝੀਂ ਹਰ ਇਕ ਚੀਜ਼ ਬਿਗਾਨੀ ਮੈਂ ਵੀ ਭੁਲਦਾਂ ਤੂੰ ਵੀਂ ਭੁੱਲ ਜਾ।
ਬਾਰਿਸ਼ ਦੇ ਵਿਚ ਦੂਰ ਪਹਾੜੀ ਉਤੇ ਕੱਲਿਆਂ ਘੁੰਮਣਾ ਫਿਰਨਾ,
ਬਿਜਲੀ ਕੜਕੇ ਰਾਤ ਤੂਫ਼ਾਨੀ ਮੈਂ ਵੀਂ ਭੁਲਦਾਂ ਤੂੰ ਵੀਂ ਭੁੱਲ ਜਾ।
ਵਿਛੜਣ ਵਾਲੇ ਮੰਦਿਰ ਅੰਦਰ ਦੀਪ ਅਜੇ ਵੀ ਜਗਦੇ ਪਏ ਨੇ,
ਹੰਝੂਆਂ ਦੀ ਲੋਅ ਵਿਚ ਕੁਰਬਾਨੀ ਮੈਂ ਵੀਂ ਭੁਲਦਾਂ ਤੂੰ ਵੀਂ ਭੁੱਲ ਜਾ।
ਬਾਰਿਸ਼ ਵਾਲੇ ਪਾਣੀ ਅੰਦਰ ਖੇਡ ਹਜ਼ਾਰਾਂ ਵਾਰੀਂ ਖੇਡੀ,
ਬੇੜੀ-ਬੇੜੀ ਵਿਚ ਸ਼ੈਤਾਨੀ ਮੈਂ ਵੀਂ ਭੁਲਦਾਂ ਤੂੰ ਵੀਂ ਭੁੱਲ ਜਾ।
ਬਾਲਮ ਤੈਨੂੰ ਜੋ ਕੁਝ ਕਹਿੰਦਾ ਸੱਚ ਕਹਿੰਦਾ ਹੈ ਸੱਚ ਹੀ ਜਾਣੀਂ,
ਲਿਖਦੀ ਜਾਵੇ ਉਸ ਦੀ ਕਾਨੀ ਮੈਂ ਵੀ ਭੁੱਲਦਾਂ ਤੂੰ ਵੀਂ ਭੁੱਲ ਜਾ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਮੋ. 98156-25409**

## ਬਾਲ ਕਵਿਤਾ

ਲੱਕੜ ਦੀ ਫੱਟੀ ਉੱਤੇ ਭਾਈ ਨੇ ਤਿੱਖੀ
ਪੱਤੀ ਲਾਈ,
ਇੱਕ ਬਰਫ਼ ਦਾ ਟੁਕੜਾ ਲ਼ੈ ਕਿ ਉਸ
ਉੱਤੇ ਜਾਵੇ ਘਸਾਈ।
ਥੱਲੇ ਉਸ ਦੇ ਕਾਗਜ਼ ਰੱਖ ਕੇ ਢੇਰ
ਬਰਫ਼ ਦਾ ਲਾਇਆ,
ਲਾਲ ਹਰਾ ਤੇ ਪੀਲਾ ਪਾਣੀ ਬੋਤਲਾਂ
ਵਿੱਚੋਂ ਪਾਇਆ।
ਫੇਰ ਉਸ ਦਾ ਗੋਲਾ ਬਣਾਕੇ ਤੀਲੀ
ਇੱਕ ਸੀ ਲਾਈ।
ਜੋ ਵੀ ਉਸ ਨੂੰ ਪੈਸੇ ਦਿੰਦੇ ਉਹਨੂੰ
ਜਾਵੇ ਫੜਾਈ।
ਠੰਡਾ ਠਾਰ ਬਰਫ਼ ਦਾ ਗੋਲਾ ਭਾਈ
ਅਵਾਜ਼ਾਂ ਮਾਰੇ,
ਇਹ ਗਰਮੀਆਂ ਦਾ ਤੋਹਫ਼ਾ ਵਧੀਆ
ਖਾ ਕੇ ਲਉ ਨਜ਼ਾਰੇ।
ਅਸੀਂ ਵੀ ਰੋਜ਼ ਖਾਣ ਨੂੰ ਜਾਂਦੇ ਡੈਡੀ
ਨਾਲ ਲਜਾ ਕੇ,
ਪੱਤੋ, ਨੂੰ ਦਿਨ ਮਸਾਂ ਸੀ ਚੜਦਾ ਖਾਂਦਾ
ਸਕੂਲੋਂ ਆ ਕੇ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
**94658-21417**

## ਸਮਸ਼ਾਨ ਘਾਟ

ਸਿਵਿਆਂ ਚੋਂ ਉੱਠਦਾ ਧੂਆਂ ਨਈਂ ਦੱਸ ਸਕਦਾ,
ਕਹਿੜਾ ਬੰਦਾ ਇਥੋਂ ਕਿਨਾਰਾ ਕਰ ਚੱਲਿਆ।
ਮਰਨ ਵਾਲਿਆਂ ਦੇ ਮਗਰ ਇਕੱਠ ਦੱਸ ਸਕਦਾ,
ਕੋਈ ਚੰਗਾ ਬੰਦਾ ਸੀ ਜਾ ਮਾੜਾ ਮਰ ਚੱਲਿਆ।
ਸਮਸ਼ਾਨ ਘਾਟ ਨਾ ਕਦੇ ਕਿਸੇ ਨੂੰ ਜਵਾਬ ਦੇਵੇ,
ਜੋ ਉਹਦੇ ਕੋਲ ਆਵੇ ਉਹਨੂੰ ਅੱਗੇ ਤੋਰ ਦਿੰਦੀ।
ਇੱਥੇ ਚੋਰ ਲੀਡਰ ਸਾਊ ਕੁਪੱਤਾ ਜੋ ਆ ਜਾਵੇ,
ਸਭ ਨੂੰ ਇਕੋ ਕਤਾਰ ਵਿੱਚ ਇਹ ਜੋੜ ਦਿੰਦੀ।
ਗਰਾਂਟ ਦੇ ਕੇ ਉੱਥੇ ਪੱਥਰ ਤੇ ਨਾਮ ਲਿਖਾ ਦਿੰਦੇ,
ਉਹ ਲੋਕ ਫਿਰ ਕਿੰਨਾ ਹੰਕਾਰ ਦੇ ਵਿਚ ਆ ਜਾਂਦੇ।
ਜਦ ਮੌਤ ਹਾਕਾਂ ਮਾਰ ਕੇ ਆਪਣੇ ਕੋਲ ਬੁਲਾ ਲੈਂਦੀ,
ਮਨ ਵਿੱਚ ਵਸਦੇ ਹੰਕਾਰ ਨੇ ਕਿਤੇ ਗਵਾਹ ਜਾਂਦੇ।
ਇੱਥੋਂ ਕੁਝ ਨਈਂ ਲੈ ਜਾਣਾ ਹਰ ਕੋਈ ਕਹਿ ਦਿੰਦਾ,
ਪਰ ਕਹਿਣ ਵਾਲੇ ਤੇ ਕੋਈ ਵੀ ਅਸਰ ਨਾ ਹੁੰਦਾ।
ਮੁੱਲਾਂਪੁਰ ਜੇ ਰੱਬ ਡਰਾ ਕੇ ਨਾਂ ਰੱਖਦਾ ਲੋਕਾਂ ਤਾਈਂ,
ਫਿਰ ਸਿਵਿਆਂ ਤਾਈਂ ਜਾਂਦਾ ਨਾ ਕੋਈ ਰਾਹ ਹੁੰਦਾ।

**ਸੁਖਵਿੰਦਰ ਸਿੰਘ ਮੁੱਲਾਂਪੁਰ**
**ਅੱਪ +91 9914184794**

## .ਗ਼ਜ਼ਲ

ਵਰ੍ਹਦੇ ਵਰ੍ਹਦੇ ਗ਼ਮ ਦੇ ਬੱਦਲ ਵਰ੍ਹ ਜਾਂਦੇ ਨੇ।
ਹਿੰਮਤ ਕਰਕੇ ਲੋਕੀਂ ਸਾਗਰ ਤਰ ਜਾਂਦੇ ਨੇ।

ਜਿੱਤ ਦੇ ਨੇੜੇ ਪਹੁੰਚੇ ਕਦੇ-ਕਦਾਈਂ ਤਾਂ,
ਹਰਦੇ ਹਰਦੇ ਲੋਕੀਂ ਆਖ਼ਰ ਹਰ ਜਾਂਦੇ ਨੇ।

ਐਸੇ ਨਿੱਡਰ ਲੋਕਾਂ ਦੀ ਕੀ ਗੱਲ ਆਖਾਂ,
ਸੱਪ ਸਮਝ ਕੇ ਰੱਸੀ ਨੂੰ ਉਹ ਡਰ ਜਾਂਦੇ ਨੇ।

ਕੀ ਉਹਨਾਂ ਨੇ ਮੰਜ਼ਿਲ ਨੂੰ ਸਰ ਕਰਨਾ ਹੈ,
ਮੌਤ ਆਉਣ ਤੋਂ ਪਹਿਲਾਂ ਹੀ ਜੋ ਮਰ ਜਾਂਦੇ ਨੇ।

ਭ੍ਰਿਸ਼ਟਾਚਾਰ ਦੀ ਆਦਤ ਜਿਨ੍ਹਾਂ ਨੂੰ ਪੈ ਜਾਂਦੀ,
ਉਹ ਤਾਂ ਪਸ਼ੂਆਂ ਦਾ ਚਾਰਾ ਵੀ ਚਰ ਜਾਂਦੇ ਨੇ।

ਜ਼ੁਲਮ-ਜਬਰ ਨੂੰ ਜੜ੍ਹੋਂ ਮਿਟਾਉਂਦੇ ਨੇ ਧਰਮੀ,
ਤੱਤੀ ਤਵੀ ਦੇ ਸੇਕ ਨੂੰ ਵੀ ਉਹ ਜਰ ਜਾਂਦੇ ਨੇ।

ਸਾਰੀ ਉਮਰ ਆਸਰਾ ਮਿਲ਼ੇ ਨਾ ਜਿਨ੍ਹਾਂ ਨੂੰ,
ਮਰਨ ਪਿੱਛੋਂ ਉਹ ਅਪਣੇ ਅਸਲੀ ਘਰ ਜਾਂਦੇ ਨੇ।

@ਨਵ ਸੰਗੀਤ@ ਉਹ ਜ਼ਿੰਦਾ ਰਹਿੰਦੇ ਅਜ਼ਲਾਂ ਤੱਕ
ਜੀਵਨ ਨੂੰ ਜੋ ਲੋਕਾਂ ਦੇ ਨਾਂ ਕਰ ਜਾਂਦੇ ਨੇ।

**ਪ੍ਰੋ. ਨਵ ਸੰਗੀਤ ਸਿੰਘ**
**9417692015.**

## ਮੈਂ ਰੁੱਖ ਬੋਲਦਾਂ

ਬੀਤੇ ਦਿਨੀਂ ਪੂਰੇ ਵਿਸਵ ਦੇ ਵਿੱਚ,
ਵਾਤਾਵਰਣ ਦਿਵਸ ਮਨਾਇਆ।
ਵੈਸੇ ਤਾਂ ਧਰਤੀ ਹਰੀ - ਭਰੀ ਹੈ,
ਪੌਦਾ ਪਹਿਲੇ ਪੰਨੇ ਤੇ ਲਾਇਆ।
ਅਖਬਾਰਾਂ ਦੇ ਵਿੱਚ ਮੰਤਰੀਆਂ ਨੇ,
ਖੁਸਖਬਰੀ ਦਾ ਢੋਲ ਵਜਾਇਆ।
ਪੌਦਾ ਇੱਕ ਵੀ ਲਾਇਆ ਨਹੀਓਂ,
ਬਸ ਫੋਟੋਆਂ ਵਿੱਚ ਜਤਾਇਆ।
ਜਿਉਂਦੀਆਂ ਰਹਿਣ ਸਾਹਿਤ ਸਭਾਵਾਂ,
ਰੁੱਖ ਲਾਕੇ ਜਿੰਨਾਂ ਫਰਜ ਨਭਾਇਆ।
ਹਨੇਰੀ ਨਾਲ ਮੈਂ ਡਿੱਗ ਪਿਆ ਸਾਂ,
ਚੱਕ ਕੇ ਆਰੇ ਵਿੱਚ ਚਿਰਾਇਆ।
ਸੋਸਲ ਮੀਡੀਆ ਵੀ ਹਰਾ ਹੋ ਗਿਆ,
ਓ ਅਸਾਂ ਇੰਨਾ ਜਸਨ ਮਨਾਇਆ।
ਛਾਂ ਤਾਂ ਗਗਨ ਸਿਆਂ ਹਰ ਵੇਲੇ ਭਾਲੇਂ,
ਪਰ ਬੰਦਿਆ ਬੂਟਾ ਇੱਕ ਨਾ ਲਾਇਆ।
ਕਿਸੇ ਗੁਲਾਬ ਦੇ ਫੁੱਲ ਵਾਂਗੂ ਅੱਜ,
ਪਿਆ ਵਾਤਾਵਰਣ ਕਮਲਾਇਆ।
ਨਾ ਰੁੱਖ ਤੇ ਨਾ ਪਾਣੀ ਮਿਲਦਾ,
ਓ ਪੰਛੀਆਂ ਮਾਰ ਮੁਕਾਇਆ।
ਕਿਸਨੂੰ ਆਖਾਂ ਪਾਣੀ ਪਾ ਦੇ,
ਅੱਜ ਸਭਨਾਂ ਨੇ ਰੰਗ ਵਟਾਇਆ।
ਮੈਂ ਦਿੰਦਾ ਰਹਿ ਗਿਆ ਠੰਡੀਆਂ ਛਾਵਾਂ,
ਅੱਜ ਸਭ ਨੇ ਮਿਲਕੇ ਲਾਂਬੂ ਲਾਇਆ।
ਛੱਡ ਦੇ ਖਹਿੜਾ ਮੋਟਰ ਗੱਡੀਆਂ,
ਕਿਉਂ ਹੈ ਪ੍ਰਦੂਸਣ ਫੈਲਾਇਆ।
ਓ ਉਮਰ ਤੇਰੀ ਸੌ ਟੱਪ ਜਾਣੀ,
ਜੇ ਸਾਈਕਲ ਅੱਜ ਭਜਾਇਆ।
ਮੈਨੂੰ ਅੱਗਾਂ ਲਾਕੇ ਸਾੜ ਦਿੰਦੇ ਨੇ,
ਅੱਜ ਐਸਾ ਭਾਣਾ ਬਣ ਆਇਆ।
ਤੈਂ ਐਸੀ ਬੰਦਿਆਂ ਮੌਤ ਹੈ ਮਰਨਾ,
ਜੇ ਨਾ ਵਾਤਾਵਰਣ ਬਚਾਇਆ।

**ਗਗਨ ਫੂਲ**
**ਸੰਪ: 75289-03512**

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 337

Website: www.preetnama.com Email preetnamausa@gmail.com

16 JAN TO 22 JAN, 2026



No body have time to watch TV Advertisement
No body have time to read Physical newspapers

## It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on
WhatsApp or email us. We will call you back.

**Contact immediately**

+1 201-312-4180,+1 917-328-8436

www.preetnama.com, www.preetnews.com
Email- preetnamausa@gmail.com